Digitized by Arya Samaj Foundation Chennai and eGangotri

ਪੰਜਾਬੀ ਨਾਰੀ ਸਾਹਿਤ ਅਧਿਐਨ ਸੀਰੀਜ਼ 3

ਨਾਰੀ-ਕਾਵਿ ਚਿੰਤਨ

ਅਰਵਿੰਦਰ ਪਾਲ ਕੌਰ

CC-0. In Public Domain. Gurukul Kangri Collection, Haridwar

maj Foundation Ch

ওরাঁ-ঐহে ভিক্ষু

মানবিতা পুস্ত ঞ্চ

ain. Gurukul Kangr

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

8267

Forwarded free of Cost, and with the
Compliments of Deptt of Education,
Govt. of India, New Delhi,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਨਾਰੀ ਸਾਹਿਤ ਅਧਿਐਨ ਸੀਰੀਜ਼—3

DONATION

ਨਾਰੀ-ਕਾਵਿ ਚਿੰਤਨ

8267

Forwarded free of Cost
Complimentary Copy
Govt. of India, New Delhi.

ਅਰਵਿੰਦਰ ਪਾਲ ਕੌਰ
ਐਮ.ਫ਼ਿਲ., ਪੀ-ਐਚ. ਡੀ.

ਵਾਰਿਸ ਸ਼ਾਹ ਫਾਉਂਡੇਸ਼ਨ
ਅਮ੍ਰਿਤਸਰ -143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

NARI-KAV CHINTAN

by

Dr. Arvinder Pal Kaur, M. Phil, Ph.D.
95-Kabir Park
P.O. Khalsa College
Amritsar-143002

ਮੁੱਲ : 60 ਰੁਪਏ

ਟਾਈਟਲ : ਵਿਮਲ ਤਿਵਾੜੀ

ਪ੍ਰਕਾਸ਼ਕ

ਵਾਰਿਸ ਸ਼ਾਹ ਫਾਉਂਡੇਸ਼ਨ
43, ਗੁਰੂ ਤੇਗ ਬਹਾਦਰ ਨਗਰ
ਡਾ. ਖਾਲਸਾ ਕਾਲਿਜ, ਅਮ੍ਰਿਤਸਰ-143002

ਛਾਪਕ

ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕ ਪੁਰਾ, ਅਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਰਪਣ

ਦਲੀਪ ਕੌਰ ਟਿਵਾਣਾ ਨੂੰ ਜਿਸ ਨੇ
ਜਾਗੀਰਦਾਰ ਮੁੱਲਾਂ ਦੇ ਸਿਕੰਜੇ
ਵਿਚ ਜਕੜੀ ਨਾਰੀ ਦੇ
ਜਜ਼ਬਿਆਂ ਨੂੰ
ਜ਼ਬਾਨ ਦਿੱਤੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸੇ ਕਲਮ ਤੋਂ

- ਪੰਜਾਬੀ ਸ੍ਵੈ-ਜੀਵਨੀ
- ਅੰਮ੍ਰਿਤਾ-ਪ੍ਰਭਜੋਤ ਕਾਵਿ
- ਆਧੁਨਿਕ ਪੰਜਾਬੀ ਨਾਰੀ ਕਾਵਿ
- ਮਨੂ ਸਿਮ੍ਰਤੀ ਤੇ ਨਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost, and with the
Compliments of Deptt of Education
Govt. of India, New Delhi

ਤਤਕਰਾ

—ਦੋ ਸ਼ਬਦ 7

1. ਮਹਿੰਦਰ ਕੌਰ ਗਿੱਲ ਦੀ ਕਾਵਿ ਰਚਨਾ : ਨਾਰੀ ਸੰਵੇਦਨਾ 9

ੳ. ਪ੍ਰਾਪਤ ਸਾਮਗ੍ਰੀ ਦਾ ਮੁੱਲਾਂਕਣ
ਅ. ਕਾਵਿ-ਰਚਨਾ ਦਾ ਅਧਿਐਨ
ੲ. ਸਥਾਪਨਾਵਾਂ

2. ਸ਼ਰਨ ਮੱਕੜ ਦੀ ਕਾਵਿ ਰਚਨਾ : ਨਾਰੀ ਸੰਵੇਦਨਾ 31

ੳ. ਪ੍ਰਾਪਤ ਸਾਮਗ੍ਰੀ ਦਾ ਮੁੱਲਾਂਕਣ
ਅ. ਕਾਵਿ-ਰਚਨਾ ਦਾ ਅਧਿਐਨ
ੲ. ਸਥਾਪਨਾਵਾਂ

3. ਕੁਲਦੀਪ ਕਲਪਨਾ ਦੀ ਕਾਵਿ-ਰਚਨਾ : ਨਾਰੀ ਸੰਵੇਦਨਾ 56

ੳ. ਪ੍ਰਾਪਤ ਸਾਮਗ੍ਰੀ ਦਾ ਮੁੱਲਾਂਕਣ
ਅ. ਕਾਵਿ-ਰਚਨਾਵਾਂ ਦਾ ਅਧਿਐਨ
ੲ. ਸਥਾਪਨਾਵਾਂ

4. ਨਵੀਨ ਇਸਤਰੀ-ਕਵੀਆਂ ਦੀ ਕਾਵਿ-ਰਚਨਾ : ਨਾਰੀ ਸੰਵੇਦਨਾ 74

ਮਨਜੀਤ ਟਿਵਾਣਾ, ਅਮਰ ਜਿਉਤੀ, ਮਨਜੀਤ ਪਾਲ, ਵਨੀਤਾ, ਪਾਲ ਕੌਰ, ਬਚਿੰਤ ਕੌਰ, ਕੁਲਦੀਪ ਗਿੱਲ

—ਸਿੱਟੇ ਤੇ ਸਥਾਪਨਾਵਾਂ 109

—ਸਹਾਇਕ ਪੁਸਤਕ ਸੂਚੀ 120

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੰਮਣ ਧੀਆਂ ਨੇਰ੍ਹੇ ਪੱਖੀਂ ਲੋਕਾਂ ਗੱਲ ਬਣਾਈ
ਮਾਂ ਮੇਰੀ ਨੇ ਦੱਸਿਆ ਕਿ ਮੈਂ ਚਾਨਣ ਪੱਖ ਦੀ ਜਾਈ
ਪੁੰਨਿਆ ਜਾਈ 'ਤੇ ਵੀ ਨਜ਼ਰਾਂ ਨੇਰ੍ਹੇ ਦੀਆਂ ਸਵੱਲੀਆਂ
ਸਈਓ ਨੀ ਮੈਂ ਰਿਸ਼ਮਾਂ ਲੱਭਣ ਚੱਲੀਆਂ ।

—ਕੁਲਦੀਪ ਕਲਪਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਸ਼ਬਦ

ਪੰਜਾਬੀ ਨਾਰੀ ਸਾਹਿਤ ਅਧਿਐਨ ਸੀਰੀਜ਼ ਦੇ ਅੰਤਰਗਤ **ਨਾਰੀ-ਕਾਵਿ ਚਿੰਤਨ** ਮੇਰੀ ਤੀਸਰੀ ਪੁਸਤਕ ਹੈ। ਪ੍ਰਥਮ ਪੁਸਤਕ ਵਿਚ ਮੈਂ ਇਸਤਰੀ-ਕਵੀਆਂ ਵਲੋਂ ਲਿਖੀਆਂ ਸ੍ਵੈ-ਜੀਵਨੀਆਂ **ਰਸੀਦੀ ਟਿਕਟ** (ਅੰਮ੍ਰਿਤਾ ਪ੍ਰੀਤਮ), **ਨੰਗੇ ਪੈਰਾਂ ਦਾ ਸਫ਼ਰ** (ਦਲੀਪ ਕੌਰ ਟਿਵਾਣਾ) ਅਤੇ **ਖ਼ਾਨਾ ਬਦੋਸ਼** (ਅਜੀਤ ਕੌਰ) ਸੰਬੰਧੀ ਅਧਿਐਨ ਪ੍ਰਸਤੁਤ ਕੀਤਾ ਸੀ; ਦੂਸਰੀ ਪੁਸਤਕ ਵਿਚ ਨਾਰੀ ਸੰਵੇਦਨਾ ਦੇ ਸਿੱਧਾਂਤਕ ਆਧਾਰਾਂ ਨੂੰ ਸਪੱਸ਼ਟ ਕਰਨ ਦੇ ਨਾਲ ਨਾਲ ਅੰਮ੍ਰਿਤਾ-ਪ੍ਰਭਜੋਤ ਕਾਵਿ ਦਾ ਵਿਸ਼ਲੇਸ਼ਣ ਮੁਲਾਂਕਣ ਕੀਤਾ ਸੀ। ਹਥਲੀ ਰਚਨਾ ਵਿਚ ਮੈਂ ਮਹਿੰਦਰ ਕੌਰ ਗਿੱਲ, ਸ਼ਰਨ ਮੱਕੜ ਅਤੇ ਕੁਲਦੀਪ ਕਲਪਨਾ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਇਲਾਵਾ ਕੁਝ ਹੋਰ ਨਵੀਨ ਇਸਤਰੀ-ਕਵੀਆਂ ਦੀਆਂ ਕਾਵਿ-ਰਚਨਾਵਾਂ ਦੀ ਪਰਖ-ਜੋਖ ਕੀਤੀ ਹੈ। ਮੇਰਾ ਅਧਿਐਨ-ਵਸਤੂ (object of study) ਪੰਜਾਬੀ ਨਾਰੀ ਕਾਵਿ ਹੈ ਅਤੇ ਅਧਿਐਨ-ਵਿਸ਼ੈ (subject of study) ਨਾਰੀ ਸੰਵੇਦਨਾ। ਅਧਿਐਨ-ਵਸਤੂ ਅਤੇ ਅਧਿਐਨ-ਵਿਸ਼ੈ ਵਿਚਕਾਰ ਅਸਾਂ ਇਕ ਸਮਤੋਲ ਸਥਾਪਿਤ ਕਰਨ ਦਾ ਉੱਦਮ ਕੀਤਾ ਹੈ।

ਇਹ ਠੀਕ ਹੈ ਕਿ ਮਹਿੰਦਰ ਕੌਰ ਗਿੱਲ, ਸ਼ਰਨ ਮੱਕੜ ਅਤੇ ਕੁਲਦੀਪ ਕਲਪਨਾ ਦੀਆਂ ਰਚਨਾਵਾਂ ਸੰਬੰਧੀ **ਨਾਰੀ-ਕਾਵਿ ਚਿੰਤਨ** ਵਿਚ ਨਿੱਠ ਕੇ ਚਰਚਾ ਹੋਈ ਹੈ ਅਤੇ ਨਵੀਨ ਇਸਤਰੀ-ਕਵੀਆਂ ਜਿਵੇਂ ਮਨਜੀਤ ਟਿਵਾਣਾ, ਅਮਰ ਜਿਉਤੀ, ਮਨਜੀਤ ਪਾਲ, ਵਨੀਤਾ, ਪਾਲ ਕੌਰ, ਬਚਿੰਤ ਕੌਰ ਅਤੇ ਕੁਲਦੀਪ ਗਿੱਲ ਆਦਿ ਲੇਖਿਕਾਵਾਂ ਸੰਬੰਧੀ ਅਧਿਐਨ ਨੂੰ ਓਨਾ ਵਿਸਥਾਰ ਨਹੀਂ ਮਿਲਿਆ। ਇਸ ਦਾ ਇਹ ਅਰਥ ਕਦਾਚਿਤ ਨਹੀਂ ਕਿ ਨਵੀਨ ਇਸਤਰੀ ਲੇਖਿਕਾਵਾਂ ਦੀਆਂ ਰਚਨਾਵਾਂ ਕਿਸੇ ਪੱਖੋਂ ਵੀ ਘੱਟ ਮਹੱਤਵ-ਪੂਰਣ ਹਨ। ਇਨ੍ਹਾਂ ਇਸਤਰੀ-ਕਵੀਆਂ ਦੀਆਂ ਰਚਨਾਵਾਂ ਸੰਬੰਧੀ ਵੀ ਨਿੱਠ ਕੇ ਚਰਚਾ ਹੋਣੀ ਚਾਹੀਦੀ ਹੈ। ਨਾਲ ਹੀ ਨਾਲ ਇਹ ਤੱਥ ਵੀ ਮਹੱਤਵਪੂਰਣ ਹੈ ਕਿ ਚਰਚਾ-ਅਧੀਨ ਇਸਤਰੀ-ਕਵੀਆਂ ਤੋਂ ਇਲਾਵਾ ਕੁਝ ਹੋਰ ਲੇਖਿਕਾਵਾਂ ਵੀ ਸਿਰਜਣਾ ਦੇ ਕਾਰਜ ਵਿਚ ਮਸਰੂਫ਼ ਹਨ। ਅਤੇ ਉਨ੍ਹਾਂ ਦੀ ਰਚਨਾ ਦਾ ਲੇਖਾ-ਜੋਖਾ ਇਸ ਅਧਿਐਨ ਦਾ ਭਾਗ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣ ਸਕਿਆ। ਫ਼ਿਲਹਾਲ ਘੱਟ ਵਿਸਥਾਰੇ ਗਏ ਜਾਂ ਗ਼ੈਰ ਹਾਜ਼ਿਰ ਰਹਿ ਗਏ ਨੂੰ ਮੇਰੀ ਸਮਰਥਾ ਦੀ ਸੀਮਾ ਵਜੋਂ ਸਵੀਕਾਰ ਕਰ ਲੈਣਾ ਚਾਹੀਦਾ ਹੈ। ਮੈਂ ਇਸ ਸਭ ਕੁਝ ਪ੍ਰਤਿ ਸੁਚੇਤ ਹਾਂ ਅਤੇ ਭਵਿੱਖ ਵਿਚ ਸੁਖਾਵਾਂ ਮਾਹੌਲ ਤੇ ਫੁਰਸਤ ਮਿਲਣ ਪਿੱਛੋਂ ਇਸ ਕੰਮ ਨੂੰ ਵੀ ਹੱਥ ਪਾਉਣ ਦੀ ਇੱਛਾ ਹੈ।

ਨਾਰੀ ਸੰਵੇਦਨਾ ਦੇ ਦ੍ਰਿਸ਼ਟੀਕੋਣ ਤੋਂ ਅਸਾਂ ਪੰਜਾਬੀ ਇਸਤਰੀ-ਕਵੀਆਂ ਦਾ ਵਿਸ਼ਲੇਸ਼ਣ-ਮੁੱਲਾਂਕਣ ਕੀਤਾ ਹੈ। ਹਥਲੀ ਪੁਸਤਕ ਵਿਚ ਅਸਾਂ ਨਾਰੀ ਸੰਵੇਦਨਾ ਦੇ ਸਿੱਧਾਂਤਕ ਆਧਾਰਾਂ ਨੂੰ ਇਸ ਲਈ ਦੁਬਾਰਾ ਸਪੱਸ਼ਟ ਨਹੀਂ ਕੀਤਾ ਕਿਉਂਕਿ ਇਹ ਸਭ ਕੁਝ **ਅੰਮ੍ਰਿਤਾ-ਪ੍ਰਭਜੋਤ ਕਾਵਿ** ਪੁਸਤਕ ਵਿਚ ਛਪ ਚੁੱਕਾ ਹੈ। ਦੋ ਪ੍ਰਮੁੱਖ ਇਸਤਰੀ-ਕਵੀਆਂ ਅੰਮ੍ਰਿਤਾ ਤੇ ਪ੍ਰਭਜੋਤ ਕੌਰ ਦੀ ਰਚਨਾ ਦੀ ਪਰਖ-ਜੋਖ ਵੀ ਪੁਸਤਕ ਨੰ. 2 ਵਿਚ ਸ਼ਾਮਿਲ ਹੋ ਚੁੱਕੀ ਹੈ। ਅਸਲ ਵਿਚ **ਪੰਜਾਬੀ ਨਾਰੀ ਸਾਹਿਤ ਅਧਿਐਨ ਸੀਰੀਜ਼** ਦੇ ਸਿਰਲੇਖ ਤਹਿਤ ਛਪ ਰਹੀਆਂ ਪੁਸਤਕਾਂ ਆਪਣੇ ਆਪ ਵਿਚ ਸੁਤੰਤਰ ਵੀ ਹਨ ਅਤੇ ਅਧਿਐਨ-ਵਸਤੂ ਅਤੇ ਪਹੁੰਚ ਦੀ ਸਾਂਝ ਸਦਕਾ ਇਕ ਦੂਸਰੇ ਨਾਲ ਗਹਿਰੇ ਰਿਸ਼ਤੇ ਵਿਚ ਬੱਝੀਆਂ ਹੋਈਆਂ ਵੀ। ਇਸ ਸਦਕਾ ਅਨੁਚਿਤ ਦੁਹਰਾਓ ਤੋਂ ਬਚਣ ਲਈ ਇਕ ਪੁਸਤਕ ਵਿਚ ਸ਼ਾਮਿਲ ਸਾਮਗ੍ਰੀ ਨੂੰ, ਦੂਸਰੀ ਵਿਚ ਲੋੜੀਂਦੀ ਹੋਣ ਦੇ ਬਾਵਜੂਦ, ਦੁਬਾਰਾ ਪੇਸ਼ ਨਹੀਂ ਕੀਤਾ ਗਿਆ।

ਪੰਜਾਬੀ ਨਾਰੀ ਸਾਹਿਤ ਅਧਿਐਨ ਸੀਰੀਜ਼ ਨੂੰ ਨਿੰਮ੍ਹਾ ਨਿੰਮ੍ਹਾ ਹੁੰਗਾਰਾ ਮਿਲਣਾ ਸ਼ੁਰੂ ਹੋ ਗਿਆ ਹੈ। ਇਸੇ ਹੁੰਗਾਰੇ ਸਦਕਾ ਹੀ ਮੈਂ ਇਸ ਪੰਧ ਉਪਰ ਤੁਰੀ ਜਾ ਰਹੀ ਹਾਂ। ਮੇਰੀ ਅਗਲੀ ਯੋਜਨਾ ਮਨੂ ਸਿਮ੍ਰਤੀ ਵਿਚ ਪੇਸ਼ ਨਾਰੀ ਸੰਬੰਧੀ ਕੀਮਤਾਂ ਦਾ ਜਾਇਜ਼ਾ ਲੈਣ ਦੀ ਹੈ।

ਅਰਵਿੰਦਰ ਪਾਲ ਕੌਰ (ਡਾ.)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਿੰਦਰ ਕੌਰ ਗਿੱਲ ਦੀ ਕਾਵਿ-ਰਚਨਾ : ਨਾਰੀ-ਸੰਵੇਦਨਾ

ਮਹਿੰਦਰ ਕੌਰ ਗਿੱਲ ਦਾ ਪ੍ਰਥਮ ਕਾਵਿ ਸੰਗ੍ਰਹਿ **ਕਾਤਰਾਂ** ਉੱਨੀ ਸੌ ਸਤੱਤਰ ਵਿਚ ਪ੍ਰਕਾਸ਼ਿਤ ਹੋਇਆ ਅਤੇ ਇਸ ਸੰਗ੍ਰਹਿ ਦੇ ਜਿਸ ਪੱਖ ਨੂੰ ਸਭ ਤੋਂ ਵਧੇਰੇ ਗੌਲਿਆ ਗਿਆ ਉਹ ਨਾਰੀ ਸੰਵੇਦਨਾ ਨਾਲ ਹੀ ਸੰਬੰਧਿਤ ਸੀ। ਹੁਣ ਤਕ ਉਸ ਨੇ ਤਿੰਨ ਕਾਵਿ ਸੰਗ੍ਰਹਿਆਂ ਦੀ ਰਚਨਾ ਕੀਤੀ ਹੈ ਜੋ ਇਸ ਪ੍ਰਕਾਰ ਹਨ :

ਕਾਤਰਾਂ, 1977.

ਹੁਣ ਤੂੰ ਸਾਲਗ੍ਰਾਮ ਨਹੀਂ, 1982.

ਹਵਾ ਠਹਿਰ ਗਈ, 1988.

ਇਨ੍ਹਾਂ ਤਿੰਨਾਂ ਪੁਸਤਕਾਂ ਵਿਚੋਂ ਉਸ ਦੀ ਪ੍ਰਥਮ ਪੁਸਤਕ ਨੂੰ ਸਿਰਜਣਾਤਮਕ ਲੇਖਿਕਾਂ ਅਤੇ ਆਲੋਚਕਾਂ ਵਲੋਂ ਵਧੇਰੇ ਭਰਵਾਂ ਹੁੰਗਾਰਾ ਮਿਲਿਆ। ਸਿਰਜਣਾਤਮਕ ਲੇਖਿਕਾਂ ਵਿਚੋਂ ਜਸਵੰਤ ਸਿੰਘ ਨੇਕੀ (ਭੂਮਿਕਾ), ਮਹੀਪ ਸਿੰਘ, ਜਸਵੰਤ ਸਿੰਘ ਕੰਵਲ, ਅਜੀਤ ਕੌਰ (ਨਾਗਮਣੀ) ਅਤੇ ਆਲੋਚਕਾਂ ਵਿਚੋਂ ਸਤਿੰਦਰ ਸਿੰਘ ਅਤੇ ਸੁਤਿੰਦਰ ਸਿੰਘ ਨੂਰ ਦੇ ਨਾਂ ਵਰਨਣਯੋਗ ਹਨ। **ਹੁਣ ਤੂੰ ਸਾਲਗ੍ਰਾਮ ਨਹੀਂ** ਅਤੇ **ਹਵਾ ਠਹਿਰ ਗਈ** ਪੁਸਤਕਾਂ ਦੇ ਰਿਵਿਊ ਵੀ ਵੱਖ ਵੱਖ ਪਤ੍ਰਿਕਾਵਾਂ ਜਿਵੇਂ **ਅਜੀਤ**, **ਪੰਜਾਬੀ ਟ੍ਰਿਬਿਊਨ**, **ਤਸਵੀਰ**, **ਆਰਸੀ**, **ਅਕਸ**, **ਪਾਰਸਮਣੀ**, **ਖੋਜ ਪੱਤ੍ਰਿਕਾ**, **ਸਮਦਰਸ਼ੀ**, **ਜਨ ਸਾਹਿਤ** ਅਤੇ **ਲੋਅ** ਆਦਿ ਵਿਚ ਪ੍ਰਕਾਸ਼ਿਤ ਹੋਏ ਹਨ। ਉਸ ਦੀਆਂ ਕਾਵਿ ਰਚਨਾਵਾਂ ਸੰਬੰਧੀ ਪ੍ਰਕਾਸ਼ਿਤ ਸਾਮਗ੍ਰੀ ਭਾਵੇਂ ਬਹੁਤ ਮਾਤਰਾ ਵਿਚ ਨਹੀਂ ਮਿਲਦੀ, ਤਾਂ ਵੀ ਲਗਭਗ ਹਰ ਚੰਗੀ ਪੱਤ੍ਰਿਕਾ ਅਤੇ ਗਿਣਵੇਂ ਚੁਣਵੇਂ ਆਲੋਚਕਾਂ ਵਲੋਂ ਉਸ ਦੀ ਰਚਨਾ ਨੂੰ ਗੌਲਿਆ ਜ਼ਰੂਰ ਗਿਆ ਹੈ। ਉਸ ਦੀਆਂ ਪੁਸਤਕਾਂ ਦੀਆਂ ਭੂਮਿਕਾਵਾਂ ਅਤੇ ਪੁਸਤਕਾਂ ਸੰਬੰਧੀ ਲਿਖੇ ਗਏ ਰਿਵਿਊਆਂ ਦੇ ਅਧਿਐਨ ਉਪਰੰਤ ਪਤਾ ਲਗਦਾ ਹੈ ਕਿ ਇਨ੍ਹਾ ਸਭਨਾਂ ਵਿਚ ਉਸ ਦੇ ਕਾਵਿ ਵਿਚਲੇ ਨਾਰੀ-ਸੰਵੇਦਨਾ ਨਾਲ ਸੰਬੰਧਿਤ ਪੱਖਾਂ ਬਾਰੇ ਥੋੜ੍ਹੀ ਬਹੁਤ ਚਰਚਾ ਜ਼ਰੂਰ ਹੋਈ ਹੈ। ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਿਵਿਊ ਜਾਂ ਭੂਮਿਕਾਵਾਂ ਨਮਸਕਾਰ ਜਾਂ ਤ੍ਰਿਸਕਾਰ ਅਤੇ ਲਾਗ ਜਾਂ ਲਗਾਓ ਦੀ ਭਾਵਨਾ ਦੇ ਤਹਿਤ ਵਿਚਰਣ ਦੀ ਬਜਾਏ ਵਿਸ਼ਲੇਸ਼ਣ ਨੂੰ ਆਪਣਾ ਆਧਾਰ ਬਣਾਉਂਦੀਆਂ ਹੋਈਆਂ ਕੁਝ ਸੂਤਰਾਂ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ। ਸਭ ਤੋਂ ਪਹਿਲਾ ਚਿੰਤਕ/ਕਵੀ ਜਿਸ ਨੇ ਉਸ ਦੀ ਕਾਵਿ-ਸਿਰਜਣਾ ਵਿਚਲੇ ਇਸ ਪੱਖ ਦੀ ਨਾ ਸਿਰਫ ਪਛਾਣਿਆਂ ਬਲਕਿ ਉਸਦੀ ਸਰਾਹਨਾ ਵੀ ਕੀਤੀ ਹੈ ਉਹ ਡਾ. ਜਸਵੰਤ ਸਿੰਘ ਨੇਕੀ ਹੈ। ਡਾ. ਨੇਕੀ ਨੇ **ਕਾਤਰਾਂ** ਪੁਸਤਕ ਦੇ ਮੁੱਢ ਵਿਚ "ਨੰਗਾ ਸੱਚ" ਦੇ ਸਿਰਲੇਖ ਅਧੀਨ ਮੁੱਲਵਾਨ ਟਿੱਪਣੀ ਕਰਦੇ ਹੋਏ ਲਿਖਿਆ ਹੈ :

> ਇਹ ਨੰਗਾ ਸੱਚ ਨਾਰੀ ਦੇ ਨਹੁੰਦਰੇ ਜਜ਼ਬਿਆਂ ਦੀ ਚਿਚਲਾਟ ਹੈ, ਜਿਸ ਦਾ ਮੂਹ ਮਮਤਾ ਨੇ ਸੀਤਾ ਹੋਇਆ ਹੈ। ਇਹ ਕਹਾਣੀ ਕਿਸੇ ਇਕੱਲੀ ਇਸਤਰੀ ਦੀ ਨਹੀਂ, ਕਿਸੇ ਵਿਆਪਕ ਵੇਦਨਾ ਦੀ ਦਾਸਤਾਨ ਹੈ।[1]

ਡਾ. ਨੇਕੀ ਦੀ ਇਸ ਟਿੱਪਣੀ ਵਿਚ ਕੁਝ ਮਹੱਤਵਪੂਰਨ ਨੁਕਤੇ ਸੰਕੇਤ ਰੂਪ ਵਿਚ ਵਿਦਮਾਨ ਹਨ। ਇਨ੍ਹਾਂ ਮਹੱਤਵਪੂਰਨ ਨੁਕਤਿਆਂ ਵੱਲ ਸੰਕੇਤ ਕਰਨ ਵਾਲੇ ਕੁੰਜੀ-ਸ਼ਬਦ ਇਹ ਹਨ "ਨਾਰੀ ਦੇ ਨਹੁੰਦਰੇ ਜਜ਼ਬਿਆਂ ਦੀ ਚਿਚਲਾਟ" "ਸੀਤਾ ਹੋਇਆ ਮੂੰਹ" ਅਤੇ "ਵਿਆਪਕ ਵੇਦਨਾ ਦੀ ਦਾਸਤਾਨ" ਆਦਿ। ਇਹ ਸ਼ਬਦ ਸਪੱਸ਼ਟ ਰੂਪ ਵਿਚ ਨਿਮਨ ਅੰਕਿਤ ਤੱਥਾਂ ਨੂੰ ਸਾਹਮਣੇ ਲਿਆਉਂਦੇ ਹਨ :

ੳ. ਨਾਰੀ ਲਈ ਉਸ ਦੇ ਆਲੇ ਦੁਆਲੇ ਦਾ ਮਾਹੌਲ ਨਾਖੁਸ਼ਗਵਾਰ ਹੈ। ਇਸ ਨਾਖੁਸ਼ਗਵਾਰ ਅਤੇ ਪ੍ਰਤਿਕੂਲ ਵਾਤਾਵਰਣ ਨੇ ਉਸ ਦੇ ਜਜ਼ਬਿਆਂ ਨੂੰ ਨਹੁੰਦਰਿਆ ਹੋਇਆ ਹੈ।

ਅ. ਇਸ ਨਾਖੁਸ਼ਗਵਾਰ ਮਾਹੌਲ ਵਿਚ ਨਾਰੀ ਭਾਵੇਂ ਕੁਝ ਉਭਾਸਰ ਨਹੀਂ ਰਹੀ ਪਰ ਕਵਿੱਤਰੀ ਇਨ੍ਹਾਂ ਨਹੁੰਦਰੇ ਜਜ਼ਬਿਆਂ ਨੂੰ ਕਾਵਿ-ਭਾਸ਼ਾ ਦੇ ਮਾਧਿਅਮ ਰਾਹੀ ਪ੍ਰਗਟ ਕਰਦੀ ਹੈ।

ੲ. ਇਹ ਨਹੁੰਦਰੇ ਜਜ਼ਬੇ ਉਸ ਦਾ ਨਿੱਜੀ ਰੋਣਾ-ਧੋਣਾ ਜਾਂ ਵੇਦਨਾ ਮਾਤਰ ਨਹੀਂ ਸਗੋਂ ਵਿਆਪਕ ਵੇਦਨਾ ਦੀ ਦਾਸਤਾਨ ਹਨ।

ਸਪੱਸ਼ਟ ਹੈ ਕਿ ਡਾ. ਨੇਕੀ ਦੀ ਇਹ ਟਿੱਪਣੀ ਆਪਣੇ ਅੰਦਰ ਵੱਡੇ ਅਰਥ ਸਮੋਈ ਬੈਠੀ ਹੈ। 1977 ਵਿਚ ਛਪੀ ਇਸ ਪੁਸਤਕ ਦੇ ਪ੍ਰਕਾਸ਼ਿਤ ਹੋਣ ਤੋਂ ਪਿੱਛੋਂ ਇਸ ਸੰਬੰਧੀ ਰਿਵਿਊਆਂ ਦੀ ਸ਼ਕਲ ਵਿਚ ਟਿੱਪਣੀ ਕਰਨ ਵਾਲਿਆਂ ਵਿਚ ਪ੍ਰਮੁੱਖ ਨਾਂ ਇਹ ਹਨ : ਸਤਿੰਦਰ ਸਿੰਘ, ਸੁਤਿੰਦਰ ਸਿੰਘ ਨੂਰ, ਮਹੀਪ ਸਿੰਘ, ਗੁਰਮਿੰਦਰਜੀਤ, ਜਸਵੰਤ ਸਿੰਘ ਕੰਵਲ, ਇਕਬਾਲ ਦੀਪ ਅਤੇ ਅਜੀਤ ਕੌਰ। ਇਨ੍ਹਾਂ ਦੁਆਰਾ **ਕਾਤਰਾਂ** ਸੰਗ੍ਰਹਿ ਸੰਬੰਧੀ ਕੀਤੀਆਂ ਗਈਆਂ ਕੁਝ ਟਿੱਪਣੀਆਂ ਇਸ ਪ੍ਰਕਾਰ ਹਨ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੳ. 'ਕਾਤਰਾਂ' ਮਹਿੰਦਰ ਕੌਰ ਗਿੱਲ ਦਾ ਪਹਿਲਾ ਕਾਵਿ ਸੰਗ੍ਰਹਿ ਹੈ। ਉਸ ਦੇ ਅੰਦਰ ਇਕ ਕਵੀ ਦਾ ਆਪਾ ਹੈ, ਜਿਸ ਦੀ ਚਿਰਾਂ ਤੋਂ ਮਹਿਸੂਸ ਹੁੰਦੀ ਵਿਲਕਣੀ ਅੱਖਰ-ਰੂਪ ਧਾਰ ਕੇ ਪ੍ਰਗਟ ਹੋਈ ਹੈ। ਇਹ ਵਿਲਕਣੀ ਉਸ ਨਾਰੀ-ਭਾਵਨਾ ਦੀ ਅਭਿਵਿਅਕਤੀ ਨਾਲ ਸੰਬੰਧਿਤ ਹੈ ਜੋ ਅੱਜ ਵੀ ਮਨੂੰ ਦੇ ਬਣਾਏ ਕਾਨੂੰਨ ਵਿਚ ਪਸੀਜੀ ਜਾ ਰਹੀ ਹੈ।[2]

ਅ. ਡਾ. ਮਹਿੰਦਰ ਕੌਰ ਗਿੱਲ ਆਪਣੇ ਪਲੇਠੇ ਕਾਵਿ-ਸੰਗ੍ਰਹਿ **ਕਾਤਰਾਂ** ਰਾਹੀਂ ਤਿੜਕੀ ਤਿੜਕੀ ਔਰਤ ਦੀ ਖੰਡਿਤ ਅਵਸਥਾ ਦੇ ਕਿਰਨਾਵੀਂ ਰੂਪ ਨੂੰ ਪੇਸ਼ ਕਰਦੀ ਹੈ। ਜਿਊਂਦੇ ਪਲ ਪਕੜਦੀ ਮਹਿੰਦਰ ਕੌਰ ਗਿੱਲ ਦੁੱਖਾ ਦੇ ਪਹਾੜ ਢੋਂਦੀ ਇਸਤਰੀ ਦੇ ਮਨ ਦੀ ਤਰਜਮਾਨੀ ਕਰਦੀ ਹੈ। ਲੀਰ ਕੂ ਜਿੰਨੀ ਨੂੰ ਮਾਂ ਜਿੱਬੇ ਲਾਏ ਉਹ ਲੱਗ ਜਾਂਦੀ ਹੈ ਅਤੇ ਖੇਡਣ ਵਾਲੇ ਲਈ ਉਹ ਖਿਡੌਣੇ ਤੋਂ ਵਧ ਅਹਿਮੀਅਤ ਨਹੀਂ ਰੱਖਦੀ।[3]

ੲ. ਇਸ ਪੁਸਤਕ **ਕਾਤਰਾਂ** ਦੇ 110 ਪੰਨਿਆਂ ਉਤੇ ਲੇਖਿਕਾ ਦੀਆਂ 36 ਕਵਿਤਾਵਾਂ ਅੰਕਿਤ ਹਨ ਜਿਹੜੀਆਂ ਇਸਤਰੀ ਮਨ ਦੀਆਂ ਮਹੱਤਵ-ਪੂਰਨ ਤੈਹਾਂ ਨੂੰ ਖੋਲ੍ਹਦੀਆਂ ਹਨ... ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਬਹੁਤੀਆਂ ਕਵਿਤਾਵਾਂ ਵਿਚ ਇਸਤਰੀ ਦੀ ਨਿਰਬਲਤਾ ਦਾ ਵਰਨਣ ਉਭਰਵਾਂ ਹੈ ਜਿਸ ਵਿਚ ਆਤਮ-ਕਰੁਣਾ ਦੀ ਸੁਰ ਉਚੇਰੀ ਸੁਣਾਈ ਦੇਂਦੀ ਹੈ।[4]

ਸ. ਡਾ. ਗਿੱਲ ਨੇ ਆਪਣੇ ਸੰਗ੍ਰਹਿ ਦੀ ਭੂਮਿਕਾ ਵਿਚ ਕਿਹਾ ਹੈ ਕਿ 'ਕਾਂਤਰਾਂ' ਤਿੜਕੀ ਹੋਈ ਔਰਤ ਦੀ ਖੰਡਿਤ ਚੇਤਨਾ ਦੇ ਕਿਰਨਾਵੀਂ ਰੂਪ ਨੂੰ ਪੇਸ਼ ਕਰਦੀ ਹੈ। ਕਵਿਤਰੀ ਦੇ ਇਸ ਦਾਅਵੇ ਦੀ ਪੁਸ਼ਟੀ ਕਰਨ ਵਾਲੀਆਂ ਕਈ ਚੰਗੀਆਂ ਕਵਿਤਾਵਾਂ ਇਸ ਸੰਗ੍ਰਹਿ ਵਿਚ ਹਨ।[5]

ਹ. ਕਾਤਰਾਂ ਦੀ ਕਵਿਤਾ ਨੂੰ ਮੈਂ ਸਤਰ ਸਤਰ ਪੜ੍ਹਿਆ ਹੈ: ਜੋ ਗੱਲ ਡਾ. ਨੋਕੀ ਜੀ ਨੇ ਮੁਖਬੰਦ ਵਿਚ ਆਖੀ ਹੈ ਉਹ ਨੰਗਾ ਸੱਚ ਹੈ, ਪਰ ਜ਼ਿੰਦਗੀ ਦਾ ਹਾਸਲ ਨਹੀਂ। ਕਾਤਰਾਂ ਦੀ ਸਾਰੀ ਕਵਿਤਾ ਜੀਵਨ ਪਾਉਣ ਲਈ ਹੀ ਇਕ ਹਕ ਹੈ, ਤਰਲਾ ਹੈ, 'ਨਾ ਮਿਲੇ' ਦਾ ਵੱਡਾ ਗਿਲਾ ਹੈ। ਪਰ ਕਵੀ ਮਨ ਵਿਚ ਜ਼ਿੰਦਗੀ ਦਾ ਅਹਿਸਾਸ ਜਾਗ ਹੀ ਨਹੀਂ ਚੁੱਕਾ, ਸਗੋਂ ਅੰਗੜਾਈ ਭਰਵਾਂ ਬਲਵਾਨ ਹੈ।[6]

ਇਨ੍ਹਾਂ ਟਿੱਪਣੀਆਂ ਨੂੰ ਗਹੁ ਨਾਲ ਦੇਖੀਏ ਤਾਂ ਇਨ੍ਹਾ ਵਿਚ **ਕਾਤਰਾਂ** ਪੁਸਤਕਾਂ ਦੀ ਭੂਮਿਕਾ ਵਿਚ ਡਾ. ਨੋਕੀ ਵਲੋਂ ਪੇਸ਼ ਕੀਤੇ ਗਏ ਸੂਤਰਾਂ ਵਿਚੋਂ ਕਿਸੇ ਨਾ ਕਿਸੇ ਵੱਲ ਇਸ਼ਾਰਾ ਜ਼ਰੂਰ ਹੈ। ਇਹ ਨੁਕਤਾ ਇਹੀ ਹੈ ਕਿ ਮਹਿੰਦਰ ਕੌਰ ਗਿੱਲ ਦੀ ਕਵਿਤਾ "ਨਾਰੀ ਦੇ ਨਹੁੰਦਰੇ ਜਜ਼ਬਿਆਂ ਦੀ ਚਿਚਲਾਟ" ਨੂੰ ਪੇਸ਼ ਕਰਦੀ ਹੈ। ਕਿਧਰੇ ਇਸ ਨੂੰ "ਤਿੜਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਿੜਕੀ ਔਰਤ ਦੀ ਖੰਡਿਤ ਅਵਸਥਾ" ਨੂੰ ਪੇਸ਼ ਕਰਨ ਵਾਲੀ ਕਵਿਤਾ ਕਿਹਾ ਗਿਆ ਹੈ। ਕਿਧਰੇ ਉਂਜ ਹੀ ਡਾ. ਨੇਕੀ ਦੀ ਟਿੱਪਣੀ ਨਾਲ ਸਹਿਮਤੀ ਪ੍ਰਗਟ ਕਰ ਦਿੱਤੀ ਗਈ ਹੈ। ਇਕ ਅਧਿਏਤਾ ਨੂੰ ਜਿੱਥੇ ਇਸ ਕਵਿਤਾ ਵਿਚ "ਇਸਤਰੀ ਦੀ ਨਿਰਬਲਤਾ ਦਾ ਉਭਰਵਾਂ ਵਰਣਨ ਤੇ ਆਤਮ-ਕਰੁਣਾ ਦੀ ਉਚੇਰੀ ਸੁਰ ਸੁਣਾਈ ਦਿੱਤੀ ਹੈ", ਉਥੇ ਦੂਸਰੇ ਨੇ ਇਸ ਵਿਚ "ਜ਼ਿੰਦਗੀ ਦੇ ਜਾਗੇ ਅਹਿਸਾਸ ਦੀ ਭਰਵੀਂ ਅੰਗੜਾਈ" ਮਹਿਸੂਸ ਕੀਤੀ ਹੈ। ਇੰਜ ਇਕ ਪਾਸੇ ਜਿਥੇ ਇਹ ਟਿੱਪਣੀਆਂ ਵਧੇਰੇ ਕਰਕੇ ਡਾ. ਨੇਕੀ ਵਲੋਂ ਕਹੀਆਂ ਹੋਈਆਂ ਗੱਲਾਂ ਨੂੰ ਸ਼ਬਦਾਂ ਦੇ ਹੇਰ-ਫੇਰ ਸਹਿਤ ਪੇਸ਼ ਕਰਦੀਆਂ ਹਨ, ਉਥੇ ਇਨ੍ਹਾਂ ਵਿਚੋਂ ਕੁਝ ਇਕ ਦੂਸਰੇ ਤੋਂ ਵਿਰੋਧੀ ਭਾਵਾਂ ਨੂੰ ਵੀ ਆਪਣੇ ਅੰਦਰ ਸਮੋਈ ਬੈਠੀਆਂ ਹਨ। ਸਤਿੰਦਰ ਸਿੰਘ ਵਲੋਂ ਪੇਸ਼ ਟਿੱਪਣੀ (ੳ) ਇਸ ਰਚਨਾ ਦੇ ਗਹਿਨ ਵਿਸ਼ਲੇਸ਼ਣ ਵੱਲ ਰੁਚਿਤ ਹੈ। ਉਸਨੇ ਇਹ ਆਖ ਕੇ ਕਿ "ਇਹ ਵਿਲਕਣੀ ਉਸ ਨਾਰੀ ਭਾਵਨਾ ਦੀ ਅਭਿਵਿਅਕਤੀ ਨਾਲ ਸੰਬੰਧਿਤ ਹੈ ਜੋ ਅੱਜ ਵੀ ਮਨੂੰ ਦੇ ਬਣਾਏ ਕਨੂੰਨ ਵਿਚ ਪਸੀਜੀ ਜਾ ਰਹੀ ਹੈ" ਇਸ ਰਚਨਾ ਵਿਚ ਪੇਸ਼ ਨਾਰੀ ਦੀ ਪਿੱਠਭੂਮੀ ਵਿਚ ਕੰਮ ਕਰਦੇ ਇਤਿਹਾਸਕ ਆਕਾਰਾਂ ਨੂੰ ਸਾਕਾਰ ਕੀਤਾ ਹੈ। ਵਿਸ਼ਲੇਸ਼ਣ ਤੇ ਉਦਾਹਰਣਾਂ ਸਹਿਤ ਨੁਕਤਿਆਂ ਨੂੰ ਪੁਸ਼ਟ ਕਰਨਾ ਇਸ ਟਿੱਪਣੀ ਦਾ ਖਾਸਾ ਹੈ।

ਹੁਣ ਤੂੰ ਸਾਲਗ੍ਰਾਮ ਨਹੀਂ ਪੁਸਤਕ ਦੀ ਭੂਮਿਕਾ ਵਜੋਂ ਦੋ ਵਿਦਵਾਨਾਂ ਹਰਿਭਜਨ ਸਿੰਘ ਅਤੇ ਤਰਲੋਕ ਸਿੰਘ ਕੰਵਰ ਦੇ ਕੁਝ ਸ਼ਬਦ ਅੰਕਿਤ ਹਨ। ਹਰਿਭਜਨ ਸਿੰਘ ਵਲੋਂ ਲਿਖੇ ਸ਼ਬਦ "ਇਸਤਰੀ ਤੇ ਕਵਿਤਾ" ਇਸਤਰੀਆਂ ਵਲੋਂ ਸਿਰਜੀ ਜਾ ਰਹੀ ਕਵਿਤਾ ਸੰਬੰਧੀ ਕੁਝ ਸੂਤਰਾਂ ਨੂੰ ਅਵੱਸ਼ ਪ੍ਰਗਟ ਕਰਦੇ ਹਨ ਪਰ ਇਨ੍ਹਾਂ ਦਾ ਸੰਬੰਧ ਸਿੱਧੇ ਰੂਪ ਵਿਚ ਚਰਚਾ ਅਧੀਨ ਲੇਖਿਕਾ ਦੀ ਕਵਿਤਾ ਨਾਲ ਨਹੀਂ। ਇਹ ਸਾਂਝੇ ਸੂਤਰ ਇਸ ਪ੍ਰਕਾਰ ਹਨ :

> ਸਾਡੇ ਅਜੋਕੇ ਸਭਿਆਚਾਰ ਵਿਚ ਮੁੱਠੀ ਭਰ ਕਵਿਤਰੀਆਂ ਇਤਿਹਾਸਕ ਮਹੱਤਵ ਵਾਲਾ ਰੋਲ ਅਦਾ ਕਰ ਰਹੀਆਂ ਹਨ। ਜੁਗਾਂ ਜੁਗਾਂ ਤੋਂ ਬੰਦ ਬੱਜਰ ਕਪਾਟਾਂ ਨੂੰ ਉਹ ਰਤਾ ਕੁ ਹੀ ਹਿਲਾ ਸਕੀਆਂ ਹਨ। ਮਾੜੀ ਮੋਟੀ ਝੀਥ ਥਾਣੀ ਤਾਜ਼ਾ ਹਵਾ ਦਾ ਨਿੱਕਾ ਜਿਹਾ ਬੁੱਲ੍ਹਾ ਹੀ ਉਹਨਾਂ ਕਮਾਇਆ ਹੈ ਆਪਣੇ ਲਈ। ਅਜੇ ਉਨ੍ਹਾਂ ਦੇ ਜੀਵਨ ਵਿਚ ਬੜਾ ਹੁੰਮਸ ਹੈ। ਅਜੇ ਲਗਾਤਾਰ, ਪੱਕੇ ਸਿਰੜ ਨਾਲ, ਲਗਨ ਨਾਲ, ਆਪਣੇ ਆਜ਼ਾਦ ਪੰਧ ਉਪਰ ਤੁਰੇ ਜਾਣ ਦੀ ਲੋੜ ਹੈ। ਏਸ ਕੰਮ ਨੂੰ ਬੂਰ ਪੈਣ ਵਿਚ ਸ਼ਾਇਦ ਇਕ ਸਦੀ ਜਿੰਨਾ ਵਕਤ ਲੱਗ ਜਾਵੇ। ਤਾਂ ਵੀ ਬੰਦੀਛੋੜ ਕੰਮ ਕਰਨ ਜੋਗ ਹੈ।[7]

ਇਸ ਟਿੱਪਣੀ ਤੋਂ ਸਪੱਸ਼ਟ ਹੈ ਕਿ ਇਹ ਮਹਿੰਦਰ ਕੌਰ ਗਿੱਲ ਦੇ ਕਾਵਿ-ਸੰਗ੍ਰਹਿ ਬਾਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਬਲਕਿ ਸਮੁੱਚੀਆਂ ਕਵਿਤਰੀਆਂ ਵਲੋਂ ਸਿਰਜੀ ਜਾ ਰਹੀ ਕਵਿਤਾ ਬਾਰੇ ਸਾਂਝੇ ਜਿਹੇ ਸੂਤਰ ਹਨ। ਨਾਲ ਹੀ ਨਾਲ ਭਵਿਖਾਰਥੀ ਦਿਸ਼ਾ ਲਈ ਇਹ ਇਕ ਸੁਝਾਅ ਵੀ ਹੈ, "ਲਗਾਤਾਰ ਸਿਰੜ ਤੇ ਲਗਨ ਨਾਲ ਆਜ਼ਾਦ ਪੰਧ ਉੱਪਰ ਤੁਰੇ ਰਹਿਣ ਦਾ।" ਆਰੰਭ ਵਿਚ ਦਰਜ ਇਨ੍ਹਾਂ ਸ਼ਬਦਾਂ ਵਿਚ ਸਵਾਗਤ ਵੀ ਇਸ ਇਕੱਲੀ ਰਚਨਾ ਦਾ ਨਹੀਂ ਬਲਕਿ "ਹਰ ਨਵੀਂ ਪੰਜਾਬੀ ਕਵਿਤਰੀ ਦੇ ਆਗਮਨ" ਦਾ ਹੈ। ਸੋ ਇਹ ਸੂਤਰ ਮੁੱਲਵਾਨ ਹੋਣ ਦੇ ਬਾਵਜੂਦ ਸਿੱਧੇ ਰੂਪ ਵਿਚ ਇਸ ਰਚਨਾ ਨਾਲ ਸੰਬੰਧਿਤ ਨਹੀਂ ਹਨ।

ਤਰਲੋਕ ਸਿੰਘ ਕੰਵਰ ਨੇ **ਹੁਣ ਤੂੰ ਸਾਲਗ੍ਰਾਮ ਨਹੀਂ** ਪੁਸਤਕ ਵਿਚ ਦਰਜ ਕਵਿਤਾਵਾਂ ਵਿਚੋਂ "ਮਿਥਕੀ ਮਾਨਸਿਕਤਾ" ਦੇ ਦੀਦਾਰ ਕਰਦੇ ਹੋਏ ਇਸ ਨੂੰ ਉਦਾਸੀਨਤਾ ਦਾ ਨਾਂ ਦਿੱਤਾ ਹੈ। ਉਸ ਅਨੁਸਾਰ "ਉਦਾਸੀਨਤਾ ਨੂੰ ਸਾਮੂਹਿਕ ਜ਼ਿੰਦਗੀ ਦੀ ਖੁਸ਼ਗਵਾਰੀ ਦੇ ਵਿਰੋਧ ਵਿਚ ਇਕੱਲੇ ਇਕਲੌਤੇ ਵਿਅਕਤੀ ਦੀ ਮਾਯੂਸੀ ਦੇ ਅਰਥਾਂ ਵਿਚ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ। ਸਾਮੂਹਿਕਤਾ ਤੋਂ ਨਿਰਾਸ਼ ਹੋ ਕੇ ਆਪਣੀ ਇਕੱਲ ਵਿਚ, ਉਦਾਸੀ ਵਿਚ ਉਤਰਨ ਦੀ ਭਾਵਨਾ ਅਜਿਹੀ ਮਿਥਕੀ ਮਾਨਸਿਕਤਾ ਦੇ ਚਰਿੱਤਰ ਨੂੰ ਨਿਸ਼ਚਿਤ ਕਰਦੀ ਹੈ।" ਕਈ ਥਾਵਾਂ ਉੱਪਰ ਉਸ ਨੂੰ ਇਹ ਕਵਿਤਾ 'ਉਦਾਸੀਨਤਾ, ਵਿਅਕਤੀਗਤ ਸੁਪਨ ਸੰਸਕਾਰ ਜਾਂ ਆਦਰਸ਼ਵਾਦੀ ਰੁਮਾਂਸ ਦੀ ਬੁੱਕਲ ਵਿਚ ਡੂੰਘੀ ਉਤਰ ਗਈ"[8] ਪ੍ਰਤੀਤ ਹੁੰਦੀ ਹੈ।

ਮਹਿੰਦਰ ਕੌਰ ਗਿੱਲ ਦੀ ਤੀਸਰੀ ਪੁਸਤਕ **ਹਵਾ ਠਹਿਰ ਗਈ** ਦੀ ਭੂਮਿਕਾ ਲਿਖਣ ਵਾਲੇ ਵਿਦਵਾਨ ਨੂੰ ਇਹ ਕਵਿਤਾ ਜ਼ਿੰਦਗੀ ਦਾ ਬੱਝਵਾਂ ਦ੍ਰਿਸ਼ (integrated vie)w ਪੇਸ਼ ਕਰਦੀ, "ਇਸਤਰੀ ਦੀ ਵਕਾਲਤ ਕਰਦੀ" ਅਤੇ ਜਨ ਸਾਧਾਰਣ ਦੀ ਪੀੜਾ ਤੋਂ ਲੈ ਕੇ ਰੇਪ ਹੋ ਚੁੱਕੀ ਔਰਤ ਦੀ ਦੁੱਖ ਦਰਦ ਨੂੰ ਹਮਦਰਦੀ ਨਾਲ ਬਿਆਨਣ ਵਾਲੀ ਕਵਿਤਾ ਪ੍ਰਤੀਤ ਹੁੰਦੀ ਹੈ।[9]

ਮਹਿੰਦਰ ਕੌਰ ਗਿੱਲ ਦੀ ਕਵਿਤਾ ਸੰਬੰਧੀ ਉਪਰੋਕਤ ਵੱਖ ਵੱਖ ਟਿੱਪਣੀਆਂ ਵਿਚੋਂ ਉਸ ਦੀ ਕਵਿਤਾ ਦਾ ਮੁਹਾਂਦਰਾ ਕਾਫ਼ੀ ਹਦ ਤੀਕ ਉਭਰ ਕੇ ਸਾਹਮਣੇ ਆ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਕਈ ਟਿੱਪਣੀਆਂ ਵਿਚ ਪਹਿਲੇ ਟਿੱਪਣੀਕਾਰ ਵਲੋਂ ਪੇਸ਼ ਸੂਤਰ ਨੂੰ ਹੀ ਸ਼ਬਦਾਂ ਦੇ ਹੇਰ ਫੇਰ ਨਾਲ ਪੇਸ਼ ਕੀਤਾ ਗਿਆ ਹੈ, ਕਈ ਵਿਸ਼ਲੇਸ਼ਣ ਤੋਂ ਵਿਛੁੰਨੀਆਂ ਮੁੱਲ-ਵਿਧਾਨਕ ਟਿੱਪਣੀਆਂ ਹੀ ਹਨ ਅਤੇ ਕਈ ਥਾਂ ਪਰਸਪਰ ਵਿਰੋਧੀ ਟਿੱਪਣੀਆਂ ਵੀ ਪ੍ਰਾਪਤ ਹਨ। ਏਥੇ ਇਕ ਗੱਲ ਸਪੱਸ਼ਟ ਹੈ ਕਿ ਉਸ ਦੀ ਕਵਿਤਾ ਸੰਬੰਧੀ ਵਧੇਰੇ ਪ੍ਰਤੀਕਰਮ ਸੰਕੇਤਕ ਰੂਪ ਹੀ ਪ੍ਰਾਪਤ ਹੈ। ਉਸ ਦੀ ਪ੍ਰਥਮ ਪੁਸਤਕ **ਕਾਤਰਾਂ** ਦੇ ਪ੍ਰਕਾਸ਼ਿਤ ਹੋਣ ਤੋਂ ਲੈ ਕੇ ਹੁਣ ਤਕ ਲਗਭਗ ਬਾਰਾਂ ਵਰ੍ਹਿਆਂ ਦਾ ਵਕਫ਼ਾ ਹੈ ਜਿਸ ਦੌਰਾਨ ਉਸ ਨੇ ਦੋ ਹੋਰ ਕਾਵਿ-ਸੰਗ੍ਰਹਿਆਂ ਦੀ ਰਚਨਾ ਵੀ ਕੀਤੀ ਹੈ ਪਰ ਅਜੇ ਤੀਕ ਉਸ ਦੀ ਕਵਿਤਾ ਦੇ ਸਮੁੱਚੇ ਮਹਾਂਦ੍ਰਿਸ਼, ਉਸ ਦੀ ਜੀਵਨ-ਦ੍ਰਿਸ਼ਟੀ (vision of life) ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪ-ਦ੍ਰਿਸ਼ਟੀ (vision of form) ਨੂੰ ਪਕੜਨ ਅਤੇ ਉਸ ਦੀ ਕਵਿਤਾ ਬਾਰੇ ਕੋਈ ਬੱਝਵੀਂ ਰਾਇ ਪੇਸ਼ ਕਰਨ ਵਾਲਾ ਮਜ਼ਮੂਨ ਨਹੀਂ ਲਿਖਿਆ ਗਿਆ । ਲੇਖਿਕਾ ਨੇ ਖ਼ੁਦ ਇਕ ਮਜ਼ਮੂਨ 'ਦਿੱਲੀ ਦੀਆਂ ਲੇਖਿਕਾਵਾਂ ਦੀ ਪੰਜਾਬੀ ਸਾਹਿਤ ਨੂੰ ਦੇਣ''[10] ਵਿਚ ਲਿਖਿਆ ਹੈ ਪਰ ਉਸ ਵਿਚ ਉਸਨੇ ਇਕ ਪ੍ਰਚਲਿਤ ਰਵਾਇਤ ਜਾਂ ਸੰਕੋਚ ਦੇ ਅਧੀਨ ਵਿਚਰਦਿਆਂ ਆਪਣੇ ਬਾਰੇ ਕੁਝ ਕਹਿਣ ਤੋਂ ਗੁਰੇਜ਼ ਹੀ ਕੀਤਾ ਹੈ। ਹਾਂ ਉਸਦੀ ਪੁਸਤਕ **ਅੰਤਰ ਮੁਖੀ** ਵਿਚ ਇਕ "ਮੇਰਾ ਇੰਟਰਵਿਊ" ਦਰਜ ਹੈ ਜਿਸ ਨਾਲ ਵਾਕਫ਼ੀ ਪਾਉਣ ਤੋਂ ਪਿੱਛੋਂ ਉਸ ਵਿਚੋਂ ਕੁਝ ਮੁੱਲਵਾਨ ਅੰਤਰ-ਦ੍ਰਿਸ਼ਟੀਆਂ ਗ੍ਰਹਿਣ ਕੀਤੀਆਂ ਜਾ ਸਕਦੀਆਂ ਹਨ। ਇਹ ਟਿੱਪਣੀਆਂ ਮਹਾਂਨਗਰ ਵਿਚ ਵਿਚਰ ਰਹੀ ਨਾਰੀ ਦੇ ਦਮ ਘੁਟਵੇਂ ਚੌਗਿਰਦੇ ਅਤੇ ਉਸਦੇ ਆਲੇ ਦੁਆਲੇ ਪਸਰੇ ਹੋਏ ਦਮਨਸ਼ੀਲ ਮੁੱਲਾਂ ਵੱਲ ਭਰਵੇਂ ਸੰਕੇਤ ਕਰਦੀਆਂ ਹਨ :

ੳ. ਮੈਨੂੰ ਬੜੀ ਸ਼ਿਦਤ ਨਾਲ ਅਹਿਸਾਸ ਹੋਇਆ ਹੈ, ਸਾਡਾ ਦੇਸ਼ ਕਿੰਨੀ ਵੀ ਤਰੱਕੀ ਕਰ ਜਾਏ, ਅਸੀਂ ਕਿਸੇ ਵੀ ਰੁਤਬੇ ਉਤੇ ਪਹੁੰਚ ਜਾਈਏ ਪਰ ਸਾਡਾ ਇਸਤਰੀ ਪ੍ਰਤਿ ਰਵੱਈਆ ਅਜੇ ਵੀ ਸਦੀਆਂ ਪੁਰਾਣਾ ਹੀ ਹੈ। ਇਸਤਰੀ ਕੇਵਲ ਇਸਤਰੀ ਹੈ। ਉਸ ਦੀ ਸੁਤੰਤਰ ਹੋਂਦ ਨੂੰ ਸਾਡੇ ਅਵਚੇਤਨ ਨੇ ਕਦੇ ਵੀ ਨਹੀਂ ਸਵੀਕਾਰਿਆ। ਅਸੀਂ ਇਸਤਰੀ-ਮਰਦ ਨੂੰ ਸਦੀਆਂ ਪੁਰਾਣੇ ਇਕੋ ਸੰਬੰਧ ਵਿਚ ਵੇਖਦੇ ਹਾਂ। ਇਸਤਰੀ ਦੀ ਸਹਿਕਾਰੀ ਮਿੱਤਰਤਾ, ਸਭਿਆਚਾਰਕ ਮਿੱਤਰਤਾ ਤੇ ਬੌਧਿਕ ਮਿੱਤਰਤਾ ਲਈ ਅਜੇ ਵੀ ਸਾਡੇ ਦਰਵਾਜ਼ੇ ਬੰਦ ਹਨ। ਸਾਡੀ ਵਿਆਪਕ ਸਭਿਆਚਾਰਕ ਹਵਾ ਵਿਚ ਮੈਂ ਵੀ ਇਕ ਨਿਗੂਣੀ ਜਿਹੀ ਸ਼ੈਅ ਸਾਂ ਜਿਸ ਦੇ ਪੱਲੇ ਜਾਂ ਘਰ ਸੀ ਤੇ ਜਾਂ ਕੰਮ। ਨੌਕਰੀ ਤਾਂ ਮੇਰਾ ਪੇਸ਼ਾ ਸੀ।[11]

ਅ. ਅਜੀਬ ਹੁੰਮਸ ਸੀ ਮੇਰੇ ਅੰਦਰ। ਤੇ ਅਖੀਰ ਉਹ ਕਵਿਤਾ ਦਾ ਰੂਪ ਧਾਰ ਕੇ ਬਾਹਰ ਆ ਗਿਆ। ਇਸ ਤਰ੍ਹਾਂ ਮੇਰੀ ਕਿਤਾਬ 'ਕਾਤਰਾਂ' ਕਵਿਤਾ (ਪਹਿਲੀ) ਦੀ ਸੀ। ਮੈਨੂੰ ਅਜ ਵੀ ਇਸੇ ਤਰ੍ਹਾਂ ਪ੍ਰਤੀਤ ਹੁੰਦਾ ਹੈ, ਸਾਡੇ ਵਿਆਪਕ ਸਭਿਆਚਾਰ ਵਿਚ ਕੰਮ ਕਾਜੀ ਇਸਤਰੀ ਦੀ ਹੋਂਦ ਇਕ ਕੱਤਰ ਮਾਤਰ ਈ ਏ। ਜਿੰਨੀ ਚਾਹੇ ਨਿੰਦਾ ਕਰ ਲਉ ਜਿਵੇਂ ਜੀਅ ਬਦਨਾਮ ਕਰ ਲਉ। ਜਦੋਂ ਜੀਅ ਚਾਹੇ ਟਾਕੀ ਵਾਂਗ ਗੰਢ ਲਉ, ਸੁਹਣੇ ਨਮੂਨੇ ਵਾਂਗ ਸਜਾ ਲਉ।[12]

ੲ. ਕਵਿਤਾ ਤਾਂ ਮੇਰੀ ਭਾਵੁਕਤਾ ਨੂੰ ਜ਼ਬਾਨ ਦੇਂਦੀ ਹੈ। ਮੇਰੇ ਅੰਦਰਲੇ ਤਣਾਉ ਨੂੰ, ਮੇਰੀ ਚੇਤਨਾ ਨੂੰ, ਮੇਰੀ ਅੰਦਰਲੀ ਹੁੰਮਸ ਨੂੰ, ਜਿਹਨੂੰ ਮੈਂ ਕਿਸੇ ਹੋਰ ਤਰ੍ਹਾਂ ਜ਼ਬਾਨ ਨਹੀਂ ਦੇ ਸਕਦੀ।[13]

ਸ. ਇਸਤ੍ਰੀ ਲੇਖਕ ਹੋਣ ਦੇ ਨਾਤੇ ਮੇਰਾ ਅਨੁਭਵ ਸੁਖਾਵਾਂ ਨਹੀਂ। ਅਜੀਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨਾਚਾਰ ਹੈ, ਸਾਡੀ ਵਰਤਮਾਨ ਸਥਿਤੀ ਵਿਚ। ਕਿਸੇ ਦੇ ਕੰਮ ਬਾਰੇ ਬਿਨਾਂ ਪੜ੍ਹੇ ਹੀ ਜੋ ਮਰਜ਼ੀ ਹੈ, ਕਹਿ ਲਉ। ਜਿਸ ਹਦ ਤਕ ਕਹਿ ਲਉ। ਜਿਸ ਨਾਲ ਮਰਜ਼ੀ ਤੁਲਨਾ ਕਰ ਲਉ, ਇਸ ਦੀ ਕੋਈ ਪੁੱਛ ਪੜਤਾਲ ਨਹੀਂ। ਤੇ, ਇਹੀ ਗੱਲ ਲਾਗੂ ਹੁੰਦੀ ਹੈ ਇਸਤ੍ਰੀ ਲੇਖਕਾਂ ਦੇ ਚਰਿਤਰ ਬਾਰੇ। ਪੰਜਾਬੀ ਸਾਹਿਤ ਵਿਚ ਕੰਮ ਕਰਨ ਵਾਲੀ ਹਰ ਇਸਤ੍ਰੀ ਕੋਹੜੇ, ਨਿਗੂਣੇ ਵਿਸ਼ੇਸ਼ਣਾਂ ਨਾਲ ਯਾਦ ਕੀਤੀ ਜਾ ਰਹੀ ਹੈ। ਇਸਤ੍ਰੀ ਵਿਸ਼ੇਸ਼ ਦੁਆਰਾ ਰਚੇ ਗਏ ਸਾਹਿਤ ਦੀ ਗੱਲ ਬਾਅਦ ਵਿਚ ਹੁੰਦੀ ਹੈ ਤੇ ਉਸ ਦੇ ਚਰਿਤਰ ਦਾ ਮੁਲੰਕਣ ਪਹਿਲਾਂ। ਮੇਰੇ ਮੁਆਮਲੇ ਵਿਚ ਇਸਤ੍ਰੀ ਹੋਣ... ਨੇ ਮੈਨੂੰ ਹਾਂ-ਮੁਖ ਅਨੁਭਵ ਨਹੀਂ ਹੋਣ ਦਿੱਤਾ, ਇਕ ਦੂਸ਼ਿਤ ਹਵਾ ਮੇਰੇ ਨਾਲ ਨਾਲ ਹੀ ਚਲਦੀ ਰਹੀ ਹੈ ਤੇ ਉਸ ਤੋਂ ਪੈਦਾ ਹੋਈ ਪੀੜ ਵੀ।[14]

ਮਹਿੰਦਰ ਕੌਰ ਗਿੱਲ ਵਲੋਂ ਆਪਣੀ ਕਾਵਿ ਸਿਰਜਣਾ ਪਿੱਛੇ ਕਾਰਜਸ਼ੀਲ ਵਾਤਾਵਰਣ, ਸਿਸਟਮ, ਅਤੇ ਕਾਵਿ ਸਿਰਜਣਾ ਦੇ ਪ੍ਰੇਰਨਾ-ਸੋਮਿਆਂ ਸੰਬੰਧੀ ਪੇਸ਼ ਇਨ੍ਹਾਂ ਟਿੱਪਣੀਆਂ ਨੂੰ ਮਹਿਜ਼ ਲੇਖਿਕਾ ਦੇ ਜੀਵਨੀ-ਮੂਲਕ ਵੇਰਵੇ ਆਖ ਕੇ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਹ ਠੀਕ ਹੈ ਕਿ ਕਿਸੇ ਲੇਖਕ/ਲੇਖਿਕਾ ਦੀ ਸਾਹਿਤ-ਰਚਨਾ ਉਸਦੀ ਸ਼ਖਸੀਅਤ ਤੋਂ ਪਾਰ ਫੈਲਦੀ ਹੈ ਪਰ ਉਸ ਨੂੰ ਲੇਖਕ/ਲੇਖਿਕਾ ਦੇ ਜੀਵਨ ਨਾਲੋਂ ਅਸਲੋਂ ਵਿਜੋਗ ਲੈਣਾ ਵੀ ਉਚਿਤ ਨਹੀਂ ਹੁੰਦਾ। ਅਸੀਂ ਲੇਖਕ/ਲੇਖਿਕਾ ਦੇ ਜੀਵਨ ਅਨੁਭਵ ਤੇ ਉਸ ਦੀ ਸਿਰਜਣਾ ਵਿਚਾਲੇ ਅਨੁਪਾਤੀ ਸੰਬੰਧ ਮਿਥਣ ਦੇ ਹਾਮੀ ਨਹੀਂ ਅਤੇ ਨਾ ਹੀ ਸਾਡੀ ਇਹ ਧਾਰਣਾ ਹੈ ਕਿ ਲੇਖਕ/ਲੇਖਿਕਾ ਦੇ ਜੀਵਨ ਸੰਬੰਧੀ ਕੁਝ ਵੇਰਵੇ ਕਲਪਿਤ ਕਰਕੇ ਜਾਂ ਉਸ ਸੰਬੰਧੀ ਵਾਤਾਵਰਣ ਵਿਚ ਫੈਲੀਆਂ ਕੁਝ ਕੁ ਰਾਵਾਂ ਦੇ ਆਧਾਰ ਉੱਪਰ ਉਸ ਦੀ ਰਚਨਾ ਸੰਬੰਧੀ ਨਿਰਣੇ ਦੇਣੇ ਚਾਹੀਦੇ ਹਨ। ਅਜਿਹੇ ਨਿਰਣਿਆਂ ਨੂੰ ਅਧਿਐਨ ਕਾਰਜ ਦੀ ਬੁਨਿਆਦ ਵਜੋਂ ਵਰਤਣ ਅਤੇ ਕਿਸੇ ਲੇਖਕ/ਲੇਖਿਕਾ ਦੀ ਸਮੁੱਚੀ ਸਿਰਜਣਾ ਨੂੰ ਉਸ ਉੱਪਰ ਘਟਾਅ ਦੇਣ ਨਾਲ ਹਮੇਸ਼ਾਂ ਗੁਮਰਾਹ-ਕੁਨ ਸਿੱਟੇ ਹੀ ਨਿਕਲਦੇ ਹਨ। ਪਰ, ਇਸ ਦੇ ਉਲਟ ਉਸਦੇ ਕਾਵਿ-ਸੰਸਾਰ ਨੂੰ ਇਕ ਬੰਦ-ਸੰਸਾਰ (close world) ਵਜੋਂ ਗ੍ਰਹਿਣ ਕਰਨ ਨਾਲ ਵੀ ਬਹੁਤ ਕੁਝ ਦੇ ਅਣਗੌਲੇ ਤੇ ਅਣਘੋਖੇ ਰਹਿਣ ਦੀ ਸੰਭਾਵਨਾ ਹੁੰਦੀ ਹੈ। ਇਸੇ ਧਾਰਣਾ-ਤਹਿਤ ਹੀ ਉਪਰੋਕਤ ਟਿੱਪਣੀਆਂ ਨੂੰ ਲੇਖਿਕਾ ਦੀ ਕਾਵਿ ਦੀ ਪ੍ਰਕਿਰਤੀ ਦੀ ਪਹਿਚਾਣ ਲਈ ਮਹੱਤਵ ਪ੍ਰਦਾਨ ਕਰਨ ਦੀ ਲੋੜ ਹੈ। ਇਸ ਲਈ ਇਨ੍ਹਾਂ ਟਿੱਪਣੀਆਂ ਵਿਚੋਂ ਕੁਝ ਸੂਤਰ ਨਿਤਾਰਣੇ ਅਨੁਚਿਤ ਨਹੀਂ ਹਨ :

ੳ. ਸਾਡੇ ਸਮਾਜ ਵਿਚ ਇਸਤਰੀ ਪ੍ਰਤਿ ਰਵੱਈਆ ਪਰੰਪਰਾਗਤ ਹੀ ਹੈ ਅਤੇ ਇਸ ਪਰੰਪਰਾਗਤ ਰਵੱਈਏ ਸਦਕਾ ਹੀ ਉਸ ਦੀ ਸੁਤੰਤਰ ਹੋਂਦ ਨੂੰ ਨਹੀਂ ਪਛਾਣਿਆ ਜਾਂਦਾ। ਇਸਤਰੀ ਨੂੰ ਵੇਖਣ ਲਈ ਸਾਡੇ ਪਾਸ ਇਕਾਂਗੀ ਵੇਖਣ ਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦ੍ਰਿਸ਼ਟੀ ਹੀ ਹੈ ਤੇ ਉਹ ਹੈ ਪ੍ਰੇਮਿਕਾ, ਮਸ਼ੂਕ, ਰਖੇਲ ਜਾਂ ਕਾਮ-ਵਸਤੂ ਵਜੋਂ

ਅ. ਕੰਮ-ਕਾਜੀ ਤੇ ਪੜ੍ਹੀ ਲਿਖੀ ਔਰਤ ਲਈ ਮਾਹੌਲ ਖੁਸ਼ਗੁਆਰ ਨਹੀਂ। ਉਸ ਨੂੰ ਕਈ ਕਿਸਮ ਦੀਆਂ ਊਜਾਂ ਤੇ ਦੂਸ਼ਣਾਂ ਨੂੰ ਸਹਿਣਾ ਪੈਂਦਾ ਹੈ। ਉਸ ਦੇ ਚਰਿਤਰ-ਮੁਲਾਂਕਣ ਵੇਲੇ ਸਮਾਜ ਦਾ ਪ੍ਰਚਲਿਤ ਵਿਹਾਰ ਹਮੇਸ਼ਾਂ ਨਾਂਹ-ਪੱਖੀ ਵਤੀਰਾ ਹੀ ਅਪਨਾਉਂਦਾ ਹੈ।

ੲ. ਆਲੇ ਦੁਆਲੇ ਦੇ ਅਣਸੁਖਾਵੇਂ ਵਾਤਾਵਰਣ ਅਤੇ ਵਿਆਪਕ ਦੂਸ਼ਿਤ ਸਭਿਆਰਕ ਹਵਾ ਨੇ ਉਸ ਅੰਦਰ ਇਕ ਅਜੀਬ ਕਿਸਮ ਦੀ ਹੁੰਮਸ ਤੇ ਤਨਾਉ ਨੂੰ ਜਨਮ ਦਿੱਤਾ ਹੈ ਜਿਸ ਵਿਚੋਂ ਉਸ ਦੀ ਕਾਵਿ-ਰਚਨਾ ਦਾ ਉਦੈ ਹੋਇਆ ਹੈ।

ਸ. ਇਹ ਵਿਆਪਕ ਦੂਸ਼ਿਤ ਸਭਿਆਚਾਰਕ ਹਵਾ ਸਿਰਫ਼ ਉਸ ਲਈ ਹੀ ਦੂਸ਼ਿਤ ਨਹੀਂ ਬਲਕਿ ਹਰ ਕੰਮ-ਕਾਜੀ ਇਸਤਰੀ ਲਈ ਸੰਕਟ ਤੇ ਤਨਾਉ ਦਾ ਕਾਰਣ ਹੈ। ਖਾਸ ਕਰਕੇ ਉਸ ਸਥਿਤੀ ਵਿਚ ਵਧੇਰੇ, ਜਦੋਂ ਉਹ ਲੇਖਿਕਾ ਵੀ ਹੋਵੇ।

ਏਥੇ ਅਸੀਂ ਮਹਿੰਦਰ ਕੌਰ ਗਿੱਲ ਦੀਆਂ ਸ੍ਵੈ-ਜੀਵਨੀ ਮੂਲਕ ਟਿੱਪਣੀਆਂ ਦੇ ਆਧਾਰ ਉੱਪਰ ਕੱਢੇ ਸਿੱਟਿਆਂ ਨੂੰ ਉਸ ਦੀ ਕਾਵਿ-ਸਿਰਜਣਾ ਉੱਪਰ ਅਰੋਪਿਤ ਨਹੀਂ ਕਰ ਰਹੇ ਸਗੋਂ ਇਸ ਰਾਹੀਂ ਉਸ ਦੇ ਅਨੁਭਵ-ਦਾਇਰਿਆਂ ਦੀ ਪਛਾਣ ਕਰਨ ਵੱਲ ਯਤਨਸ਼ੀਲ ਹਾਂ। ਅਸੀ ਦੇਖਣਾ ਹੈ ਕਿ ਕਿਵੇਂ ਇਹ ਸਭ ਕੁਝ ਉਸ ਦੀ ਕਾਵਿ-ਸਿਰਜਣਾ ਵਿਚੋਂ ਉਦੈ ਹੁੰਦਾ ਹੈ। ਉਸ ਦੀਆਂ ਕਵਿਤਾਵਾਂ ਵਿਚੋਂ ਸਹਿਜ ਰੂਪ ਵਿਚ ਗੁਜ਼ਰ ਜਾਣ ਤੋਂ ਬਾਅਦ ਪਹਿਲੀ ਗੱਲ ਜਿਹੜੀ ਧਿਆਨ ਖਿੱਚਦੀ ਹੈ ਉਹ ਇਹ ਹੈ ਕਿ ਉਹ ਪਰੰਪਰਾਗਤ ਢੰਗ ਦੀ ਇਸ਼ਕੀਆ ਸ਼ਾਇਰੀ ਵੱਲ ਰੁਚਿਤ ਨਹੀਂ। ਉਸਨੇ ਅੰਮ੍ਰਿਤਾ ਪ੍ਰੀਤਮ ਦੀ ਮੁੱਢਲੇ ਦੌਰ ਜਾਂ ਆਜ਼ਾਦੀ ਤੋਂ ਪਹਿਲਾਂ ਦੀ ਸ਼ਾਇਰੀ ਵਾਂਗ ਪ੍ਰੀਤ ਦੇ ਵਿਭਿੰਨ ਦ੍ਰਿਸ਼ਾਂ ਜਿਵੇਂ ਪ੍ਰੇਮੀ ਦੀ ਯਾਦ, ਮੇਲ ਦੀ ਇੱਛਾ, ਮੇਲ ਦਾ ਆਨੰਦ, ਬਿਰਹੋਂ ਦੀ ਤੜਪ ਆਦਿ ਨੂੰ ਆਪਣੀ ਸਿਰਜਣਾ ਦਾ ਕੇਂਦਰੀ ਧੁਰਾ ਨਹੀਂ ਬਣਾਇਆ। ਉਹ ਮਹਾਂਨਗਰ ਵਿਚ ਵਿਚਰਦੀ ਇਕ ਪੜ੍ਹੀ ਲਿਖੀ ਕੰਮ-ਕਾਜੀ ਨਾਰੀ ਦੇ ਜੀਵਨ ਅੰਦਰ ਤੇ ਉਸਦੇ ਜੀਵਨ-ਦੁਆਲੇ ਪੱਸਰੇ ਤਨਾਉ ਨੂੰ ਪਕੜਣ ਦਾ ਉੱਦਮ ਕਰਦੀ ਹੈ। ਇਸ ਤਨਾਉ ਨੂੰ ਉਹ ਸੰਦਰਭ-ਰਹਿਤ ਸਾਮਾਨਯ ਨਾਰੀ-ਅਨੁਭਵ ਦੇ ਰੁਖ ਘੱਟ ਤੋਰਦੀ ਹੈ। ਉਹ ਤਾਂ ਇਕ ਵਿਸ਼ੇਸ਼ ਭਾਂਤ ਦਾ ਸਮਾਜਕ ਪੱਧਰ ਜੀਊ ਰਹੀ ਪੜ੍ਹੀ ਲਿਖੀ ਨਾਰੀ ਦੇ ਜੀਵਨ ਦੁਆਲੇ ਉਲੀਕੀ ਤਨਾਉ-ਰੇਖਾ ਨੂੰ ਪੂਰੀ ਗਹਿਰਾਈ ਨਾਲ ਰੂਪਮਾਨ ਕਰਨ ਦਾ ਉੱਦਮ ਕਰਦੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਰਮਾਏਦਾਰੀ ਨਿਜ਼ਾਮ ਵਿਚ ਵਿਚਰ ਰਹੀ ਪੜ੍ਹੀ ਲਿਖੀ ਤੇ ਜ਼ਹੀਨ ਔਰਤ ਉਸ ਦੀ ਰਚਨਾ ਦਾ ਅਜਿਹਾ ਸੰਦਰਭ ਹੈ ਜਿਸ ਵਿਚੋਂ ਉਸ ਦੀ ਰਚਨਾ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਿਸ਼ਾ ਵੀ ਪ੍ਰਾਪਤ ਹੁੰਦੀ ਹੈ ਅਤੇ ਗਹਿਰਾਈ ਵੀ। ਇੰਜ ਇਹ ਸ਼ਾਇਰੀ ਅਜਿਹੀ ਨਾਰੀ ਦੇ ਮਾਨਸਿਕ ਤਨਾਉ ਨੂੰ ਗਹਿਰਾਈ ਨਾਲ ਪਕੜਣ ਵਾਲੀ ਸ਼ਾਇਰੀ ਹੈ, ਕੁਝ ਕੁ ਸਥਾਪਤ ਧਾਰਨਾਵਾਂ ਜਾਂ ਨਿਸ਼ਚਿਤ ਤੇ ਪਰੰਪਰਾਗਤ ਭਾਂਤ ਦੇ ਵਿਚਾਰਾਂ ਦਾ ਸੰਗ੍ਰਹਿ ਨਹੀਂ। ਇਸੇ ਲਈ ਡਾ. ਨੇਕੀ ਨੇ ਉਸ ਦੇ ਪ੍ਰਥਮ ਕਾਵਿ-ਸੰਗ੍ਰਹਿ **ਕਾਤਰਾਂ** ਦੇ ਮੁੱਖਬੰਦ ਵਿਚ ਅਜਿਹੀ ਕਾਵਿਕ ਟਿੱਪਣੀ ਪੇਸ਼ ਕੀਤੀ ਹੈ ਕਿ ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਇਕ ਸੂਲੀ-ਚੜ੍ਹੇ ਸੱਚ ਦੀ ਵਿਆਖਿਆ ਕਰਦੀਆਂ ਹਨ—ਇਕ ਵਿਰੋਧਾਭਾਸੀ ਸੱਚ—ਵਰ ਤੇ ਸਰਾਪ, ਅੰਮ੍ਰਿਤ ਤੇ ਬਿਖ, ਭੋਗ ਤੇ ਅਭੋਗ, ਨੇਮ ਤੇ ਅਨੇਮ, ਹਿੰਮਤ ਤੇ ਲਾਚਾਰੀ, ਇਕੋ ਵਕਤ ਜਿਊਂਦੇ ਤੇ ਜ਼ਿੰਦਗੀ ਵਿਚ ਸਿਰਜਨਾ ਦੀ ਸੰਭਾਵਨਾ ਜਗਾਉਂਦੇ ਹਨ।"[15] ਇਕ ਪੜ੍ਹੀ ਲਿਖੀ ਤੇ ਜ਼ਹੀਨ ਔਰਤ ਆਪਣੇ ਆਲੇ ਦੁਆਲੇ ਪੱਸਰੇ ਦੂਸ਼ਿਤ ਵਾਤਾਵਰਣ ਨੂੰ ਵੇਖਦੀ ਹੈ ਤਾਂ ਉਸ ਦਾ ਆਪਾ ਹੁੰਮਸ ਨਾਲ ਭਰ ਜਾਂਦਾ ਹੈ। ਇਕ ਪਾਸੇ ਆਜ਼ਾਦੀ, ਸੁਤੰਤਰਤਾ ਤੇ ਬਰਾਬਰੀ ਦਾ ਜੀਵਨ ਜੀਊਣ ਦੀ ਲੋਚਾ ਅਤੇ ਦੂਸਰੇ ਪਾਸੇ ਸਾਮੂਹਿਕਤਾ ਦਾ ਵਿਹਾਰ ਉਸ ਦੀ ਸਥਿਤੀ ਨੂੰ ਪਲ ਪਲ ਤਨਾਉਸ਼ੀਲ ਬਣਾਉਂਦੇ ਹਨ। ਇਸ ਤਨਾਉ ਵਿਚੋਂ ਉਸ ਦੀ ਕਵਿਤਾ ਦਾ ਸਮੁੱਚਾ ਮਾਹੌਲ, ਮੁਹਾਵਰਾ ਅਤੇ ਉਸ ਪ੍ਰਤਿ ਉਸ ਦੀ ਦ੍ਰਿਸ਼ਟੀ ਜਨਮ ਲੈਂਦੀ ਹੈ। ਇਹ ਅਸਲੋਂ ਵੱਖਰੀ ਦ੍ਰਿਸ਼ਟੀ ਸਾਨੂੰ ਸਾਡੇ ਆਲੇ-ਦੁਆਲੇ ਨੂੰ ਇਕ ਵੱਖਰੀ ਤੇ ਨਵੇਕਲੀ ਤਰ੍ਹਾਂ ਵੇਖਣ ਅਤੇ ਇਸ ਸੰਬੰਧੀ ਗੰਭੀਰ ਵਿਚਾਰ ਕਰਨ ਦਾ ਸੁਨੇਹਾ ਦੇਂਦੀ ਹੈ।

ਨਾਰੀ ਪ੍ਰਤਿ ਸਾਡੇ ਸਮਾਜਕ ਚੌਗਿਰਦੇ ਵਿਚ ਫੈਲੇ ਅਨਾਚਾਰ ਤੋਂ ਇਲਾਵਾ ਜਿਹੜੀ ਗੱਲ ਨਾਰੀ ਦੇ ਮਾਨਸਿਕ ਤਨਾਉ ਵਿਚ ਵਾਧਾ ਕਰਦੀ ਹੈ, ਉਹ ਹੈ ਉਸ ਦਾ ਪਰਿਵਾਰਿਕ ਵਾਤਾਵਰਣ। ਪਤੀ ਦੀ ਸਰਦਾਰੀ ਵਾਲੇ ਇਸ ਵਾਤਾਵਰਣ ਵਿਚ ਨਿਰਾਦਰ ਤੇ ਤ੍ਰਿਸਕਾਰ ਉਸ ਦੇ ਸੰਗੀ-ਸਾਥੀ ਬਣਦੇ ਹਨ। ਘਰ ਦਾ ਕੰਮ ਕਰਨ, ਨੌਕਰੀ ਕਰਨ, ਬੱਚੇ ਜੰਮਣ ਤੇ ਪਾਲਣ, ਤਨਖਾਹ ਦਾ ਹਿਸਾਬ ਕਿਤਾਬ ਦੇਣ ਅਤੇ ਪਤੀ ਦੀ ਸੇਵਾ ਤੇ ਫਰਮਾਬਰਦਾਰੀ ਨੂੰ ਨਾਰੀ ਨੂੰ ਪਰਮ-ਧਰਮ ਸਮਝਣਾ ਪੈਂਦਾ ਹੈ। ਅਜਿਹੀ ਨਾਇਨਸਾਫੀ ਭਰਪੂਰ ਜ਼ਿੰਦਗੀ ਵਿਚ ਸਿਰ ਸੁੱਟ ਕੇ ਦਿਨ-ਕੱਟਣ ਤੋਂ ਸਿਵਾਏ ਨਾਰੀ ਪਾਸ ਕੋਈ ਚਾਰਾ ਨਹੀਂ ਹੁੰਦਾ। ਇਨ੍ਹਾਂ ਦੋਹਰੇ-ਤੀਹਰੇ ਦਬਾਵਾਂ ਵਿਚ, ਜੀ ਰਹੀ ਕਿਸੇ ਸੰਵੇਦਨਸ਼ੀਲ ਨਾਰੀ ਲਈ, ਗਿੱਲ ਦੇ ਕਹਿਣ ਮੁਤਾਬਕ ਕਵਿਤਾ ਰਾਹੀਂ ਆਪਣੀ ਭਾਵੁਕਤਾ (ਦਰਅਸਲ ਇਹ ਭਾਵੁਕਤਾ ਨਹੀਂ ਸਗੋਂ ਵਸਤੂ-ਸਥਿਤੀ ਦਾ ਬੇਬਸੀ ਭਰਿਆ ਪ੍ਰਗਟਾਵਾ ਹੁੰਦਾ ਹੈ) ਅਤੇ ਹੁੰਮਸ ਨੂੰ ਪ੍ਰਗਟਾਉਣ ਤੋਂ ਸਿਵਾਏ ਹੋਰ ਚਾਰਾ ਵੀ ਕੀ ਹੁੰਦਾ ਹੈ ? ਆਪਣੀ ਇਸ ਬੇਬਸੀ ਵਿਚੋਂ ਭਟਕਣਾ ਨੂੰ ਜਨਮ ਦੇ ਕੇ ਆਪਣੇ ਪਰਿਵਾਰਾਂ ਨੂੰ ਢਾਹ-ਢੇਰੀ ਕਰ ਲੈਣਾ ਇਸ ਦਾ ਹੱਲ ਕਦਾਚਿਤ ਨਹੀਂ ਹੈ। ਇਸ ਲਈ ਤਾਂ ਸਰਮਾਏਦਾਰੀ ਨਿਜ਼ਾਮ ਦੀਆਂ ਉਨ੍ਹਾਂ ਭੈੜਾਂ ਨੂੰ ਸਮਝਣ ਤੇ ਬਦਲਣ ਦੀ ਜ਼ਰੂਰਤ ਹੈ ਜਿਹੜੀਆਂ ਇਕ ਨਾਰੀ ਦਾ ਜੀਊਣਾ ਦੁਭਰ ਕਰਦੀਆਂ ਹਨ। ਅਜਿਹੀਆਂ ਸਥਿਤੀਆਂ ਜਿਹੜੀਆਂ ਇਕ ਨਾਰੀ ਨੂੰ ਦੋਹਰੇ-ਤੀਹਰੇ ਦਬਾਵਾਂ ਹੇਠ ਪੀਸਦੀਆਂ ਤੇ ਉਸ ਦੀ ਮਾਨਸਿਕਤਾ ਨੂੰ ਸੰਕਟਮਈ ਬਣਾਉਂਦੀਆਂ ਹਨ ਉਨ੍ਹਾਂ ਦੇ ਦ੍ਰਿਸ਼ ਇਸ ਕਵਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਬਹੁਤ ਥਾਈਂ ਪੇਸ਼ ਹੋਏ ਹਨ। ਜੇਕਰ ਸਿਲਸਿਲੇਵਾਰ ਵੇਖਿਆ ਜਾਵੇ ਤਾਂ ਕਵਿਤਰੀ ਨੇ ਨਾਰੀ ਨਾਲ ਸਮਾਜ ਵਿਚ ਮੁੱਢ ਕਦੀਮ ਤੋਂ ਹੁੰਦੇ ਭੇਦ ਭਾਵ ਨੂੰ ਵੀ ਪਛਾਣਿਆਂ ਹੈ। ਨੌਕਰੀ ਕਰਦੀ ਨਾਰੀ ਦੀਆਂ ਮਜਬੂਰੀਆਂ, ਉਸ ਦੇ ਤੁਹਮਤਾਂ ਭਰਪੂਰ ਚੌਗਿਰਦੇ ਅਤੇ ਫਲਸਰੂਪ ਪੈਦਾ ਹੋਣ ਵਾਲੀ ਤਨਾਉਸ਼ੀਲ ਮਨੋਸਥਿਤੀ ਨੂੰ ਵੀ ਬੜੀ ਬਾਰੀਕੀ ਨਾਲ ਪੇਸ਼ ਕੀਤਾ ਹੈ। **ਕਾਤਰਾਂ** ਵਿਚ ਉਸ ਨੇ ਇਸ "ਭੇਦ" ਦਾ ਸ਼ਿਕਾਰ ਨਾਰੀ ਦੀ ਵੇਦਨਾ ਨੂੰ ਇਕ ਪ੍ਰਸ਼ਨ-ਚਿੰਨ੍ਹ ਦੇ ਰੂਪ ਵਿਚ ਇਉਂ ਪੇਸ਼ ਕੀਤਾ ਹੈ :

ਕਦੀਮੀ ਭੇਦ
ਜੋ ਤੀਵੀਂ ਤੇ ਮਰਦ ਜ਼ਾਤ
ਵਿਚ ਚਲਿਆ ਆ ਰਿਹਾ ਹੈ
ਉਸ ਨੂੰ ਕੌਣ ਮਿਟਾਵੇਗਾ ? [16]

ਔਰਤ ਦੇ ਜਜ਼ਬਾਤ ਅਤੇ ਮਾਨਸਿਕ ਉਲਝਣ ਨੂੰ ਪੇਸ਼ ਕਰਦਾ ਇਹ ਪ੍ਰਸ਼ਨ ਕਿਧਰੇ ਕਿਧਰੇ ਆਸ਼ਾਵਾਦੀ ਸੁਰ ਵੀ ਧਾਰਣ ਕਰਦਾ ਹੈ :

ਅਖ਼ੀਰ ਆ ਹੀ ਜਾਏਗਾ
ਨਾਰੀ 'ਤੇ ਇਤਕਾਦ
ਨਾਰੀ ਦੇ ਜਿਊਣ ਦਾ ਮੁਕਾਮ[17]

ਕਈ ਥਾਂ ਇਹ ਪ੍ਰਸ਼ਨ ਨਾਰੀ ਨੂੰ ਪ੍ਰਾਪਤ ਅਖੌਤੀ ਅਜ਼ਾਦੀ ਦਾ ਮੂੰਹ ਚਿੜਾਉਂਦਾ ਹੋਇਆ ਉਸ ਦੀ ਜ਼ਿੰਦਗੀ ਦੀ ਕਠੋਰ ਅਸਲੀਅਤ ਨੂੰ ਸਾਹਮਣੇ ਲਿਆਉਂਦਾ ਹੈ। ਦਿਸਦੇ ਦੀ ਅਸਲੀਅਤ ਨੂੰ ਸਾਹਮਣੇ ਲਿਆਉਣ ਦੀ ਇਹ ਵਿਧੀ ਵਿਅੰਗਮਈ ਹੈ ਜਿਹੜੀ ਹਕੀਕਤ ਦੇ ਅਣਦਿਸਦੇ ਪੱਖਾਂ ਉੱਪਰ ਰੌਸ਼ਨੀ ਪਾਉਂਦੀ ਹੈ :

ਅਸੀਂ ਆਜ਼ਾਦ ਹਾਂ
ਜਾਲੇ ਦੀ ਉਸ ਤਾਰ ਵਾਂਗ
ਜਿਹਨੂੰ ਹਵਾ ਛੱਤ ਨਾਲੋਂ
ਲਾਹ ਸੁਟਦੀ ਏ
ਤੇ ਉਹ ਅੱਧ ਵਿਚਕਾਰ ਹੀ
ਲਟਕਦੀ ਰਹਿੰਦੀ ਏ
ਮਰਜ਼ੀ—
ਕੀ ਮਤਲਬ ?
ਹਾਲਤ ਤੇ ਕਰਮ 'ਚ ਬੱਝੀ ਹੋਂਦ
ਡੰਡੀ ਨਾਲ ਬੱਝੀ ਤੰਦ ਏ
ਜਿਸ ਨੂੰ ਇਕ ਤੋਂ ਦੂਜੇ ਸਿਰੇ ਬੰਨਿਆ ਜਾਂਦੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਕਦੀ ਪਾਸਕੂ ਦਾ ਪਾਸਾ ਵੀ
ਬਦਲ ਲਿਆ ਜਾਂਦੈ
ਸਮਤੋਲ ਰੱਖਣ ਲਈ ।[18]

ਨਾਰੀ ਦੀ ਬੇਬਸੀ ਭਰਪੂਰ ਜ਼ਿੰਦਗੀ ਨੂੰ ਉਸ ਨੇ ਬਹੁਤ ਸਾਰੀਆਂ ਕਵਿਤਾਵਾਂ ਵਿਚ ਪੇਸ਼ ਕੀਤਾ ਹੈ। ਇਕ ਹੋਰ ਛੋਟੀ ਨਜ਼ਮ "ਕੋਈ ਪੁੱਛਦਾ ਏ" ਵਿਚ ਉਹ ਨਾਰੀ ਦੀ ਹੋਂਦ ਨੂੰ "ਖਿੱਦੋ" ਦੇ ਪ੍ਰਤੀਕ ਰਾਹੀਂ ਕਾਵਿਕ ਪ੍ਰਗਟਾਵਾ ਦੇਂਦੀ ਹੈ। ਉਸਦੀ ਇਹ ਕਵਿਤਾ ਸਾਡੀਆਂ ਉਨ੍ਹਾਂ ਗ਼ਲਤ ਸਮਾਜਕ ਕਦਰਾਂ-ਕੀਮਤਾਂ ਨੂੰ ਉਘਾੜਦੀ ਹੈ ਜਿਨ੍ਹਾ ਵਿਚ ਨਾਰੀ ਦੀ ਮਰਜ਼ੀ ਨੂੰ ਉੱਕਾ ਹੀ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ ਭਾਵੇਂ ਉਹ ਪੜ੍ਹੀ ਲਿਖੀ ਹੋਵੇ ਜਾਂ ਅਨਪੜ੍ਹ। ਇਹ ਕਵਿਤਾ ਚਿਹਨ ਦੀ ਬਜਾਏ ਪ੍ਰਤੀਕ ਦੀ ਪੱਧਰ ਉਪਰ ਵਿਚਰਦੀ ਹੈ, ਸਤਹੀ ਕਥਨਾਂ ਦੀ ਬਜਾਏ ਗੁੱਝਾ ਢੰਗ-ਤਰੀਕਾ ਅਪਣਾਉਂਦੀ ਹੈ, ਇਸੇ ਲਈ ਇਹ ਵਧੇਰੇ ਪ੍ਰਭਾਵਸ਼ਾਲੀ ਵੀ ਹੈ :

ਖਿਦੋ ਦੀ ਮਰਜ਼ੀ ਕੋਈ ਪੁੱਛਦਾ ਏ ?
ਬੱਸ ਰੋੜ੍ਹ ਦਿੱਤੀ ਜਾਂਦੀ ਏ
ਬਿਨਾਂ ਪੁੱਛੇ ਬਿਨਾਂ ਦੱਸੇ
ਅਨਜਾਣੇ ਰਾਹਾਂ 'ਤੇ
ਰਾਹ ਦੀ ਪਛਾਣ ਜੇ ਕਰ ਲਵੇ
ਤਾਂ ਉਹਦੇ ਨਾਲ
ਉਸਦੀ ਆਲ-ਔਲਾਦ ਵੀ
ਤਾਰਦੀ ਰਹਿੰਦੀ ਏ
ਪਛਾਣ ਦਾ ਮੁੱਲ [19]

ਇਹ ਅਤੇ ਅਜਿਹੀਆਂ ਹੋਰ ਕਈ ਕਵਿਤਾਵਾਂ ਨਾਰੀ ਦੀ ਵਸਤੂ-ਸਥਿਤੀ ਉਪਰ ਲੇਖਿਕਾ ਦੀ ਪੱਕੀ-ਪੀਡੀ ਪਕੜ ਦਾ ਪ੍ਰਗਟਾਵਾ ਹਨ। ਇਨ੍ਹਾਂ ਵਿਚ ਉਹ ਆਪਣੇ ਆਲੇ-ਦੁਆਲੇ ਪ੍ਰਤਿ "ਕੁਝ ਸੋਚਣ", "ਕੁਝ ਕਰਨ" ਦਾ ਸੁਨੇਹਾ ਵੀ ਦੇਂਦੀ ਹੈ। ਸੋਚਣ ਲਈ ਮਜਬੂਰ ਕਰਨ ਵਾਲੀ ਇਹ ਸ਼ਾਇਰੀ ਫੋਕੀ ਭਾਵੁਕਤਾ ਦਾ ਸ਼ਿਕਾਰ ਨਹੀਂ, ਸਮਾਜਕ-ਸੂਝ ਦੀ ਬੁਨਿਆਦ ਉੱਪਰ ਖਲੋਤੀ ਹੋਈ ਹੈ।

ਸਾਡੇ ਇਸ ਸਮਾਜ ਵਿਚ, ਜਿਸ ਵਿਚ ਅਸੀਂ ਫੋਕੇ ਨਾਅਰਿਆਂ ਦੀ ਪੱਧਰ ਉੱਪਰ ਨਾਰੀ ਦੀ ਆਜ਼ਾਦੀ ਦੀ ਗੱਲ ਕਰਦੇ ਹਾਂ, ਅਨਪੜ੍ਹ ਦੀ ਤਾਂ ਗੱਲ ਛੱਡੋ ਇਕ ਪੜ੍ਹੀ ਲਿਖੀ ਔਰਤ ਵੀ ਗਲਤ ਸਮਾਜਕ ਰੀਤਾਂ, ਪਰੰਪਰਾਵਾਂ, ਤੇ ਸੰਸਕਾਰਾਂ ਦੇ ਦਾਬੇ ਅਧੀਨ ਜੀਵਨ ਬਸਰ ਕਰਨ ਲਈ ਮਜਬੂਰ ਹੋ ਰਹੀ ਹੈ। ਉਸ ਦੇ ਜਜ਼ਬੇ ਇਸੇ ਲਈ ਹੁੰਮਸ ਤੇ ਪੀੜਾ ਦਾ ਸ਼ਿਕਾਰ ਹਨ ਕਿਉਂਕਿ ਜ਼ਮਾਨੇ ਦੇ ਬਦਲ ਜਾਣ ਦੇ ਬਾਵਜੂਦ ਸਮਾਜ ਨੇ ਉਸ ਪ੍ਰਤਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪਣਾ ਦ੍ਰਿਸ਼ਟੀਕੋਣ ਨਹੀਂ ਬਦਲਿਆ। ਸਮਾਜ ਦੇ ਇਸ ਪਰਪਰਾਗਤ ਵਤੀਰੇ ਨੇ ਸਾਡੀ ਪਰਿਵਾਰਿਕ ਤੇ ਸਭਿਆਚਾਰਕ ਹਵਾ ਨੂੰ ਦੂਸ਼ਿਤ ਕੀਤਾ ਹੋਇਆ ਹੈ। ਇਸੇ ਸਦਕਾ ਹੀ ਉਸ ਨੂੰ ਪੁਰਸ਼ ਦੇ ਬਰਾਬਰ ਕੰਮ ਕਰਨ ਦੇ ਬਾਵਜੂਦ ਲੇਖਾ ਦੇਣਾ ਪੈਂਦਾ ਹੈ। ਸ਼ੱਕ-ਭਰਪੂਰ ਤੇ ਅਧੀਨਗੀ-ਭਰੇ ਵਾਤਾਵਰਣ ਵਿਚ ਸਾਹ ਲੈ ਰਹੀ ਸੰਵੇਦਨਸ਼ੀਲ ਨਾਰੀ ਦੀ ਵੇਦਨਾ ਦਾ ਵਿਡੰਬਣਾ ਭਰਪੂਰ ਚਿਤਰਣ ਇਸ ਕਾਵਿ ਵਿਚ ਹੋਇਆ ਹੈ। ਮਿਸਾਲ ਵਜੋਂ ਨਿਮਨ ਅੰਕਿਤ ਪੰਗਤੀਆਂ ਦਾ ਅਧਿਐਨ ਕਰਨਾ ਉਚਿਤ ਹੋਵੇਗਾ :

ਪੈਸਾ ਕਮਾਉਂਦੀ
ਪਰ ਲੇਖਾ ਦੇਂਦੀ
ਨੌਕਰੀ ਕਰਨੀ
ਪਰ ਵਕਤ ਦਾ ਹਿਸਾਬ ਅਤੀ ਜ਼ਰੂਰੀ
ਕੰਮ ਕਰ ਕਰ ਬਿਮਾਰ
ਸ਼ੱਕ ਦਾ ਸ਼ਿਕਾਰ
ਅਣਚਾਹੇ ਸਾਥ
ਚਾਹਤ ਤੋਂ ਦੂਰ
ਜ਼ਿੰਦਗੀ ਨੂੰ ਧੱਕਾ ਦੇ ਰਹੀ ਹੈ
ਹੈ ਕੋਈ ਬੋਲ
ਸਹਿਲਾਉਣ ਵਾਲਾ ?
ਹੈ ਕੋਈ ਪਲ
ਮਹਿਕਾਂ ਭਰਪੂਰ ?
ਤਲਖ-ਤਰੇੜੀ-ਤੀਵੀਂ
ਤਰਦੀ ਜਾ ਰਹੀ ਹੈ
ਸ਼ੋਭਾ ਦੇ ਬੋਲ
ਨਾ ਘਰ ਨਾ ਬਾਹਰ
ਕੰਮਾਂ ਦੀ ਭਰਮਾਰ।[20]

ਵਿਸੰਗਤੀ ਭਰਪੂਰ ਵਾਤਾਵਰਣ ਵਿਚ ਵਿਲਕਦੀ ਨਾਰੀ ਦੀ ਵੇਦਨਾ ਨੂੰ ਉਸ ਨੇ **ਕਾਤਰਾਂ** ਪੁਸਤਕ ਵਿਚਲੀਆਂ ਕਈ ਕਵਿਤਾਵਾਂ ਜਿਵੇਂ "ਅਭੁੱਲ ਆਪਾ", "ਵੇਦਨਾ", "ਅੰਤਰ-ਅਹਿਸਾਸ", "ਪਗਡੰਡੀ" ਅਤੇ "ਫੱਟ ਨਾਲੋਂ ਵੱਧ" ਆਦਿ ਵਿਚ ਵੀ ਪੇਸ਼ ਕੀਤਾ ਹੈ। ਵਿਡੰਬਨਾ ਇਹ ਹੈ ਕਿ ਇਕ ਪਾਸੇ ਤਾਂ ਨਾਰੀ ਵਿਗਿਆਨ ਦੇ ਯੁੱਗ ਵਿਚ ਜੀਅ ਰਹੀ ਹੈ ਪਰ ਦੂਸਰੇ ਪਾਸੇ ਕਦੀਮੀਂ ਤੇ ਪਿਛਾਂਹਖਿੱਚੂ ਮੁੱਲ ਉਸ ਦੇ ਕਦਮ ਫੜੀ ਬੈਠੇ ਹਨ। ਇਸੇ ਬੇਬਸੀ ਤੇ ਤਨਾਉ ਦਾ ਨਿਰੂਪਣ ਉਸ ਨੇ "ਅਭੁੱਲ ਆਪਾ" ਕਵਿਤਾ ਵਿਚ ਪੇਸ਼ ਕੀਤਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਗਿਆਨ ਦੀ ਇਸ ਉਮਰ ਵਿਚ ਵੀ
ਕੋਈ ਤਕਨੀਕ ਸਾਥ ਨਹੀਂ ਦਿੰਦੀ...
ਤੂਫ਼ਾਨ ਤੋਂ ਬਚਣ ਲਈ
ਕੋਈ ਸੰਕੇਤਕ ਮਦਦ ਨਹੀਂ ਕਰਦਾ ।[21]

ਇੰਜ ਹੀ ਉਸ ਨੇ "ਸਰਾਪਿਆ ਵਰ" ਕਵਿਤਾ ਵਿਚ ਲਿਖਿਆ ਹੈ :

ਕਾਲੇ ਲੰਬੇ ਹਨੇਰੇ ਰਾਹਾਂ ਤੇ ਸਿਸਕ ਰਹੀ ਹਾਂ
ਸੱਚ.....?
ਮੇਰੇ ਬੁੱਲ੍ਹ ਸੀਅ ਘੱਤੇ ਹਨ
ਦੇਹੀ ਸਰਾਪ ਹੰਢਾ ਰਹੀ ਹੈ ।
ਸਭ ਕੁਝ ਜਾਨਣ ਦੇ ਬਾਵਜੂਦ ਸਾਹ ਲੈ ਰਹੀ ਹਾਂ
ਹੈ ਨਾ ਕਿੰਨਾ ਵੱਡਾ ਵਰਦਾਨ ।[22]

8267

ਇਹ ਹਕੀਕਤ ਹੈ ਕਿ **ਕਾਤਰਾਂ** ਪੁਸਤਕ ਵਿਚਲੀਆਂ ਬਹੁਤੀਆਂ ਕਵਿਤਾਵਾਂ ਧੀ, ਪਤਨੀ, ਪ੍ਰੇਮਿਕਾ ਅਤੇ ਮਾਂ ਦਾ ਜੀਵਨ ਜੀਊ ਰਹੀ ਨਾਰੀ ਦੀ ਭਾਵੁਕ ਵੇਦਨਾ ਅਤੇ ਬੌਧਿਕ ਪਸਾਰਾਂ ਨੂੰ ਉਲੀਕਦੀਆਂ ਹੋਈਆਂ ਸਾਨੂੰ ਨਾਰੀ ਦੇ ਸੰਦਰਭ ਵਿਚ ਗੰਭੀਰ ਪ੍ਰਸ਼ਨਾਂ ਦੇ ਰੂਬਰੂ ਕਰਦੀਆਂ ਹਨ । ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਨਾਰੀ ਅਤੇ ਪੁਰਸ਼ ਵਿਚਲਾ "ਭੇਦ" ਉਸ ਦੀਆਂ ਕਵਿਤਾਵਾਂ ਦਾ ਪ੍ਰਕਾਸ਼-ਬਿੰਦੂ ਹੈ । ਇਸ ਭੇਦ ਨੂੰ ਚਿਤਰਦੀ ਹੋਈ ਉਹ ਅਜਿਹੇ ਕਠੋਰ ਤੇ ਕੌੜੇ ਯਥਾਰਥ ਨੂੰ ਸਾਹਮਣੇ ਲਿਆਉਂਦੀ ਹੈ ਜਿਸ ਵਿਚ ਨਾਰੀ ਦੀ ਕੀਮਤ ਇਕ ਕਾਤਰ ਤੋਂ ਵੱਧ ਨਹੀਂ । ਇੰਜ ਉਹ 'ਕਾਤਰ' ਦੇ ਪ੍ਰਤੀਕ ਰਾਹੀਂ ਸਾਡੀਆਂ ਗਲਤ ਸਮਾਜਕ ਤੇ ਸਭਿਆਚਾਰਕ ਕੀਮਤਾਂ ਨੂੰ ਸਿਰ ਭਾਰ ਖੜ੍ਹਾ ਕਰਦੀ ਪ੍ਰਤੀਤ ਹੁੰਦੀ ਹੈ । ਕਾਤਰ ਦਾ ਇਹ ਪ੍ਰਤੀਕ ਨਾਰੀ ਦੀ ਉਸ ਸਮਾਜਕ ਸਥਿਤੀ ਦਾ ਬੋਧ ਕਰਾਉਂਦਾ ਹੈ ਜਿਹੜੀ ਫੋਕੇ ਨਾਅਰਿਆਂ ਤੋਂ ਅਸਲੋਂ ਵੱਖਰੀ ਭਾਂਤ ਦੀ ਹੈ । ਅਸਲੀਅਤ ਵਿਚ ਨਾਰੀ ਲਈ ਜ਼ਿੰਦਗੀ ਦੇ ਅਰਥ ਵਿਵਰਜਿਤ ਹਨ, ਇਸ ਲਈ ਉਹ ਜ਼ਿੰਦਗੀ ਢੋਅ ਰਹੀ ਹੈ, ਜੀਅ ਨਹੀਂ ਰਹੀ । ਸਭ ਕੁਝ ਜਾਣਨ/ਸਮਝਣ ਦੇ ਬਾਵਜੂਦ ਅਣਸੁਖਾਵੇਂ ਵਾਤਾਵਰਣ ਸਦਕਾ ਉਸ ਦੇ ਬੁੱਲ੍ਹ ਸੀਤੇ ਪਏ ਹਨ, ਅਤੇ ਇੰਜ ਉਹ ਇਕ ਸਰਾਪੀ ਹੋਈ ਜੂਨ ਹੰਢਾ ਰਹੀ ਹੈ । ਉਸ ਦੀ ਮਨੋ-ਪੀੜਾ ਤੇ ਤਨਾਉ ਦਾ ਕਾਰਣ ਗਲਤ ਸਮਾਜਕ ਮੁੱਲ ਵੀ ਹਨ ਤੇ ਉਨ੍ਹਾਂ ਵਿਚੋਂ ਉਪਜੀ ਪੁਰਸ਼ ਦੀ ਪ੍ਰਭੁਤਾ ਵੀ । ਇਸੇ ਲਈ ਉਸ ਨੇ "ਮਕਾਨ" ਕਵਿਤਾ ਵਿਚ ਲਿਖਿਆ ਹੈ :

ਸੁਣਿਆ ਸੀ
ਘਰ ਤੀਵੀਂ ਦਾ ਹੁੰਦਾ ਹੈ
ਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਕੀ ?
ਮੰਗਿਆ ਸੀ ਘਰ
ਪਰ ਮਿਲਿਆ ਮਕਾਨ
ਤੇ
ਉਹ ਵੀ ਨਿਰਾ ਖਾਵੰਦ ਦਾ
ਘਰ ਦੀ ਪਿਆਸ..... ।[23]

ਇਹ ਪੰਗਤੀਆਂ ਉਸਦੀ ਕਵਿਤਾ 'ਘਰ' ਵਿਚੋਂ ਹਨ ਜਿਥੇ 'ਘਰ' ਨਾਰੀ ਦਿਆਂ ਸੁਪਨਿਆਂ, ਇਛਾਵਾਂ ਅਤੇ ਸੱਧਰਾਂ ਦੀ ਪੂਰਤੀ ਦਾ ਪ੍ਰਤੀਕ ਹੈ, ਜਿਸ ਦੀ ਅਜੋਕੇ ਵਾਤਾਵਰਣ ਵਿਚ ਅਣਹੋਂਦ ਹੈ ਅਤੇ ਇਸ ਸਭ ਕੁਝ ਪੂਰਤੀ ਦੀ ਲੋਚਾ/ਪਿਆਸ ਉਸ ਦੀ ਸਮੁੱਚੀ ਕਵਿਤਾ ਵਿਚ ਵਿਦਮਾਨ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਨਾਰੀ ਦੀ ਸੰਵੇਦਨਾ ਨੂੰ, ਉਸ ਦੇ ਜੀਵਨ ਦੇ ਭਾਵੁਕ ਤੇ ਬੌਧਿਕ ਪਾਸਾਰਾਂ ਨੂੰ **ਕਾਤਰਾਂ** ਪੁਸਤਕ ਵਿਚ ਭਰਪੂਰ ਖਿੜਾਉ ਪ੍ਰਾਪਤ ਹੋਇਆ ਹੈ ਪਰ ਨਾਰੀ ਦੀ ਬਹੁਰੰਗ ਸ਼ਖਸੀਅਤ ਅਤੇ ਉਸ ਦੀ ਮਾਨਸਿਕਤਾ ਉੱਪਰ ਪਏ ਸਭਿਆਚਾਰਕ ਮੁੱਲਾਂ ਦੇ ਦਬਾਉ ਨੂੰ ਉਸ ਨੇ **ਹੁਣ ਤੂੰ ਸਾਲਗ੍ਰਾਮ ਨਹੀਂ** ਪੁਸਤਕ ਵਿਚਲੀਆਂ ਕੁਝ ਕਵਿਤਾਵਾਂ ਜਿਵੇਂ "ਹੁਣ ਤੂੰ ਸਾਲਗ੍ਰਾਮ ਨਹੀਂ", "ਵਿਛੜਣਾ ਹੀ ਸੀ ਤਾਂ", "ਆ ਰਾਣੀਏਂ", "ਮਿੱਤਰਾਂ ਦੀ ਜੀਭ", "ਕੋਈ ਪੁੱਛਦਾ ਏ", "ਜਾਮਾ ਲੀਰੋ ਲੀਰ", "ਹੋਂਦ", "ਤੰਦ", "ਕੌਣ ਜਾਣੇ", "ਕੁੱਖ" ਆਦਿ ਵਿਚ ਪ੍ਰਸਤੁਤ ਕੀਤਾ ਹੈ। ਇਨ੍ਹਾਂ ਕਵਿਤਾਵਾਂ ਵਿਚ ਉਹ ਨਾਰੀ-ਵਿਰੋਧੀ ਐਸੇ ਵਾਤਾਵਰਣ ਨੂੰ ਵੀ ਚਿਤਰਦੀ ਹੈ ਜਿਥੇ ਉਹ ਰੋਜ਼ ਇਕ ਮੌਤ ਦਾ ਅਨੁਭਵ ਹੰਢਾਉਂਦੀ ਹੈ। ਮਿਸਾਲ ਵਜੋਂ ਕੁਝ ਪੰਗਤੀਆਂ ਪੇਸ਼ ਹਨ :

ਰੋਜ਼ ਵੇਂਹਦੇ ਵੇਂਹਦੇ
ਇਕ ਕੁਹਾੜੀ ਮੇਰੇ ਸਿਰ ਨੂੰ
ਦੁਫਾੜ ਕਰਦੀ ਏ
ਘੂਰਦੀਆਂ ਅੱਖਾਂ
ਗੁਪਤ ਇਸ਼ਾਰੇ
ਇੱਲ ਤੇ ਕਾਂ
ਉਧੇੜਦੇ ਨੇ ਇਕ ਹਕੀਕਤ
ਮੇਰੇ ਸਾਹਮਣੇ ।[24]

ਨਾਰੀ ਦੀ ਮਾਨਸਿਕਤਾ ਨੂੰ ਲਗਾਤਾਰ ਨੋਚ ਰਹੇ ਇਸ ਤਨਾਉਸ਼ੀਲ ਵਾਤਾਵਰਣ ਨੂੰ ਡਾ. ਕੰਵਰ ਨੇ ਇਸ ਪੁਸਤਕ ਦੀ ਭੂਮਿਕਾ ਵਿਚ ਐਸੀ ਸਮੂਹਕਤਾ ਦਾ ਨਾਂ ਦਿੱਤਾ ਹੈ ਜੋ ਉਦਾਸੀ, ਇਕੱਲ ਤੇ ਨਿਰਾਸ਼ਾ ਦੇ ਭਾਵਾਂ ਨੂੰ ਜਨਮ ਦੇਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਵੇਂ **ਕਾਤਰਾਂ** ਕਾਵਿ ਸੰਗ੍ਰਹਿ ਵਿਚ ਮਹਿੰਦਰ ਕੌਰ ਗਿੱਲ ਨੇ ਨਾਰੀ ਦੀ ਬੇਅਰਥ ਜ਼ਿੰਦਗੀ ਨੂੰ ਕਾਤਰ ਨਾਲ ਤੁਲਨਾਇਆ ਹੈ ਉਵੇਂ ਹੀ **ਹੁਣ ਤੂੰ ਸਾਲਗ੍ਰਾਮ ਨਹੀਂ** ਕਾਵਿ ਸੰਗ੍ਰਹਿ ਵਿਚ ਉਸ ਨੇ ਨਾਰੀ ਦੀ ਹੋਂਦ ਦੇ ਬੁਨਿਆਦੀ ਪ੍ਰਸ਼ਨਾਂ ਨੂੰ ਖੋਲ੍ਹਿਆ ਹੈ। ਹੋਂਦ ਦੇ ਇਨ੍ਹਾਂ ਪ੍ਰਸ਼ਨਾਂ ਵਿਚੋਂ ਹੀ ਉਸ ਦੀ ਸਮਾਜ ਵਿਚ ਮਾਨਤਾ ਦੀ ਟੋਹ ਮਿਲਦੀ ਹੈ, ਸਮਾਜ ਉਸ ਨੂੰ ਮਰਜ਼ੀ ਦੀ ਬਜਾਏ ਮਜਬੂਰੀ ਭਰਿਆ ਜੀਵਨ ਬਸਰਕਰਾਉਂਦਾ ਹੈ ਅਤੇ ਇਸ ਮਜਬੂਰੀ ਵਿਚ ਘਿਰੀ ਔਰਤ ਨੂੰ ਆਪਣੀ ਹੋਂਦ ਸੰਬੰਧੀ ਕੁਝ ਪ੍ਰਸ਼ਨਾਂ ਦੇ ਰੂਬਰੂ ਹੋਣਾ ਪੈਂਦਾ ਹੈ। ਅਜਿਹੇ ਪ੍ਰਸ਼ਨਾਂ ਦੀ ਬੁਨਿਆਦੀ ਹਕੀਕਤ ਨੂੰ ਸਾਹਮਣੇ ਲਿਆਉਂਦੀ ਹੋਈ ਹੀ ਮਹਿੰਦਰ ਕੌਰ ਗਿੱਲ ਲਿਖਦੀ ਹੈ :

ਹੋਂਦ
ਸੋਟੀ ਨਾਲ ਲਮਕੀ ਇਕ ਤੰਦ ਏ—
ਜ਼ਰਾ ਜਿੰਨੀ ਹਵਾ ਲੱਗਣ 'ਤੇ
ਲਰਜ਼ ਜਾਂਦੀ ਏ, ਝੂਲਦੀ ਰਹਿੰਦੀ ਏ
ਨਾ ਡਿੱਗਦੀ ਏ ਨਾ ਮਰਦੀ ਏ।[25]

ਇਨ੍ਹਾਂ ਪੰਗਤੀਆਂ ਵਿਚ ਪੇਸ਼ ਨਾਰੀ ਪਾਤਰ ਆਪਣੀ ਹੋਂਦ ਨੂੰ ਆਪਣੇ ਝਰੋਖੇ ਰਾਹੀਂ ਵੇਖਦੀ ਹੈ। "ਸੋਟੀ ਨਾਲ ਲਮਕੀ ਤੰਦ" ਉਸ ਦੀ ਸਭਿਆਚਾਰਕ ਸਥਿਤੀ ਦੀ ਟੋਹ ਦੇਂਦੀ ਹੈ ਜਿਹੜੀ ਪ੍ਰਚਲਿਤ ਮੁੱਲਾਂ ਦੀ ਹਵਾ ਨਾਲ ਲਰਜ਼ਣਾ ਸ਼ੁਰੂ ਹੋ ਜਾਂਦੀ ਹੈ। "ਨਾ ਡਿੱਗਣ" ਤੇ "ਨਾ ਮਰਨ" ਦੀ ਸਥਿਤੀ ਉਸ ਦੀ ਮਾਨਸਿਕ ਤਨਾਉਸ਼ੀਲਤਾ ਦਾ ਪਤਾ ਦੇਂਦੀ ਹੈ। ਇਹ ਤਾਰ ਉਦੋਂ ਹੀ ਲਰਜ਼ਣਾ ਆਰੰਭ ਕਰਦੀ ਹੈ ਜਦੋਂ ਪਰੰਪਰਾਗਤ ਕਦਰਾਂ ਕੀਮਤਾਂ ਦੀ ਹਵਾ ਚਲਦੀ ਹੈ ਤੇ ਇਹ ਉਦੋਂ ਹੀ ਚੱਲ ਪੈਂਦੀ ਹੈ ਜਦੋਂ ਕਿਤੇ ਉਹ ਆਪਣੀ ਮਰਜ਼ੀ ਜਾਂ ਹਉਂ ਦਾ ਸੁਰ ਉਚਾਰਣਾ ਆਰੰਭਦੀ ਹੈ। ਨਾਰੀ ਸੰਬੰਧੀ ਪਰੰਪਰਾ ਤੋਂ ਚਲੇ ਆ ਰਹੇ ਆਡੰਬਰੀ ਮੁੱਲਾਂ ਨੂੰ ਉਸ ਨੇ ਹੋਰ ਵੀ ਕਈ ਕਵਿਤਾਵਾਂ ਵਿਚ ਕਟਾਖਸ਼ ਦਾ ਧੁਰਾ ਬਣਾਇਆ ਹੈ। ਮਿਸਾਲ ਵਜੋਂ :

ਗੁੜ੍ਹਤੀ ਦੇ ਨਾਲ ਹੀ
ਸਬਕ ਮਿਲਿਆ
ਜਿਸ ਸੱਚ ਨੂੰ
ਜ਼ਿੰਦਗੀ ਭਰ ਹੰਢਾਉਣੈ
ਉਸ ਨੂੰ ਬੋਲ ਕਦੀ ਨਹੀਂ ਦੇਣੇ।[26]

ਅਜੋਕਾ ਸਮਾਜ ਨਾਰੀ ਦੀ ਜਿਸ ਬਰਾਬਰੀ ਦੀ ਗੱਲ ਕਰਦਾ ਹੈ, ਉਸ ਦੇ ਪਿੱਛੇ ਛੁਪੇ ਸੱਚ ਨੂੰ ਵੀ ਇਸ ਲੇਖਿਕਾ ਨੇ ਆਪਣੀਆਂ ਕਈ ਕਵਿਤਾਵਾਂ ਵਿਚ ਚਿਤਰਿਆ ਹੈ। ਜਿਥੇ ਘਰ ਵਿਚ ਉਸ ਨੂੰ ਪਤੀ ਦੀ ਪ੍ਰਭੁਤਾ ਅਤੇ ਪ੍ਰਤਿਕੂਲ ਸਮਾਜਕ ਮੁੱਲਾਂ ਸਦਕਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਣਸੁਖਾਵਾਂ ਜੀਵਨ ਜੀਊਂਣਾ ਪੈਂਦਾ ਹੈ, ਉਥੇ ਜਦੋਂ ਉਹ ਆਪਣੀ ਯੋਗਤਾ ਨਾਲ ਕੁਝ ਪ੍ਰਾਪਤ ਕਰ ਵੀ ਲੈਂਦੀ ਹੈ ਤਾਂ ਉਸ ਦੀ ਪ੍ਰਾਪਤੀ ਪਿੱਛੇ ਇਹ ਪੁਰਸ਼-ਪ੍ਰਧਾਨ ਸਮਾਜ ਕਿਸੇ ਪੁਰਸ਼ ਦੀ ਹੋਂਦ ਨੂੰ ਹੀ ਢੂੰਡਦਾ ਹੈ। ਨਾਰੀ ਦੀ ਪ੍ਰਾਪਤੀ ਨੂੰ ਠੀਕ ਪਰਿਪੇਖ ਵਿਚ ਨਾ ਵੇਖਣਾ ਵੀ ਨਾਰੀ ਪ੍ਰਤਿ ਅਣਸੁਖਾਵੇਂ ਸਮਾਜਕ ਵਾਤਾਵਰਣ ਦਾ ਹੀ ਹਿੱਸਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਨਾਰੀ ਘਰ ਦੀ ਰਸੋਈ ਵਿਚੋਂ ਬਾਹਰ ਨਿਕਲ ਕੇ ਪੁਰਸ਼ ਦੇ ਬਰਾਬਰ ਕੰਮ ਕਾਰ ਕਰਨ ਲੱਗ ਪਈ ਹੈ ਪਰ ਕੰਮਕਾਰੀ ਨਾਰੀ ਦੀ ਜ਼ਿੰਦਗੀ ਕਿਨ੍ਹਾਂ ਸੰਕਟਾਂ ਦੀ ਸ਼ਿਕਾਰ ਹੈ, ਇਸ ਨੂੰ ਇਸ ਸੰਗ੍ਰਹਿ ਦੀਆਂ ਕਈ ਕਵਿਤਾਵਾਂ ਵਿਚ ਚਿਤਰਿਆ ਗਿਆ ਹੈ। ਕੰਮ-ਕਾਰੀ ਨਾਰੀ ਦੀ ਹੋਂਦ ਨੂੰ ਇਕ "ਤਖਤੀ" ਦੇ ਪ੍ਰਤੀਕ ਰਾਹੀਂ ਉਹ "ਮਿੱਤਰਾਂ ਦੀ ਜੀਭ" ਕਵਿਤਾ ਵਿਚ ਇੰਜ ਪੇਸ਼ ਕਰਦੀ ਹੈ :

ਮੈਨੂੰ ਤਖ਼ਤੀ ਸਮਝ
ਸਹਿਕਾਰੀ ਮਿੱਤਰਾਂ ਦੀ ਜੀਭ
ਮਨਚਾਹੀ ਇਬਾਰਤ
ਦਰਜ ਕਰ ਜਾਂਦੀ ਏ
ਲੱਗਦੈ
ਇਬਾਰਤ ਸਹੀ ਨਹੀਂ
ਦੂਜਾ ਕੁਝ ਹੋਰ ਪੱਲਿਉਂ ਜੋੜ
ਫਿਕਰਾ ਦਰੁਸਤ ਕਰ ਜਾਂਦੈ
ਵਾਕਾਂ ਦੀ ਭੀੜ ਵਧਦੀ ਗਈ
ਤੇ ਮੈਂ
ਤਖ਼ਤੀ ਤੋਂ ਤਖ਼ਤਾ-ਸਿਆਹ ਬਣ ਗਈ।[27]

'ਮਿੱਤਰ' ਸ਼ਬਦ ਇਸ ਕਵਿਤਾ ਵਿਚ ਪੁੱਠੇ ਕਾਮਿਆਂ ਵਿਚ ਹੈ। ਇਹ ਨਾਰੀ ਦੇ ਉਨ੍ਹਾਂ ਸਹਿਕਾਰੀਆਂ ਦਾ ਬਿੰਬ ਉਭਰਦਾ ਹੈ ਜਿਹੜੇ ਘਰ ਤੋਂ ਬਾਹਰ ਉਸ ਦੇ ਦੁਆਲੇ ਤੁਹਮਤਾਂ ਦੀ ਭੀੜਾਂ ਲਗਾਉਂਦੇ ਅਤੇ ਉਸ ਦੇ ਜੀਵਨ ਨੂੰ ਨਿਰੰਤਰ ਕੌੜਾ-ਕਸੈਲਾ ਤੇ ਵਿਹੁਲਾ ਬਣਾਉਂਦੇ ਹਨ।

ਹਵਾ ਠਹਿਰ ਗਈ ਪੁਸਤਕ ਵਿਚ ਭਾਵੇਂ ਕੁਝ ਕਵਿਤਾਵਾਂ ਪਰੰਪਰਾਗਤ ਸੁਰ ਵਿਚ ਪ੍ਰੀਤਮ ਦੀ ਯਾਦ, ਮੇਲ ਦੀ ਇੱਛਾ, ਉਡੀਕ, ਤੜਪ ਅਤੇ ਸੰਜੋਗ ਦੀਆਂ ਘੜੀਆਂ ਦੇ ਆਨੰਦ ਨੂੰ ਚਿਤਰਣ ਵਾਲੀਆਂ ਵੀ ਮਿਲ ਜਾਂਦੀਆਂ ਹਨ, ਪਰ ਇਸ ਰਚਨਾ ਵਿਚ ਵੀ ਉਸ ਦੀ ਨਾਰੀ-ਸੰਵੇਦਨਾ ਦੀ ਧੁਨ ਸੁਣਾਈ ਦੇਂਦੀ ਹੈ। ਇਥੇ ਵੀ ਉਹ ਨਾਰੀ ਦਾ ਪੱਖ ਪੂਰਦੀ ਦਿਸਦੀ ਹੈ। ਇਸ ਰਚਨਾ ਵਿਚ ਮਰਦ ਦੀ ਕਾਮ-ਭੁੱਖ ਦਾ ਸ਼ਿਕਾਰ ਬਣੀ ਔਰਤ ਨੂੰ ਪੂਰੇ ਦਰਦ ਨਾਲ ਬਿਆਨ ਕੀਤਾ ਗਿਆ ਹੈ। ਇਸ ਤਰ੍ਹਾਂ ਇਸ ਸੰਗ੍ਰਹਿ ਵਿਚੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਮਹਿੰਦਰ ਕੌਰ ਗਿੱਲ ਨਾਰੀ ਦੀ ਉਸ ਸੰਵੇਦਨਾ ਨੂੰ ਉਭਾਰਦੀ ਹੈ ਜੋ ਆਪਣੀ ਜ਼ਿੰਦਗੀ ਦੀ ਹਕੀਕਤ ਨੂੰ ਮਹਿਸੂਸਦੀ ਤਾਂ ਹੈ ਪਰ ਸਾਹ ਘੁਟਵੇਂ ਵਾਤਾਵਰਣ ਸਦਕਾ ਉਸ ਨੂੰ ਜ਼ੁਬਾਨ ਨਹੀਂ ਦੇ ਸਕਦੀ :

ਵੇਦਨ ਜਾਗੇ ਪਲੀਂ ਪਲੀਂ
ਮੈਂ ਮੂੰਹ ਮੀਟਾਂ ਘੜੀ ਮੁੜੀ
ਬੁੱਲ੍ਹੀਂ ਕਿਰਦੀ ਘੜੀ ਘੜੀ
ਇਕ ਕਹਾਣੀ ਮੁੜੀ ਤੁੜੀ
ਵੇਦਨ ਆਖੇ ਡਿੱਗ ਡੁੱਲ੍ਹ ਜਾਵਾਂ
ਸਬਰ ਕਹੇ ਆ ਚੁੱਪ ਕਰਾਵਾਂ
ਵੇਦਨ ਸਬਰ ਦੇ ਲੰਮੇ ਝੇੜੇ
ਮੇਰਿਆ ਰੱਬਾ ! ਕੌਣ ਨਿਬੇੜੇ ।[28]

ਨਾਰੀ ਅੰਦਰ ਵੇਦਨਾ ਦਾ ਜਾਗਣਾ ਉਸ ਦੀ ਆਲੇ ਦੁਆਲੇ ਪ੍ਰਤੀ ਸੂਝ ਦਾ ਸੂਚਕ ਹੈ ਪਰ ਉਸ ਦਾ ਮੂੰਹ ਤੋਂ ਕੁਝ ਨਾ ਉਭਾਸਰ ਸਕਣਾ ਉਸ ਦੀ ਬੇਬਸੀ ਦੀ ਸੋਅ ਦੇਂਦਾ ਹੈ। ਸੂਝਵਾਨ ਨਾਰੀ ਦਾ ਸਮੁੱਚਾ ਤਨਾਉ ਇਸ ਦਵੰਦਮਈ ਸਥਿਤੀ ਵਿਚੋਂ ਹੀ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਇਸੇ ਤਨਾਉਸ਼ੀਲ ਸਥਿਤੀ ਵਿਚੋਂ ਹੀ ਭਟਕਣਾ, ਦੁਚਿਤੀ, ਅਰਥ-ਹੀਣਤਾ ਦਾ ਅਹਿਸਾਸ, ਇਕੱਲਤਾ, ਉਦਾਸੀਨਤਾ ਅਤੇ ਆਤਮ-ਗਿਲਾਨੀ ਦਾ ਸੰਤਾਪ ਪੈਦਾ ਹੁੰਦਾ ਹੈ।

ਹਵਾ ਠਹਿਰ ਗਈ ਪੁਸਤਕ ਵਿਚ ਸੰਮਿਲਿਤ ਕਵਿਤਾ "ਮੈਂ ਧਰਤੀ ! ਮੈਂ ਦੇਣਦਾਰ", ਵਿਚ ਲੇਖਿਕਾ ਨੇ ਜਨਮ ਉਪਰੰਤ ਨਾਰੀ ਨੂੰ ਪ੍ਰਾਪਤ ਹੁੰਦੇ ਅਸਾਵੇਂ ਵਾਤਾਵਰਣ, ਮਾਂ-ਬਾਪ ਉੱਪਰ ਬੱਚੀ ਦੇ ਜਨਮ ਪਿੱਛੋਂ ਪਏ ਬੋਝ, ਉਸਨੂੰ ਦਾਜ ਦੇਣ ਦੀ ਚਿੰਤਾ ਅਤੇ ਉਸਦੇ ਭਵਿੱਖ ਦੀ ਅਨਿਸ਼ਚਿਤਤਾ ਸੰਬੰਧੀ ਗੰਭੀਰ ਪ੍ਰਸ਼ਨਾਂ ਦੀ ਅਨੁਭਵੀ ਪ੍ਰਸਤੁਤੀ ਕੀਤੀ ਹੈ। ਧੀ ਜੰਮਦੀ ਹੈ ਤਾਂ ਮਾਂ-ਪਿਉ ਉਪਰ ਬੋਝ ਰਹਿੰਦੀ ਹੈ। ਇਹ ਬੋਝ ਭਾਵੇਂ ਦਾਜ ਦੇਣ ਤੋਂ ਪਿੱਛੋਂ ਵਕਤੀ ਤੌਰ 'ਤੇ ਲੱਥ ਜਾਂਦਾ ਹੈ ਪਰ ਜੰਮਣ ਤੋਂ ਲੈ ਕੇ ਵਿਆਹੇ ਜਾਣ ਤਕ ਮਾ-ਬਾਪ ਇਕ ਸੰਸੇ, ਇਕ ਡਰ, ਇਕ ਭੈਅ ਦਾ ਸ਼ਿਕਾਰ ਹੁੰਦੇ ਹਨ। ਮਾਂ-ਬਾਪ ਦੀ ਇਸ ਭੈਅ-ਸ਼ੀਲ ਮਾਨ-ਸਿਕਤਾ ਨੂੰ ਲੇਖਿਕਾ ਨੇ ਇੰਜ ਬਿਆਨ ਕੀਤਾ ਹੈ :

ਦੂਜਾ ਰੁਗ ਕਲੇਜਾ ਭਰਦੈ
ਪਤਾ ਨਹੀਂ ਕੀ ਲੇਖ ਲਿਖਾ ਕੇ
ਦੁਨੀਆਂ ਆਈ—
ਸੁੱਕੀ ਸੜੀਅਲ ਨਾ ਮਿਲ ਜਾਏ
ਕੋਈ ਧੀ ਨੂੰ ਡੰਗਰ ਵਾਂਗ ਨਾ ਵਾਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂੰਹ ਪਾੜ ਕੇ ਮੰਗਣ ਵਾਲੇ ਨਾ ਮਿਲ ਜਾਵਣ
ਜਾਂ ਫਿਰ ਧੀ ਨੂੰ ਦੁਖੀ ਨਾ ਰੱਖਣ
ਦਾਤਾਂ ਬਦਲੇ
ਵੱਡਾ ਲੋਹੜਾ ਨਾ ਪੈ ਜਾਏ
ਕੋਈ ਧੀ ਦੀ ਪਤ ਨਾ ਲੁੱਟੇ
ਸਾੜ ਨਾ ਸੁੱਟੇ, ਮਾਰ ਮੁਕਾਏ
ਮੈ ਧੀ ਮੈ ਦੇਣਦਾਰ
ਮੈ ਅਮੜੀ ਮੈਂ ਦੇਣਦਾਰ ।[29]

ਪ੍ਰਕਿਰਤਕ ਤੌਰ ਤੇ ਨਾਰੀ ਅਤੇ ਪੁਰਸ਼ ਵਿਚੋ ਕੋਈ ਵੀ ਮਾੜਾ ਜਾਂ ਚੰਗਾ ਨਹੀਂ । ਪਰ ਜਿਉਂ ਹੀ ਲੜਕੀ ਦਾ ਜਨਮ ਹੁੰਦਾ ਹੈ ਤਾਂ ਉਸ ਦੇ ਮਾਂ-ਬਾਪ ਉਸ ਨੂੰ ਆਪਣੇ ਉੱਪਰ ਬੋਝ ਸਮਝਦੇ ਹਨ । ਵਿਆਹ ਤੋਂ ਪਿੱਛੋਂ ਉਸ ਨੂੰ ਆਪਣੇ ਪਤੀ ਦੀ ਗੁਲਾਮ ਬਣ ਕੇ ਇਸ ਲਈ ਰਹਿਣਾ ਪੈਂਦਾ ਹੈ ਕਿਉਂਕਿ ਸ਼ਾਦੀ ਸਮੇਂ ਉਸ ਦੀ ਮਰਜ਼ੀ ਨਹੀਂ ਪੁੱਛੀ ਜਾਂਦੀ । ਇਥੋਂ ਤਕ ਕਿ ਪੜ੍ਹੀ ਲਿਖੀ ਤੇ ਆਲੇ ਦੁਆਲੇ ਦੀ ਥੋੜੀ-ਬਹੁਤ ਸੋਝੀ ਰੱਖਣ ਵਾਲੀ ਨਾਰੀ ਨੂੰ ਵੀ ਉਸ ਦੇ ਮਾਂ-ਬਾਪ ਪਸ਼ੂ ਪੰਖੇਰੂ ਤੋਂ ਵਧ ਨਹੀਂ ਸਮਝਦੇ । ਅਜੋਕੇ ਯੁੱਗ ਦੀ ਚੇਤਨ ਨਾਰੀ ਇਸ ਬੇਬਸੀ ਤੇ ਤਨਾਉ ਨੂੰ ਭੋਗਦੀ ਹੋਈ ਚੁੱਪ ਕਰਕੇ ਸਭ ਕੁਝ ਬਰਦਾਸ਼ਤ ਨਹੀਂ ਕਰਦੀ ਬਲਕਿ ਇਸ ਸੰਬੰਧੀ ਕੁਝ ਪ੍ਰਸ਼ਨ ਖੜ੍ਹੇ ਕਰਦੀ ਹੈ :

ਮਾਏ ਮੈਂ ਨਹੀਂ ਪਸੂ ਪੰਖੇਰੂ
ਚੁੱਪ ਕਰਕੇ ਤੁਰ ਜਾਂਵਾਂਗੀ, ਉਡ ਜਾਵਾਂਗੀ
ਆਪਣਾ ਚੋਗਾ ਆਪ ਕਮਾਵਾਂ
ਘਰ ਬਾਹਰ ਦਾ ਭਾਰ ਉਠਾਵਾਂ
ਮੈ ਕਿਸੇ ,ਤੇ ਬੋਝ ਨਹੀਂ ਬਣਨਾ
ਕਾਹਨੂੰ ਦਾਜ ਲਿਜਾਵਾਂਗੀ । [30]

ਇੰਜ ਇਹ ਕਵਿਤਾ ਲੜਕੀ ਨਾਲ ਹੁੰਦੇ ਵਿਤਕਰੇ, ਸਮਾਜਕ ਅਨਿਆਂ, ਦਾਜ ਦੀ ਲਾਅਨਤ, ਬੱਚੀ ਦੇ ਭਵਿਖ ਦੀ ਅਨਿਸਚਿਤਤਾ ਅਤੇ ਮਾਂ-ਬਾਪ ਦੀ ਬੱਚੀ ਦੇ ਭਵਿੱਖ ਪ੍ਰਤਿ ਭੈਅਸ਼ੀਲ ਮਾਨਸਿਕਤਾ ਨੂੰ ਸਾਹਮਣੇ ਲਿਆਉਂਦੀ ਹੋਈ ਨਾਰੀ ਦੇ ਸੰਕਟਮਈ ਜੀਵਨ ਦੇ ਇਕ ਮਹੱਤਵਪੂਰਨ ਪਾਸਾਰ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ ।

ਪੁਰਸ਼ ਦੀ ਕਾਮ-ਭੁਖ ਤੇ ਵਹਿਸ਼ਤ ਸਕਦਾ ਬਲਾਤਕਾਰ ਦੇ ਹਾਦਸੇ ਦਾ ਸ਼ਿਕਾਰ ਹੋਈ ਅਤੇ ਸਮੂਹਿਕਤਾ ਦੇ ਸਿਤਮ ਤੇ ਫਿਟਕਾਰ ਸਦਕਾ ਪਾਗਲਾਂ ਵਾਲੀ ਹਾਲਤ ਵਿਚ ਵਿਚਰ ਰਹੀ ਨਾਰੀ ਦੀ ਮਾਨਸਿਕ ਅਵਸਥਾ ਨੂੰ "ਜਬਰ ਜਨਾਹ" ਕਵਿਤਾ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਖਰ ਕੀ ਕੀਤਾ ਸੀ ਉਸ ਨੇ ?
ਜਬਰ-ਜਨਾਹ
ਪ੍ਰਕ੍ਰਿਤੀ ਦਾ ਨੇਮ ਏ-ਉਗਣਾ
ਬਸ ਫੁਟ ਪਈ ਸੀ-ਬੀਜ ਵਾਂਗ
ਬੀਜ ਬੂਟਾ ਬਣ ਝੂੰਮਦਾ
ਉਹ ਕਿਸ ਮਾਲੀ ਦਾ ਨਾਮ ਧਰੇ
ਬਾਰ ਬਾਰ ਸਿਰ ਧੁਣਦੀ
ਦਾਨਮੰਦਾਂ ਨੂੰ ਪੁੱਛਦੀ
ਮੇਰਾ ਗੁਨਾਹ ?[31]

ਹਵਾ ਠਹਿਰ ਗਈ ਪੁਸਤਕ ਵਿਚ ਦਰਜ ਇਕ ਹੋਰ ਰਚਨਾ "ਸ਼ਗਨ" ਇਕ ਕੰਜਕ ਨਾਲ ਹੋਏ ਜਬਰ-ਜਨਾਹ ਦੀ ਦੁਖਾਂਤਕ ਵੇਦਨਾ ਕਹਿੰਦੀ ਹੈ । ਇਸ ਕਵਿਤਾ ਵਿਚ ਸਿਰਜਿਤ 'ਮੈਂ' ਜਬਰ ਦਾ ਸ਼ਿਕਾਰ ਹੋਈ ਬੱਚੀ ਦੇ ਦੁਖਾਂਤ ਦੀ ਕਹਾਣੀ ਵੀ ਕਹਿੰਦੀ ਹੈ ਤੇ ਉਸ ਨੂੰ ਉਸ ਦੇ ਪਿਛੋਕੜ ਵਿਚ ਰੱਖ ਕੇ ਦੇਸ਼ ਦੀ ਅਧੌਤੀ ਆਜ਼ਾਦੀ (ਜਿਸ ਵਿਚ ਔਰਤ ਅਜੇ ਵੀ ਲੁੱਟ-ਖਸੁੱਟ ਦਾ ਸ਼ਿਕਾਰ ਹੈ) ਦੀ ਅਸਲੀਅਤ ਨੂੰ ਵੀ ਨੰਗਿਆਂ ਕਰਦੀ ਹੈ । ਕਾਵਿ -ਬੋਲ ਇਸ ਪ੍ਰਕਾਰ ਹਨ :

ਯਾਦ ਕਦੀ ਜੇ ਆਵਣ ਸਾਰੇ
ਕਾਂਗ ਜ਼ੁਲਮ ਦੀ ਯਾਦ ਕਰੀਂ
ਦਾਗ ਜਿਗਰ ਦਾ ਕੰਬੇ ਜੇਕਰ
ਦੇਸ਼ ਆਜ਼ਾਦ ਹੈ, ਮਾਫ ਕਰੀਂ
ਮਨ ਕਦੇ ਹੋਏ ਬੇਕਾਬੂ
ਹੱਸਦੇ ਲਾਂਬੂ ਯਾਦ ਕਰੀਂ
ਸ਼ਗਨਾਂ ਵਾਲੇ ਦੇਸ਼ 'ਚ ਬਚੀਏ
ਤੂੰ ਬੇਸਗਨੀ ਬਲੀ ਚੜ੍ਹੀ ।[32]

ਮਹਿੰਦਰ ਕੌਰ ਗਿੱਲ ਦੀਆਂ ਤਿੰਨਾਂ ਕਾਵਿ ਪੁਸਤਕਾਂ ਦੇ ਅਧਿਐਨ ਉਪਰੰਤ ਇਸ ਤੱਥ ਪ੍ਰਤਿ ਕੋਈ ਸੰਦੇਹ ਨਹੀਂ ਰਹਿੰਦਾ ਕਿ ਲੇਖਿਕਾ ਨੇ ਨਾਰੀ ਦੀ ਤਨਾਉਸ਼ੀਲ ਮਾਨਸਿਕਤਾ ਦੇ ਵਿਭਿੰਨ ਪਾਸਾਰਾਂ ਨੂੰ ਪੇਸ਼ ਕੀਤਾ ਹੈ । ਉਹ ਇਸ ਤਨਾਉਸ਼ੀਲ ਸਥਿਤੀ ਦੇ ਤ੍ਰਾਸਦ ਰੂਪ ਨੂੰ ਚਿਤਰਦੀ ਹੈ । ਇਹ ਸਥਿਤੀ ਅਜਿਹੀ ਹੁੰਦੀ ਹੈ ਜਿਸ ਵਿਚ ਘਿਰਿਆ ਵਿਅਕਤੀ ਲਗਾਤਾਰ ਸੁਲਗਦਾ ਹੈ। ਉਰਾਰ ਤੇ ਪਾਰ ਦੇ ਵਿਚ-ਵਿਚਾਲੇ ਵਿਚਰਦੀ ਇਸ ਸਥਿਤੀ ਵਿਚ ਵਿਅਕਤੀ ਆਲੇ ਦੁਆਲੇ ਦੀ ਅਰਥਹੀਣਤਾ, ਮੁੱਲਾਂ ਦੀ ਫੋਕਟਤਾ, ਦੁਚਿਤੀ ਦੇ ਦਰਦ, ਇਕੱਲ, ਉਦਾਸੀਨਤਾ ਅਤੇ ਅਨਿਸਚਿਤਤਾ ਦਾ ਸ਼ਿਕਾਰ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਿੰਦਰ ਕੌਰ ਗਿੱਲ ਨੇ ਆਪਣੀ ਕਾਵਿ ਰਚਨਾ ਵਿਚ ਨਾਰੀ ਦੀ ਤ੍ਰਾਸਮਈ ਜ਼ਿੰਦਗੀ ਨਾਲ ਸੰਬੰਧਿਤ ਵੱਖ ਵੱਖ ਪਾਸਾਰਾਂ ਨੂੰ ਰੂਪਮਾਨ ਕੀਤਾ ਹੈ। ਕਿਧਰੇ ਉਹ ਨਾਰੀ ਦੇ ਸਾਮਾਨਯ ਰੂਪ ਦੇ ਤ੍ਰਾਸ ਨੂੰ ਸਾਹਮਣੇ ਲਿਆਉਂਦੀ ਹੈ, ਕਿਧਰੇ ਬਾਲ-ਅਵਸਥਾ ਵਿਚ ਉਸ ਨਾਲ ਕੀਤੀ ਜਾਂਦੀ ਵਧੀਕੀ ਦਾ ਬਿੰਬ ਉਭਰਦਾ ਹੈ ਅਤੇ ਕਿਧਰੇ ਉਹ ਜਬਰ-ਜਨਾਹ ਦਾ ਸ਼ਿਕਾਰ ਹੋਈ ਨਾਰੀ ਪ੍ਰਤਿ ਤਰਸ ਤੇ ਵੇਦਨਾ ਨੂੰ ਜਗਾਉਂਦੀ ਹੈ। ਪ੍ਰੇਮਿਕਾ ਦੇ ਰੂਪ ਵਿਚ ਉਹ ਬਿਰਹਾ ਦੀ ਅਵਸਥਾ ਵਿਚ ਪਿਸਦੀ ਹੈ ਅਤੇ ਸੰਜੋਗ ਦੀਆਂ ਘੜੀਆਂ ਦਾ ਇੰਤਜ਼ਾਰ ਕਰਦੀ ਹੈ। ਬਿਰਹਾ-ਭਾਵ ਨਾਲ ਭਰੀਆਂ-ਪੂਰੀਆਂ ਅਜੇਹੀਆਂ ਕਵਿਤਾਵਾਂ ਵਿਚ ਉਹ ਇਕ ਪ੍ਰਕਾਰ ਦੇ ਸੁਪਨ-ਸੰਸਾਰ ਦੀ ਸਿਰਜਣਾ ਕਰਦੀ ਹੈ। ਫ਼ਲਸਰੂਪ ਕਈ ਵਾਰ ਉਸ ਦੀ "ਉਦਾਸੀਨਤਾ ਵਿਅਕਤੀਗਤ ਸੁਪਨ ਸੰਸਾਰ ਜਾਂ ਆਦਰਸ਼ਵਾਦੀ ਰੁਮਾਂਸ ਦੀ ਬੁੱਕਲ ਵਿਚ ਡੂੰਘੀ ਉਤਰ" ਜਾਂਦੀ ਹੈ।[33] ਮਾਂ ਦੇ ਰੂਪ ਵਿਚ ਉਹ ਧੀ ਦੀ ਅਨਿਸ਼ਚੇ-ਪੂਰਨ ਜ਼ਿੰਦਗੀ ਦੀ ਕਲਪਨਾ ਕਰਕੇ ਨਿਰੰਤਰ ਮਨੋ-ਪੀੜਾ ਦਾ ਸ਼ਿਕਾਰ ਹੋ ਰਹੀ ਮਾਨਸਿਕਤਾ ਨੂੰ ਸਾਹਮਣੇ ਲਿਆਉਂਦੀ ਹੈ। ਸਰਮਾਏਦਾਰੀ ਯੁੱਗ ਵਿਚ ਪੈਸੇ ਜਾਂ ਦਾਜ ਦੀ ਖ਼ਾਤਰ ਸਾੜੀਆਂ ਜਾਂ ਮਾਰ ਮੁਕਾਈਆਂ ਜਾ ਰਹੀਆਂ ਲੜਕੀਆਂ ਵਿਚੋਂ ਉਹ ਆਪਣੀ ਧੀ ਦੇ ਸੰਕਟਸ਼ੀਲ ਭਵਿੱਖ ਦੇ ਮੁਹਾਂਦਰੇ ਨੂੰ ਕਲਪਨਾ ਵਿਚ ਸਾਕਾਰ ਕਰਕੇ ਕੰਬ ਉਠਦੀ ਹੈ। ਇਸੇ ਦਸ਼ਿਤ ਅਤੇ ਸਾਹ-ਘੋਟੂ ਵਾਤਾਵਰਣ ਸਦਕਾ ਉਸ ਨੂੰ ਨਾਰੀ ਮਾਂ ਦੇ ਰੂਪ ਵਿਚ ਵੀ ਦੇਣਹਾਰ ਲੱਗਦੀ ਹੈ ਅਤੇ ਧੀ ਦੇ ਰੂਪ ਵਿਚ ਵੀ। ਜਵਾਨੀ ਜਾਂ ਸ਼ਾਦੀ ਦੀ ਉਮਰ ਵਿਚ ਨਾਰੀ ਦਾ ਮਨੋਸੰਕਟ ਉਸ ਨੂੰ ਮਰਜ਼ੀ ਦੀ ਥਾਵੇਂ ਮਜਬੂਰੀ ਵੱਸ ਕਿਸੇ ਅਣਜਾਣੇ ਵਿਅਕਤੀ ਨਾਲ ਉਮਰ ਗੁਜ਼ਾਰਨ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਪ੍ਰਤੀਤ ਹੁੰਦਾ ਹੈ। ਨਾਰੀ ਦੀ ਇਹ ਸਿਰਜਿਤ 'ਮੈਂ' ਉਸ ਨੂੰ 'ਖਿੱਦੋ' ਦੇ ਰੂਪ ਵਿਚ ਚਿਤਰਦੀ ਹੋਈ ਉਸ ਨੂੰ ਜ਼ਿੰਦਗੀ ਦੀ ਅਰਥਹੀਣਤਾ ਦਾ ਬੋਧ ਕਰਾਉਂਦੀ ਹੈ ਅਤੇ ਉਸ ਅੰਦਰ ਆਤਮ-ਗਿਲਾਨੀ ਦੇ ਭਾਵਾਂ ਨੂੰ ਵੀ ਪੈਦਾ ਕਰਦੀ ਹੈ। ਮਰਜ਼ੀ ਦੀ ਬਜਾਏ ਮਜਬੂਰੀ ਦੇ ਰਿਸ਼ਤੇ ਵਿਚ ਨਰੜੀ ਜਦੋਂ ਉਹ ਆਪਣੇ ਪਤੀ ਨਾਲ ਜੀਵਨ ਬਸਰ ਕਰਦੀ ਹੈ ਤਾਂ ਉਸ ਨੂੰ ਆਪਣੀ ਜ਼ਿੰਦਗੀ ਇਕ ਬੋਝ ਜਾਂ ਭਾਰ ਤੋਂ ਵੱਧ ਕੁਝ ਵੀ ਪ੍ਰਤੀਤ ਨਹੀਂ ਹੁੰਦੀ। ਗਿੱਲ ਵਲੋਂ ਸਿਰਜਿਤ ਨਾਰੀ ਮਹਾਂਨਗਰ ਵਿਚ ਰਹਿਣ ਵਾਲੀ ਆਪਣੇ ਚੌਗਿਰਦੇ ਪ੍ਰਤਿ ਤੀਖਣ ਚੇਤਨਾ ਰੱਖਣ ਵਾਲੀ ਕੰਮਕਾਰੀ ਨਾਰੀ ਹੈ, ਜਿਸ ਨੂੰ ਕੰਮਕਾਰ ਦੌਰਾਨ ਕਈ ਤਰ੍ਹਾਂ ਦੀਆਂ ਤੋਹਮਤਾਂ ਤੇ ਬਦਨਾਮੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਪਿਸਦੀ ਵੀ ਸੋਚਵਾਨ ਜਾਂ ਸੂਝਵਾਨ ਹੋਣ ਸਦਕਾ ਹੀ ਹੈ। ਉਹ ਨੌਕਰੀ ਵੀ ਕਰਦੀ ਹੈ, ਘਰ ਦਾ ਕੰਮ ਵੀ ਕਰਦੀ ਹੈ ਪਰੰਤੂ ਘਰ-ਬਾਹਰ ਦੋਵਾਂ ਦਾ ਕੰਮ ਕਰਨ ਦੇ ਬਾਵਜੂਦ ਉਸ ਨੂੰ ਘਰ ਵਿਚ ਸਭ-ਕਾਸੇ ਦਾ (ਪੈਸੇ ਧੇਲੇ ਤੋਂ ਇਲਾਵਾ ਸਮੇਂ ਦਾ ਵ ਲੇਖਾ-ਜੋਖਾ ਦੇਣਾ ਪੈਂਦਾ ਹੈ ਅਤੇ ਬਾਹਰੋਂ ਕਈ ਤਰ੍ਹਾਂ ਦੀਆਂ ਤੁਹਮਤਾਂ ਵੀ ਸਹਿਣੀਆਂ ਪੈਂਦੀਆਂ ਹਨ। ਇੰਜ ਉਸ ਲਈ ਘਰ ਵਿਚ ਵੀ ਜ਼ਿੰਦਗੀ ਤਨਾਉਸ਼ੀਲ ਹੈ ਅਤੇ ਬਾਹਰ ਵੀ। ਘਰ ਵਿਚਲੇ ਤਨਾਉ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰਣ ਪਤੀ ਦਾ ਨੌਕਰੀ ਕਰਨ ਵਾਲੀ ਨਾਰੀ ਦੀਆਂ ਸਮੱਸਿਆਵਾਂ ਤੋਂ ਅਣਜਾਣ ਹੋਣਾ ਹੈ ਅਤੇ ਬਾਹਰੀ ਤਨਾਉ ਦਾ ਵੱਡਾ ਕਾਰਣ ਬਹੁਤੇ ਲੋਕਾਂ ਦਾ ਨਾਰੀ ਦੀ ਸਹਿਕਾਰੀ, ਸਭਿਆਚਾਰਕ ਤੇ ਬੌਧਿਕ ਮਿੱਤਰਤਾ ਦੇ ਸੰਕਲਪ ਤੋਂ ਨਾਵਾਕਿਫ ਹੋਣਾ। ਕਵਿਤਰੀ ਬਿਸਤਰੇ ਤੇ ਰਸੋਈ ਘਰ ਵਿਚੋਂ ਬਾਹਰ ਕਦਮ ਪੁੱਟ ਚੁੱਕੀ ਅਤੇ ਕਦਮ ਕਦਮ ਉੱਪਰ ਗਲਤ ਸਮਾਜਕ ਕਦਰਾਂ ਕੀਮਤਾਂ ਅਤੇ ਮਜਬੂਰੀਆਂ ਦਾ ਸ਼ਿਕਾਰ ਹੋਈ ਨਾਰੀ ਦੇ ਮਨੋ-ਤਨਾਉ ਨੂੰ ਪੇਸ਼ ਕਰਦੀ ਹੈ। ਇਹ ਨਾਰੀ ਸੋਚਵਾਨ ਤੇ ਸੁਝਵਾਨ ਹੋਣ ਸਦਕਾ ਆਪਣੇ ਆਲੇ-ਦੁਆਲੇ ਫੈਲੇ ਹੋਏ ਅਣਸੁਖਾਵੇਂ ਸਮਾਜਕ-ਸਕਿਆਚਾਰਕ ਮੁੱਲਾਂ ਨੂੰ ਪ੍ਰਵਾਨ ਨਹੀਂ ਕਰਦੀ ਬਲਕਿ ਉਨ੍ਹਾਂ ਉੱਪਰ ਕਿੰਤ ਕਰਦੀ ਹੈ। ਨਾਰੀ ਦੇ ਵੱਖ ਵੱਖ ਰੂਪਾਂ ਜਿਵੇਂ ਬਚਪਨ, ਜਵਾਨੀ ਪਤਨੀ ਅਤੇ ਮਾਂ ਦੇ ਰੂਪਾਂ ਨੂੰ ਚਿਤਾਰਦੀ ਹੋਈ ਉਹ ਮੌਜੂਦਾ ਸਿਸਟਮ ਤਕ ਅਪੜਦੀ ਹੈ ਅਤੇ ਸੁਚੇਤ ਜਾਂ ਅਚੇਤ ਪੱਧਰ ਉਪਰ ਇਸ ਪ੍ਰਤੀ ਆਪਣੀ ਅਸੰਤੁਸ਼ਟੀ ਦਾ ਪ੍ਰਗਟਾਵਾ ਕਰਦੀ ਹੈ। ਇਹ ਠੀਕ ਹੈ ਕਿ ਉਸ ਵਲੋਂ ਸਿਰਜਿਤ ਨਾਰੀ ਕਈ ਥਾਵਾਂ ਉੱਪਰ ਮਰਦ ਅਤੇ ਖਾਸ ਕਰਕੇ ਪਤੀ ਪ੍ਰਤਿ ਕੌੜੇ-ਕੁਸੈਲੇ ਬੋਲਾਂ ਦਾ ਪ੍ਰਯੋਗ ਵੀ ਕਰਦੀ ਹੈ ਪਰ ਇਹ ਵਸਤੂ-ਸਥਿਤੀ ਦੇ ਦਬਾਓ ਦਾ ਹੀ ਸਿੱਟਾ ਹੈ। ਉਹ ਦਰਅਸਲ ਗੁਲਾਮੀ ਦਾ ਜੀਵਨ ਬਸਰ ਕਰ ਰਹੀ ਅਖੌਤੀ ਅਜ਼ਾਦ ਔਰਤ ਦੇ ਜੀਵਨ-ਪਾਸਾਰਾਂ ਨੂੰ ਸਾਹਮਣੇ ਲਿਆਉਂਦੀ ਹੈ ਅਤੇ ਕਾਵਿਕ ਤਰਕ ਦੀ ਸਹਾਇਤਾ ਨਾਲ ਇਹ ਸਿੱਧ ਕਰਦੀ ਹੈ ਕਿ ਨਾਰੀ ਨੂੰ ਬਰਾਬਰੀ ਭਰਿਆ ਜੀਵਨ ਪ੍ਰਾਪਤ ਨਹੀਂ ਹੋਇਆ। ਉਹ ਮਹਾਨਗਰ ਵਿਚ ਵਿਚਰਦੀ ਨਾਰੀ ਦੀ ਮਨੋਸਥਿਤੀ ਵਿਚ ਉਤਰਦੀ ਅਤੇ ਉਸ ਦੇ ਸੰਤਾਪ, ਦਰਦ, ਮਜਬੂਰੀ, ਵੇਦਨਾ ਅਤੇ ਵਿਦਰੋਹ ਨੂੰ ਅਨੁਭਵੀ ਸਥਿਤੀਆਂ ਵਿਚ ਢਾਲ ਕੇ ਵਿਡੰਬਨਾ-ਭਰਪੂਰ ਢੰਗ ਨਾਲ ਪ੍ਰਸਤੁਤ ਕਰਦੀ ਹੈ।

ਹਵਾਲੇ ਅਤੇ ਟਿੱਪਣੀਆਂ

1. ਪੰਨਾ 6.
2. ਸਤਿੰਦਰ ਸਿੰਘ, **ਖੋਜ ਦਰਪਣ**, ਜੁਲਾਈ 1978, ਪੰਨਾ 168.
3. ਇਕਬਾਲ ਦੀਪ, **ਸਿਰਜਣਾ**, ਜੁਲਾਈ-ਸਤੰਬਰ 1978, ਪੰਨਾ 77.
4. ਗੁਰਮਿੰਦਰ ਜੀਤ, **ਦਿੱਲੀ** (ਤ੍ਰੈਮਾਸਿਕ), ਮਾਰਚ, 1978, ਪੰਨਾ 18.
5. ਮਹੀਪ ਸਿੰਘ, **ਮਾਨ ਸਰੋਵਰ**, 21 ਅਪਰੈਲ 1978, ਪੰਨਾ 3.
6. ਜਸਵੰਤ ਸਿੰਘ ਕੰਵਲ, **ਲੋਕ ਹੱਕ**, ਜੁਲਾਈ 1978, ਪੰਨਾ 26.
7. **ਹੁਣ ਤੂੰ ਸਾਲਗ੍ਰਾਮ ਨਹੀਂ**, ਪੰਨਾ 7.
8. ਉਹੀ, ਪੰਨਾ 12.
9. "From .. Mass pain of people she goes on to describe

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

the agony of rape. The burden of social sins that the raped woman carries is described with as much of condemnation as compassion."—ਮਨਮੋਹਨ ਸਿੰਘ, **ਹਵਾ ਠਹਿਰ ਗਈ**, ਪੰਨਾ 11.

10. **ਅੰਤਰਮੁਖੀ**, ਪੰਨਾ 24 ਤੋਂ 52.
11. "ਮੇਰਾ ਇੰਟਰਵਿਊ", ਉਹੀ, ਪੰਨਾ 128.
12. ਉਹੀ, ਪੰਨਾ 129.
13. ਉਹੀ, ਪੰਨਾ 132.
14. ਉਹੀ, ਪੰਨਾ 146.
15. **ਕਾਤਰਾਂ**, ਪੰਨਾ 5.
16. "ਭੇਦ", **ਕਾਤਰਾਂ**, ਪੰਨਾ 36.
17. "ਸੱਚ ਜਾਣਨ ਤੋਂ ਪਹਿਲਾਂ", ਉਹੀ, ਪੰਨਾ 91.
18. "ਤੰਦ", **ਹੁਣ ਤੂੰ ਸਾਲਗ੍ਰਾਮ ਨਹੀਂ**, ਪੰਨਾ 39.
19. "ਕੋਈ ਪੁੱਛਦਾ ਏ", ਉਹੀ, ਪੰਨਾ 35.
20. "ਭੇਦ" **ਕਾਤਰਾਂ**, ਪੰਨੇ 38-39.
21. ਉਹੀ, ਪੰਨੇ 49-50.
22. ਉਹੀ, ਪੰਨਾ 16.
23. ਉਹੀ, ਪੰਨਾ 20.
24. "**ਹੁਣ ਤੂੰ ਸਾਲਗ੍ਰਾਮ ਨਹੀਂ**", ਪੰਨਾ 13.
25. "ਹੋਂਦ", ਉਹੀ, ਪੰਨਾ 37.
26. "ਜਾਮਾ ਲੀਰੋ ਲੀਰ", ਉਹੀ, ਪੰਨਾ 36.
27. ਉਹੀ, ਪੰਨਾ 34.
28. "ਵੇਦਨ" **ਹਵਾ ਠਹਿਰ ਗਈ**, ਪੰਨਾ 67.
29. ਉਹੀ, ਪੰਨਾ 19-20.
30. ਉਹੀ, ਪੰਨਾ 19.
31. ਉਹੀ, ਪੰਨਾ 31.
32. ਉਹੀ, ਪੰਨਾ 25.
33. ਤਰਲੋਕ ਸਿੰਘ ਕੰਵਰ, "ਭੂਮਿਕਾ", **ਹੁਣ ਤੂੰ ਸਾਲਗ੍ਰਾਮ ਨਹੀਂ**, ਪੰਨਾ 10.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਰਨ ਮੱਕੜ ਦੀ ਕਾਵਿ ਰਚਨਾ : ਨਾਰੀ ਸੰਵੇਦਨਾ

ਸ਼ਰਨ ਮੱਕੜ ਦੇ ਕਾਵਿ-ਜਗਤ ਵਿਚੋਂ ਗੁਜ਼ਰ ਕੇ ਉਸ ਦੀ ਰਚਨਾ ਵਿਚ ਪੇਸ਼ ਹੋਏ ਨਾਰੀ-ਸੰਵੇਦਨਾ ਦੇ ਵਿਭਿੰਨ ਪਾਸਾਰਾਂ ਦਾ ਚਿਹਰਾ ਮੁਹਰਾ ਉਲੀਕਣਾ ਇਸ ਅਧਿਆਇ ਦਾ ਉਦੇਸ਼ ਹੈ। ਸ਼ਰਨ ਮੱਕੜ ਨੇ ਹੁਣ ਤਕ ਪੰਜ ਕਾਵਿ ਸੰਗ੍ਰਹਿਆਂ ਦੀ ਰਚਨਾ ਕੀਤੀ ਹੈ ਜਿਨ੍ਹਾਂ ਸੰਬੰਧੀ ਵੇਰਵੇ ਨਿਮਨ ਅੰਕਿਤ ਹਨ :

ੳ. ਅਪਰਾਧ ਦਾ ਸ਼ਗਨ, 1976

ਅ. ਕਦੋਂ ਕੋਈ ਆਵੇਗਾ, 1981

ੲ. ਮਿੰਨ੍ਹੀ ਨਿੰਮ੍ਹੀ ਲੋਅ (ਮਿੰਨੀ ਕਵਿਤਾਵਾਂ)

ਸ. ਚੇਤਨਾ ਦੀ ਮਿੱਟੀ (ਮਿਤੀਹੀਨ)

ਹ. ਰਿਸ਼ਤਿਆਂ ਦੀ ਪਰਕਰਮਾ, 1987

ਇਨ੍ਹਾਂ ਸਾਰੇ ਕਾਵਿ-ਸੰਗ੍ਰਹਿਆਂ ਵਿਚ ਸੰਮਲਿਤ ਵਧੇਰੇ ਕਵਿਤਾਵਾਂ ਨਾਰੀ ਦੀ ਵਰਤਮਾਨ ਸਥਿਤੀ ਤੇ ਅਤੀਤ ਨਾਲ ਸੰਬੰਧਿਤ ਹਨ। ਕਈ ਵਾਰ ਇਕ ਹੀ ਥੀਮ ਨੂੰ ਵੱਖਰੇ ਕਾਵਿਕ-ਅੰਦਾਜ਼ ਨਾਲ ਕਿਸੇ ਦੂਸਰੀ ਰਚਨਾ ਵਿਚ ਵੀ ਪੇਸ਼ ਕੀਤਾ ਗਿਆ ਹੈ। ਵਿਸ਼ੇਸ਼ ਥੀਮ ਦੇ ਦ੍ਰਿਸ਼ਟੀਕੋਣ ਤੋਂ ਜੇਕਰ ਵੱਖ ਵੱਖ ਰਚਨਾਵਾਂ ਵਿਚ ਪੇਸ਼ ਕਵਿਤਾਵਾਂ ਬਾਰੇ ਵਿਚਾਰ-ਚਰਚਾ ਕੀਤੀ ਜਾਵੇ ਤਾਂ ਅਨੁਚਿਤ ਦੁਹਰਾਉ ਤੋਂ ਨਹੀਂ ਬਚਿਆ ਜਾ ਸਕਦਾ। ਇਸੀ ਵਿਧੀ ਮੂਲਕ ਨੁਕਤੇ ਪ੍ਰਤਿ ਚੇਤਨਾ ਸਦਕਾ ਅਸੀਂ ਉਸ ਦੀ ਇਕੱਲੀ ਇਕੱਲੀ ਰਚਨਾ ਵਿਚੋਂ ਗੁਜ਼ਰਣ ਦੀ ਬਜਾਏ ਸਮੁੱਚੇ ਰੂਪ ਵਿਚ ਇਨ੍ਹਾਂ ਰਚਨਾਵਾਂ ਨੂੰ ਅਧਿਐਨ-ਵਸਤੂ ਬਣਾ ਰਹੇ ਹਾਂ। ਅਜੇਹਾ ਕਰਨ ਨਾਲ ਅਸੀਂ ਉਸ ਦੀ ਰਚਨਾ ਵਿਚ ਪੇਸ਼ ਨਾਰੀ-ਸੰਵੇਦਨਾ ਦੇ ਵੱਖ ਵੱਖ ਪਾਸਾਰਾਂ ਨਾਲ ਪਰਿਚਿਤ ਵੀ ਹੋ ਸਕਾਂਗੇ ਅਤੇ ਉਸ ਦੇ ਉਸ ਦ੍ਰਿਸ਼ਟੀਕੋਣ ਦੀ ਟੋਹ ਵੀ ਹਾਸਲ ਕਰਾਂਗੇ ਜਿਸ ਤੋਂ ਉਸ ਦੀ ਸੰਵੇਦਨਾ ਨੂੰ ਰੂਪ ਤੇ ਆਕਾਰ ਹਾਸਲ ਹੁੰਦਾ ਹੈ।

ਸ਼ਰਨ ਮੱਕੜ ਕਾਵਿ ਦੀ ਨਾਰੀ ਸੰਵੇਦਨਾ ਦੇ ਦ੍ਰਿਸ਼ਟੀਕੋਣ ਤੋਂ ਪਰਖ ਜੋਖ ਅਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਹੋਈ। ਉਸ ਦੇ ਸਮੁੱਚੇ ਕਾਵਿ ਬਾਰੇ, ਉਸ ਦੀਆਂ ਪ੍ਰਮੁੱਖ ਥੀਮਿਕ-ਧੁਨੀਆਂ ਅਤੇ ਕਾਵਿਕ ਵਿਲੱਖਣਤਾ ਬਾਰੇ ਕੁਝ ਕੁ ਟਿੱਪਣੀਆਂ ਜ਼ਰੂਰ ਪੇਸ਼ ਕੀਤੀਆਂ ਗਈਆਂ ਹਨ। ਉਹ ਇਕ ਇਸਤਰੀ-ਕਵੀ ਹੋਣ ਦੇ ਨਾਤੇ ਨਾਰੀ ਸੰਬੰਧੀ ਕਿਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਰਖਦੀ ਹੈ? ਉਸ ਦੇ ਜੀਵਨ ਨੂੰ ਚਿਤਰਦੀ ਵੀ ਹੈ ਜਾਂ ਨਹੀਂ? ਜੇਕਰ ਨਾਰੀ ਦੇ ਜੀਵਨ ਨੂੰ ਚਿਤਰਦੀ ਹੈ ਤਾਂ ਉਸ ਦੇ ਜੀਵਨ ਦੇ ਕਿਹੜੇ ਪਾਸਾਰਾਂ ਉੱਪਰ ਧਿਆਨ ਕੇਂਦ੍ਰਿਤ ਕਰਦੀ ਹੈ? ਕੀ ਉਸ ਪਾਸ ਨਾਰੀ ਜੀਵਨ ਨੂੰ ਚਿਤਰਣ ਲਈ ਕੋਈ ਇਤਿਹਾਸਕ ਸੋਝੀ ਹੈ ਜਾਂ ਨਾਰੀ ਦੇ ਜੀਵਨ ਪ੍ਰਤਿ ਭਾਵੁਕ ਪ੍ਰਤਿਕਰਮ ਹੀ ਪੇਸ਼ ਕਰਦੀ ਹੈ? ਕੀ ਉਹ ਕਾਵਿ ਦੇ ਰਾਹੀਂ ਨਾਰੀ ਦੇ ਜੀਵਨ ਸੰਬੰਧੀ ਕੋਈ ਸੰਤੁਲਿਤ ਦ੍ਰਿਸ਼ਟੀਕੋਣ ਪੇਸ਼ ਕਰ ਸਕੀ ਹੈ ਜਾਂ ਉਸ ਦੀਆਂ ਰਚਨਾਵਾਂ ਵੀ ਸ੍ਵੈ-ਤਰਸ ਤੇ ਪੀੜਾ-ਮੋਹ ਦੀ ਰੁਚੀ ਦੇ ਗਲਬੇ ਹੇਠ ਹੀ ਦਮ ਤੋੜ ਜਾਂਦੀਆਂ ਹਨ? ਮੱਕੜ-ਕਾਵਿ ਨੂੰ ਅਧਿਐਨ-ਵਸਤੂ ਬਣਾਉਣ ਵਾਲੇ ਚਿੰਤਕਾਂ ਵਲੋਂ ਉਸ ਦੇ ਕਾਵਿ ਦੇ ਥੀਮਕ ਪਾਸਾਰਾਂ ਸੰਬੰਧੀ ਹੇਠ ਲਿਖੇ ਸੂਤਰ ਪ੍ਰਮੁੱਖ ਰੂਪ ਵਿਚ ਉਘਾੜੇ ਗਏ ਹਨ;

ੳ. ਸ਼ਰਨ ਮੱਕੜ ਦੀ ਕਾਵਿ-ਰਚਨਾ ਦੀ ਮੂਲ ਪ੍ਰੇਰਨਾ ਇਕ ਤੀਬਰ ਮਾਨਸਿਕਤਾ ਤੋਂ ਉਤਪੰਨ ਹੁੰਦੀ ਹੈ; ਆਲੇ ਦੁਆਲੇ ਦੇ ਭਰੇ-ਭਰਾਤੇ ਮਾਹੌਲ ਵਿਚ ਇਕ ਲੋਚਾ, ਇਕ ਕਮੀ, ਇਕ ਭਾਵਨਾ, ਇਕ ਇੱਛਾ, ਇਕ ਅਪੂਰਤੀ ਦਾ ਅਹਿਸਾਸ। ਇਸ ਨੂੰ ਉਹ ਭਰਪੂਰ ਕਾਵਿ ਅਭਿਵਿਅਕਤੀ ਪ੍ਰਦਾਨ ਕਰਦੀ ਹੈ। ਉਸ ਦੀ ਸਾਰੀ ਕਾਵਿ ਸਾਧਨਾ ਖਾਸ ਤੌਰ ਤੇ ਇਨ੍ਹਾ ਨੁਕਤਿਆਂ ਉੱਪਰ ਕੇਂਦਰਿਤ ਰਹਿੰਦੀ ਹੈ? ਉਹ ਸਥਿਤੀਆਂ, ਪਰਿਸਥਿਤੀਆਂ ਤੇ ਚੌਗਿਰਦੇ ਦੇ ਵਾਤਾਵਰਣ ਨੂੰ ਆਪਣੇ ਝਰੋਖੇ ਥਾਣੀ ਨਿਹਾਰਦੀ ਹੈ ਅਤੇ ਇਸ ਦੀ ਨਿਰਖ ਪਰਖ ਕਰਦੀ ਹੈ। ਇਸ ਤੋਂ ਇਲਾਵਾ ਕਈ ਵਾਰ ਉਸ ਦੀ ਕਵਿਤਾ ਮਨੁੱਖੀ ਸਭਿਅਤਾ ਉਪਰ ਪਾਏ ਹੋਏ ਉਛਾੜਾਂ ਨੂੰ ਉਤਾਰ ਕੇ ਉਸ ਅੰਦਰ ਲੁਕੀ ਹੋਈ ਵਿਕਰਾਲਤਾ ਨੂੰ ਉਘਾੜਨ ਦੇ ਪੱਧਰ ਤੱਕ ਵੀ ਪਹੁੰਚ ਜਾਂਦੀ ਹੈ।[1]

ਅ. (ਸ਼ਰਨ ਮੱਕੜ) ਨੇ ਮਨੁੱਖੀ ਹੋਂਦ ਦੇ ਕਈ ਮੂਲ ਤੇ ਮਹਤਵਪੂਰਣ ਪੱਖਾਂ ਨੂੰ ਛੋਹਿਆ ਹੈ। ਅੱਜ ਮਨੁੱਖੀ ਹੋਂਦ ਉੱਪਰ ਪ੍ਰਸ਼ਨ ਚਿੰਨ੍ਹ ਲੱਗਾ ਹੋਇਆ ਹੈ। ਮਨੁੱਖ ਨੂੰ ਆਪਣੀ ਹੋਂਦ ਗੁਆਚੀ ਹੋਈ ਤੇ ਨਿਰਰਥਕ ਪ੍ਰਤੀਤ ਹੁੰਦੀ ਹੈ। ਉਸ ਨੂੰ ਆਪਣੀ ਹੋਂਦ ਜੜ੍ਹੋਂ ਉਖੜੀ ਹੋਈ ਦਿਖਾਈ ਦੇਂਦੀ ਹੈ... (ਉਸ ਨੇ ਆਪਣੀਆਂ ਕੁਝ ਕਵਿਤਾਵਾਂ) ਵਿਚ ਸਭਿਆਚਾਰਕ ਕੀਮਤਾਂ ਦੀ ਟੁੱਟ-ਭੱਜ ਵਿਚੋਂ ਪੈਦਾ ਹੋਈਆਂ ਉਲਝਣਾਂ ਨੂੰ ਬੜੇ ਭਾਵਪੂਰਤ ਢੰਗ ਨਾਲ ਪ੍ਰਗਟਾਇਆ ਹੈ।[2]

ੲ. (ਸ਼ਰਨ ਮੱਕੜ) ਅਨੁਸਾਰ ਪਦਾਰਥਕ ਪ੍ਰਾਪਤੀਆਂ ਦੇ ਸੁਨਹਿਰੀ ਫਰੇਮ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੀ ਹੋਂਦ ਨੂੰ ਖਤਮ ਕਰ ਦੇਣ ਨਾਲੋਂ ਮੌਲਿਕ ਤੇ ਸ੍ਵੈ-ਇਛਿਤ ਹੋਂਦ ਜੀਉਣੀ ਜ਼ਿਆਦਾ ਮੁੱਲਵਾਨ ਹੈ।[3]

ਸ. ਮੱਕੜ ਦੀ ਕਵਿਤਾ ਨਵੀਨ ਚੇਤਨਾ ਦੀ ਸੂਚਕ ਹੈ। ਸਾਡੀ ਜੀਵਨਧਾਰਾ ਦੇ ਲਗਭਗ ਹਰ ਪੱਖ ਵਿਚ ਨਵੀਂ ਚੇਤਨਾ ਪੈਦਾ ਹੋ ਚੁੱਕੀ ਹੈ। ਇਸ ਨਵੀਂ ਚੇਤਨਾ ਨੇ ਪਰੰਪਰਾ ਦੇ ਕਈ ਅਜਿਹੇ ਅੰਗਾਂ ਨੂੰ ਅਰਥਹੀਨ ਸਾਬਤ ਕਰ ਦਿੱਤਾ ਹੈ ਜੋ ਮਨੁੱਖੀ ਜ਼ਿੰਦਗੀ ਲਈ ਫੋਕਟ ਸਨ, 'ਨਵੀਂ ਚੇਤਨਾ" ਵਿਚ ਨਵੀਂ ਸੋਚਧਾਰਾ ਨੂੰ ਪੁਰਾਣੇ ਵਿਸ਼ਵਾਸਾਂ, ਵਹਿਮਾਂ-ਭਰਮਾਂ ਤੋਂ ਮਨੁੱਖ ਨੂੰ ਮੁਕਤ ਕਰ ਦਿੱਤਾ ਹੈ।[4]

ਮੱਕੜ-ਕਾਵਿ ਵਿਚ ਗੱਲ ਭਾਵੇਂ ਅਪੂਰਤੀ ਦੇ ਅਹਿਸਾਸ ਦੀ ਹੋਵੇ, ਚੌਗਿਰਦੇ ਦੀ ਘੁਟਣ ਜਾਂ ਮਨੁੱਖੀ ਸਭਿਅਤਾ ਦੇ ਅਣਦਿਸਦੇ ਵਿਕਰਾਲ ਰੂਪ ਦੀ, ਸਭਿਆਚਾਰਕ ਕੀਮਤਾਂ ਦੀ ਟੁੱਟ ਭੱਜ ਦੀ, ਪਦਾਰਥਕ ਪ੍ਰਾਪਤੀਆਂ ਦੇ ਬਾਵਜੂਦ ਕਿਸੇ ਆਤਮਕ ਲੋਚਾ ਦੀ ਜਾਂ ਪੁਰਾਣੀ ਸੋਚ ਦਾ ਖੰਡਨ ਕਰਨ ਵਾਲੀ ਚੇਤਨਾ ਦੀ, ਇਸ ਸਭ ਕੁਝ ਦੀ ਤੀਖਣ-ਚੇਤਨਾ ਤੇ ਅਭਿਵਿਅਕਤੀ ਪਿੱਛੇ ਇਕ ਸੰਵੇਦਨਸ਼ੀਲ ਨਾਰੀ-ਆਪੇ ਦੀ ਕਾਰਜਸ਼ੀਲਤਾ ਸਹਿਜ ਰੂਪ ਵਿਚ ਹੀ ਪਛਾਣੀ ਜਾ ਸਕਦੀ ਹੈ। ਇਹ ਨਾਰੀ-ਆਪਾ ਜਾਂ ਵਿਅਕਤਿਤਵ ਆਪਣੇ ਆਲੇ ਦੁਆਲੇ ਨੂੰ ਆਪਣੀ ਜਾਤੀ ਦੇ ਸੰਦਰਭ ਵਿਚ ਵੇਖਦਾ-ਵਿਚਾਰਦਾ ਹੋਇਆ ਕਾਵਿ ਦੇ ਮਾਧਿਅਮ ਰਾਹੀਂ ਉਸ ਉੱਪਰ ਟਿੱਪਣੀਆਂ ਪੇਸ਼ ਕਰਦਾ ਹੈ। ਨਿਸ਼ਚੇ ਹੀ ਇਹ ਆਪਾ ਕਿਸੇ ਇਕੱਲੀ ਨਾਰੀ ਦਾ ਨਹੀਂ ਸਗੋਂ ਸਮੂਹ ਨਾਰੀ ਵਰਗ ਦਾ ਹੈ ਜੋ ਪ੍ਰਾਪਤ ਸਭਿਆਚਾਰਕ ਮੁੱਲਾਂ ਪ੍ਰਤਿ ਅਸੰਤੁਸ਼ਟੀ ਦਾ ਇਜ਼ਹਾਰ ਕਰਦਾ ਹੈ, ਜਿਸ ਨੂੰ ਪ੍ਰਚਲਿਤ ਕੀਮਤਾਂ ਫੋਕਟ ਤੇ ਅਰਥਹੀਣ ਪ੍ਰਾਪਤ ਹੁੰਦੀਆਂ ਹਨ ਅਤੇ ਜਿਸ ਦੀ ਮਾਨਸਿਕਤਾ ਵਿਚ ਨਵੀਂ ਚੇਤਨਾ ਦੇ ਬੀਜ ਪੁੰਗਰ ਰਹੇ ਹਨ।

ਨਾਰੀ-ਸੰਵੇਦਨਾ ਦੀ ਅਭਿਵਿਅਕਤੀ ਦੇ ਦ੍ਰਿਸ਼ਟੀਕੋਣ ਤੋਂ ਮੱਕੜ-ਕਾਵਿ ਦਾ ਪਹਿਲਾ ਪਾਸਾਰ ਅਜੇਹੀ ਨਾਰੀ ਦੀ ਸੰਵੇਦਨਾ ਨੂੰ ਪੇਸ਼ ਕਰਨਾ ਹੈ ਜਿਸ ਨੂੰ ਪਦਾਰਥਕ ਪ੍ਰਾਪਤੀਆਂ ਜਾਂ ਦੁਨਿਆਵੀ ਸੁੱਖ-ਸਹੂਲਤਾ ਹਾਸਲ ਹੋਣ ਦੇ ਬਾਵਜੂਦ ਇਹ ਮਹਿਸੂਸ ਹੁੰਦਾ ਰਹਿੰਦਾ ਹੈ ਕਿ ਉਹ ਮਜਬੂਰੀ ਭਰਿਆ ਜੀਵਨ ਬਸਰ ਕਰ ਰਹੀ ਹੈ। ਇੰਜ ਮੱਕੜ ਪਦਾਰਥਕ ਪ੍ਰਾਪਤੀਆਂ ਤੇ ਆਤਮਿਕ ਅਸੰਤੁਸ਼ਟੀ ਦੇ ਤਨਾਉ ਨੂੰ ਆਪਣੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਪੇਸ਼ ਕਰਦੀ ਹੈ। ਉਸ ਦੇ ਕਾਵਿ ਵਿਚ ਪੇਸ਼ ਨਾਰੀ ਪਦਾਰਥਕ ਸੁੱਖ ਸਹੂਲਤਾਂ ਨੂੰ ਮਾਣਨ ਦੀ ਥਾਂ ਆਜ਼ਾਦੀ, ਮਰਜ਼ੀ ਤੇ ਸ੍ਵੈ-ਇੱਛਾ ਭਰਪੂਰ ਜੀਵਨ ਜੀਉਣ ਦੀ ਲੋਚਾ ਰੱਖਦੀ ਹੈ। ਆਪਣੇ ਜੀਵਨ ਦੁਆਲੇ ਪੱਸਰੇ ਪਾਸਾਰ ਉਸਦੀ ਸੁਤੰਤਰਤਾ ਦੀ ਲੋਚਾ ਨੂੰ ਸਗੋਂ ਹੋਰ ਤਿੱਖਾ ਕਰਦੇ ਹਨ। ਇਸੇ ਸਦਕਾ ਹੀ ਉਸ ਨੂੰ ਆਪਣੀ ਹੋਂਦ ਦੇ ਨਿਰਾਰਥਕ ਹੋਣ ਜਾਂ ਗੁਆਚੇ ਹੋਣ ਦਾ ਅਹਿਸਾਸ ਹੁੰਦਾ ਹੈ। ਅਸਤਿਤਵ ਦੇ ਗੁਆਚੇ ਹੋਣ ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਭਿਆਚਾਰਕ ਕੀਮਤਾਂ ਦੀ ਟੁੱਟ-ਭੱਜ ਉਲਝਣਾਂ ਤੇ ਸਮੱਸਿਆਵਾਂ ਦੀ ਪੇਸ਼ਕਾਰੀ ਉਸ ਦੀ ਚੇਤਨਾ ਵਿਚੋਂ ਹੀ ਆਪਣਾ ਵਜੂਦ ਹਾਸਲ ਕਰਦੀ ਹੈ। ਇਹ ਵੱਖਰੀ ਗੱਲ ਹੈ ਕਿ ਇਹ ਸਭ ਕੁਝ ਉਪਰੋਂ ਉਪਰੋਂ ਸਾਨੂੰ ਅਜੋਕੇ ਯੁੱਗ ਵਿਚਲੇ ਮਸ਼ੀਨੀਕਰਣ ਵਿਚੋਂ ਉਤਪੰਨ ਹੋਈ ਅਜਨਬੀਅਤ ਦੀ ਭਾਵਨਾ ਦਾ ਝਾਉਲਾ ਪਾਉਂਦਾ ਹੈ, ਪਰ ਅਸਲ ਸੰਦਰਭ ਅਜੋਕੇ ਯੁੱਗ ਵਿਚ ਨਾਰੀ ਨੂੰ ਪ੍ਰਾਪਤ ਹੋਏ ਜੀਵਨ-ਮੁੱਲ ਜਾਂ ਕੀਮਤਾਂ ਹੀ ਹਨ, ਜਿਨ੍ਹਾਂ ਪ੍ਰਤਿ ਉਹ ਸੰਤੁਸ਼ਟ ਨਹੀਂ। ਇਸ ਅਸੰਤੁਸ਼ਟੀ ਦੇ ਪ੍ਰਗਟਾਵੇ ਲਈ ਉਹ ਆਪਣੀ ਸਿਰਜਣਾ ਵਿਚ ਰੂਹ ਤੇ ਜਿਸਮ ਦੇ ਤਨਾਉ ਨੂੰ ਪੇਸ਼ ਕਰਦੀ ਹੋਈ ਨਾਰੀ-ਵੇਦਨਾ ਨੂੰ ਪ੍ਰਗਟ ਕਰਦੀ ਹੈ :

ਰੂਹ ਬਿਨਾ ਜਿਸਮ ਲਾਸ਼ ਹੈ
ਤੇ ਜਿਸਮ ਬਿਨਾਂ ਰੂਹ ਪ੍ਰੇਤ ਆਤਮਾ
ਕੀ ਮੈਂ ਲਾਸ਼ ਹਾਂ ?
ਜਾਂ ਪ੍ਰੇਤ ਆਤਮਾ ?
ਇਹ ਸਵਾਲ
ਮਨ ਦੀ ਸੂਲੀ ਤੇ ਲਟਕ ਰਿਹਾ ਹੈ
ਕਿਉਂਕਿ
ਜਿੱਥੇ ਮੇਰਾ ਜਿਸਮ ਹੁੰਦਾ ਹੈ, ਉਥੇ ਰੂਹ ਨਹੀਂ
ਜਿੱਥੇ ਰੂਹ ਹੁੰਦੀ ਹੈ, ਜਿਸਮ ਨਹੀਂ।[6]

ਰੂਹ ਤੇ ਜਿਸਮ ਦਾ ਇਹ ਤਨਾਉ ਉਦੋਂ ਹੋਰ ਵੀ ਪ੍ਰਚੰਡ ਰੂਪ ਅਖ਼ਤਿਆਰ ਕਰ ਜਾਂਦਾ ਹੈ ਜਦੋਂ ਨਾਰੀ ਅੰਦਰ ਇਹ ਚੇਤਨਾ ਪੈਦਾ ਹੁੰਦੀ ਹੈ ਕਿ ਉਸ ਪ੍ਰਤੀ ਪੁਰਸ਼ ਦੇ ਆਕਰਸ਼ਣ ਦਾ ਕਾਰਣ ਉਸ ਦੀ ਅੰਦਰਲੀ ਯੋਗਤਾ ਨਹੀਂ, ਬਲਕਿ ਬਾਹਰਲੀ ਖ਼ੂਬਸੂਰਤੀ ਹੈ। ਉਸ ਦਾ ਇਹ ਬਾਹਰਲਾ ਰੂਪ ਜਦੋਂ ਅਖੌਤੀ ਸਿਫ਼ਤ ਦਾ ਭਾਗੀ ਬਣਦਾ ਹੈ ਤਾਂ ਉਸ ਦਾ ਅੰਦਰਲਾ ਜਿਵੇਂ ਤ੍ਰੇੜਿਆ ਜਾਂਦਾ ਹੈ। ਮਰਦ-ਪ੍ਰਧਾਨ ਸਮਾਜ ਵਿਚਲੀ ਨਾਰੀ ਦੇ ਸਿਰਫ਼ ਬਾਹਰਲੇ ਸਰੂਪ ਨੂੰ ਹੀ ਮਹੱਤਵ ਪ੍ਰਦਾਨ ਕਰਨ ਵਾਲੀ ਦ੍ਰਿਸ਼ਟੀ ਉਸ ਦੇ ਤਿੱਖੇ ਵਿਅੰਗ ਦਾ ਕੇਂਦਰ ਬਣਦੀ ਹੈ। "ਪ੍ਰਦਰਸ਼ਨੀ" ਕਵਿਤਾ ਮਰਦ-ਪ੍ਰਧਾਨ ਸਮਾਜ ਦੇ ਅਜਿਹੇ ਵਰਤਾਰੇ ਨੂੰ ਹੀ ਚਿਤਰਦੀ ਹੈ :

ਜਦੋਂ ਤੀਕ ਉਹ ਸਾੜ੍ਹੀ ਸੀ
ਉਹ ਬੜੇ ਖੁਸ਼ ਸਨ
ਉਹ ਸਾੜ੍ਹੀ ਦੇ ਨਿੱਤ ਨਵੇਂ ਰੰਗਾਂ ਦੀ
ਨਿੱਤ ਨਵੇਂ ਪ੍ਰਿੰਟਾਂ ਦੀ ਪ੍ਰਦਰਸ਼ਨੀ ਸੀ
ਤੇ ਉਹਦਾ ਚਰਚਾ ਸੀ
ਵਿਉਪਾਰ, ਮੁਹੱਬਤ ਤੇ ਧਰਮ ਦੇ ਇਕਰਾਰਨਾਮਿਆਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਨੀਆਂ, ਕੰਨਿਆ ਵਿਚ

ਘਰਾਂ, ਕਲੱਬਾਂ, ਪਾਰਟੀਆ ਤੇ ਸੋਸ਼ਲ ਇਕੱਠਾਂ ਵਿਚ ।[6]

ਇਸ ਕਵਿਤਾ ਵਿਚਲੇ ਵੇਰਵੇ ਸਾੜ੍ਹੀ, ਸਾੜ੍ਹੀ ਦੀ ਫੱਬਤ, ਚਾਂਦੀ ਦਾ ਛੱਲਾ ਅਤੇ ਚਾਬੀਆਂ ਆਦਿ ਨਾਰੀ ਦੀ ਬਾਹਰੋਂ ਸੁਖ ਸਹੂਲਤਾਂ ਭਰਪੂਰ ਪਰ ਅੰਦਰੋਂ ਤਿੜਕੀ ਤੇ ਖੰਡਿਤ ਹੋਂਦ ਵੱਲ ਵੀ ਇਸ਼ਾਰਾ ਕਰਦੇ ਹਨ । ਇਸ ਹੋਂਦ ਦੇ ਤਿੜਕਣ ਦਾ ਕਾਰਨ ਸਮਾਜ ਦੇ ਉਹ ਮੁੱਲ ਹਨ ਜਿਹੜੇ ਨਾਰੀ ਦੀ ਸਾਲਮ-ਸਬੂਤੀ ਤੇ ਚੇਤਨਾ-ਭਰਪੂਰ ਹੋਂਦ ਨੂੰ ਅਪ੍ਰਵਾਨ ਕਰਦੇ ਹੋਏ ਉਸ ਨੂੰ ਭੋਗਣ ਮਾਨਣ ਦੀ ਵਸਤੂ ਤੋਂ ਵੱਧ ਮਹੱਤਵ ਪ੍ਰਦਾਨ ਨਹੀਂ ਕਰਦੇ । ਚੇਤਨ ਨਾਰੀ ਇੰਜ ਆਪਣਾ ਖਿਡੌਣੇ ਵਾਂਗ ਸਵੀਕਾਰਿਆ ਜਾਣਾ ਕਬੂਲ ਨਹੀਂ ਕਰਦੀ । ਜਦੋਂ ਉਹ ਅਬੋਧਤਾ ਜਾਂ ਮਾਸੂਮੀਅਤ ਦੀ ਅਵਸਥਾ ਤੋਂ ਚੇਤਨ ਅਵਸਥਾ ਤੱਕ ਦਾ ਸਫ਼ਰ ਤਹਿ ਕਰਦੀ ਹੈ ਤਾਂ ਉਹ ਸਭ ਤੋਂ ਪਹਿਲਾਂ ਇਨ੍ਹਾਂ ਪ੍ਰਚਲਿਤ ਮੁੱਲਾਂ ਪ੍ਰਤਿ ਹੀ ਅਸਵੀਕ੍ਰਿਤੀ ਦਾ ਇਜ਼ਹਾਰ ਵੀ ਕਰਦੀ ਹੈ :

ਇਕ ਦਿਨ ....
ਉਹਨੇ ਸਾੜੀ ਹੱਣ ਤੋਂ ਇਨਕਾਰ ਕਰ ਦਿੱਤਾ
ਨਿੱਤ ਨਵੇ ਰੰਗ ਦੇਖ ਕੇ ਉਹਨੂੰ
ਗਿਰਗਟ ਦੀ ਯਾਦ ਆਈ ਸੀ ।
ਉਹਨੇ ਚਾਂਦੀ ਦਾ ਛੱਲਾ ਬਣਨ ਤੋਂ ਵੀ
ਨਾਂਹ ਕਰ ਦਿੱਤੀ ਤਾਂ
... ...
ਜਦੋਂ ਉਹਦੀ ਅੱਖ ਦੇ ਬਿੰਦੂ ਵਿਚ ਬ੍ਰਹਿਮੰਡ ਸੀ
ਜ਼ਿਹਨ ਵਿਚ ਨਾ ਕਿੱਕਰ ਸੀ ।
ਤੇ ਨਾ ਨਜ਼ਰ ਵਿਚ ਸੂਲਾਂ
ਉਹ ਨੰਗ-ਮੁਨੰਗੀ ਆਪ ਸੀ
ਤੇ ਹੈਰਾਨ ਸੀ
ਕਿ ਨੰਗ-ਮੁਨੰਗੀ ਔਰਤ ਵੱਲ
ਕੋਈ ਨਹੀਂ ਸੀ ਦੇਖ ਰਿਹਾ ।[7]

ਚੇਤਨਾ ਦੀ ਇਸੇ ਅਵਸਥਾ ਸਦਕਾ ਉਹ ਨਾਰੀ ਨੂੰ ਕਮਰੇ ਵਿਚ ਸਜਾਵਟ ਲਈ ਰੱਖੇ ਮਨੀਪਲਾਂਟ ਜਿਹਾ ਦਰਜਾ ਦੇਣ ਤੋਂ ਇਨਕਾਰੀ ਹੁੰਦੀ ਹੈ । ਮੱਕੜ ਕਾਵਿ ਦੀ ਇਕ ਪਛਾਣ ਇਹ ਹੈ ਕਿ ਇਸ ਵਿਚ ਹਮੇਸ਼ਾਂ ਉਹ ਵਿਆਹੁਤਾ ਨਾਰੀ ਹੀ ਧਿਆਨ ਦਾ ਕੇਂਦਰ ਬਣਦੀ ਹੈ ਜਿਹੜੀ ਪਦਾਰਥਕ ਸੁੱਖ-ਸਹੂਲਤਾਂ ਕਾਰਣ ਬਾਹਰੋਂ ਤਾਂ ਸਾਲਮ ਸਬੂਤੀ ਲੱਗਦੀ ਹੈ ਪਰ ਅੰਦਰੋਂ ਪੂਰੀ ਤਰ੍ਹਾਂ ਚੂਰ ਚੂਰ ਹੋ ਚੁੱਕੀ ਹੈ । ਇਹ ਨਾਰੀ ਪਦਾਰਥਕ ਸੁੱਖਾਂ ਨਾਲੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜ਼ਿਹਨੀ ਆਜ਼ਾਦੀ ਨੂੰ ਵੱਧ ਮਹੱਤਵ ਦੇਂਦੀ ਹੈ। ਪਦਾਰਥਕ ਸੁਖ ਸਹੂਲਤਾਂ ਨਾਲ ਵਰੋਸਾਈ ਪਰੰਤੂ ਜ਼ਿਹਨੀ ਤੌਰ ਉੱਪਰ ਪਰੰਪਰਾਗਤ ਮੁੱਲਾਂ ਦੀ ਕੈਦ ਵਿਚ ਗੁਲਾਮਾਨਾ ਜ਼ਿੰਦਗੀ ਬਸਰ ਕਰ ਰਹੀ ਇਸ ਨਾਰੀ ਦੀ ਤ੍ਰਾਸਦੀ ਨੂੰ ਉਸ ਨੇ ਆਪਣੀਆਂ ਕਈ ਕਵਿਤਾਵਾਂ ਵਿਚ ਪੇਸ਼ ਕੀਤਾ ਹੈ। ਮਿਸਾਲ ਵਜੋਂ "ਮਹਿਕ ਦਾ ਮਰਸੀਆ" ਕਵਿਤਾ ਵਿਚ ਉਸ ਲਿਖਿਆ ਹੈ ;

ਤੇ ਜਦੋਂ ਕੋਈ.....
ਵਿਆਹ ਦੀ ਲਛਮਣ-ਰੇਖਾ ਵਾਹ ਕੇ
ਹੱਥਾਂ ਪੈਰਾਂ ਵਿਚ ਪਰੰਪਰਾ ਦੀਆਂ ਬੇੜੀਆ ਪਾ ਕੇ
ਮਕਤਲ ਨੂੰ ਮੰਦਰ ਆਖ ਕੇ
ਮੱਥਾ ਟੇਕਣ ਲਈ ਆਖਦਾ ਹੈ
ਤਾਂ ਜ਼ਿੰਦਗੀ ਰੱਦੀ ਦੇ ਭਾਅ ਵਿਕ ਜਾਂਦੀ ਹੈ
ਜਾਪਦਾ ਹੈ ਜਿਵੇਂ ਕਿਸੇ ਨੇ
ਮਹਿਕ ਦਾ ਮਰਸੀਆ ਪੜਿਆ ਹੋਵੇ।[8]

ਸਪੱਸ਼ਟ ਹੈ ਕਿ ਸ਼ਰਨ ਮੱਕੜ ਦੀ ਕਾਵਿ ਰਚਨਾ ਆਤਮਿਕ ਆਨੰਦ ਤੋਂ ਵਿਛੁੰਨੀ ਪਦਾਰਥਕ ਖੁਸ਼ਹਾਲੀ ਨੂੰ ਨਾਰੀ ਜੀਵਨ ਲਈ ਨਾ ਸਿਰਫ ਮਾੜੀ ਹੀ ਸਾਬਤ ਕਰਦੀ ਹੈ ਬਲਕਿ ਅਜੇਹੀ ਜ਼ਿੰਦਗੀ ਦੀ ਨਿਰਾਰਥਕਤਾ ਤੇ ਮੁੱਲਹੀਣਤਾ ਨੂੰ ਵੀ ਦਰਸਾਉਂਦੀ ਹੈ। ਇਸ ਕਵਿਤਾ ਵਿਚ ਕਟਾਖਸ਼ ਦੇ ਕੇਂਦਰ-ਬਿੰਦੂ ਸਮਾਜ ਵਿਚਲੇ ਉਹ ਮੁੱਲ ਬਣਦੇ ਹਨ ਜਿਹੜੇ ਨਾਰੀ ਦੀ ਚੇਤਨਾ ਤੇ ਸੋਚ ਤੋਂ ਸੱਖਣੇ ਵਜੂਦ ਨੂੰ ਅਹਿਮੀਅਤ ਪ੍ਰਦਾਨ ਕਰਦੇ ਹਨ। ਨਾਰੀ ਨੂੰ ਪਰੰਪਰਾਗਤ ਤੇ ਘਿਸੀਆਂ-ਪਿਟੀਆਂ ਕੀਮਤਾਂ ਸਦਕਾ ਕਈ ਵਾਰ ਆਪਣੀ ਸੋਚ ਤੇ ਚੇਤਨਾ ਨੂੰ ਲਾਂਭੇ ਰੱਖ ਕੇ ਅਜਿਹਾ ਸਮਝੌਤਾ ਕਰਨਾ ਪੈਂਦਾ ਹੈ ਜੋ 'ਸਿਰ ਗੁਆਉਣ" ਦੇ ਨਾਲ ਤੁਲਨਾਇਆ ਜਾ ਸਕਦਾ ਹੈ :

ਉਨ੍ਹਾਂ ਨੂੰ ਸੋਚਾਂ ਤੋਂ ਸੱਖਣਾ, ਚੇਤਨਾ ਤੋਂ ਕੋਰਾ
ਅੰਨ੍ਹਾ ਬੋਲਾ ਧੜ ਚਾਹੀਦਾ ਸੀ
ਉਹਨਾਂ ਕਿਹਾ ਜੇ ਫੁੱਲ ਬਣ ਕੇ ਖਿੜਨਾ ਹੈ
ਤਾਂ ਗਮਲਾ ਬਣ ਕੇ ਆਉ
ਇੰਜ ਹਵਾ ਨੂੰ ਹੱਥਕੜੀ ਲਾਉਣ ਦੀ
ਉਨ੍ਹਾ ਦੀ ਸਾਜ਼ਿਸ਼ ਕਾਮਯਾਬ ਹੋ ਗਈ
ਤੇ ਮੈਂ...ਫੁੱਲ ਬਣਨ ਦੀ ਖਾਤਰ
ਆਪਣਾ ਸਿਰ ਗਵਾ ਆਈ।[9]

ਸ਼ਰਨ ਮੱਕੜ ਦੀ ਕਾਵਿ-ਰਚਨਾ ਕਿਤੇ ਤਾਂ ਪਦਾਰਥਕ ਖੁਸ਼ਹਾਲੀ ਅਤੇ ਮਾਨਸਿਕ ਭੁੱਖਮਰੀ ਵਿਚ ਜੀ ਰਹੀ ਵਿਆਹੁਤਾ ਨਾਰੀ ਦੀ ਸੰਕਟ-ਗ੍ਰਸਤ ਤੇ ਸੰਤਾਪ ਭਰਪੂਰ ਜ਼ਿੰਦਗੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚਿਤਾਰਦੀ ਹੋਈ ਉਸਦੇ ਅੰਦਰ ਚੇਤਨਾ ਜਾਂ ਸੋਚ ਦੇ ਬੀਜ ਬੀਜਦੀ ਹੈ, ਕਿਤੇ ਉਸ ਦੀ ਸਾੜ੍ਹੀ ਜਾਂ ਕੁੰਜੀਆਂ ਦਾ ਛੱਲਾ ਬਣਨ ਤੋਂ ਇਨਕਾਰੀ ਹੋਈ ਹਉਂ ਨੂੰ ਅਗਰਭੂਮੀ ਵਿਚ ਲਿਆਉਂਦੀ ਹੈ ਅਤੇ ਕਿਤੇ ਸੀਤਾ ਦੇ ਲਛਮਣ-ਰੇਖਾ ਉਲੰਘਣ ਨੂੰ ਨਾਰੀ ਦੀ ਬਗਾਵਤ ਦਾ ਪ੍ਰਥਮ ਬੀਜ ਵੀ ਤਸਵੱਰ ਕਰਦੀ ਹੈ :

ਹਰ ਔਰਤ ਸੀਤਾ ਨਹੀਂ
ਪਰ, ਲਛਮਣ ਰੇਖਾ ਹਰ ਪੈਰਾਂ ਦਾ ਸਰਾਪ ਹੈ
ਜਿਸ ਦੀ ਗੁੜ੍ਹਤੀ ਹਰ ਧੀ ਨੂੰ
ਵਿਰਾਸਤ ਵਿਚ ਮਿਲਦੀ ਹੈ
ਪਰ ਮੈਂ ਸੋਚਦੀ ਹਾਂ...
ਸੀਤਾ ਨੇ ਲਛਮਣ ਰੇਖਾ ਉਲੰਘੀ ਤਾਂ ਸੀ
ਭਾਵੇਂ ਅਨਜਾਣੇ ਵਿਚ ਹੀ ਸਹੀ
ਕੀ ਉਹ ਬਗਾਵਤ ਦਾ ਬੀਜ ਨਹੀਂ ਸੀ ?[10]

ਪਰੰਤੂ ਇਸ ਅਵਸਥਾ ਨੂੰ ਚਿਤਰਨ ਦੇ ਨਾਲ ਨਾਲ ਯਥਾਰਥ ਜਾਂ ਵਸਤੂ-ਸਥਿਤੀ ਨੂੰ ਵਿਸਾਰਿਆ ਨਹੀਂ ਗਿਆ। ਨਾਰੀ ਹੋਣ ਦਾ ਅਹਿਸਾਸ ਇਨ੍ਹਾਂ ਕਵਿਤਾਵਾਂ ਦੀ ਮੂਲ ਸੁਰ ਹੈ। ਇਨ੍ਹਾਂ ਵਿਚਲੀ ਨਾਰੀ ਬੇਬਸੀ ਦੇ ਆਲਮ ਵਿਚ ਘਿਰੀ ਹੋਈ ਹੈ। ਉਹ ਨਾਰੀ ਦੇ ਉਸ ਬਿੰਬ ਨੂੰ ਉਜਾਗਰ ਕਰਦੀ ਹੈ ਜਿਹੜਾ ਸਾਮੰਤੀ-ਮੁੱਲਾਂ ਵਾਲੇ ਪੁਰਸ਼ ਪ੍ਰਧਾਨ ਸਮਾਜ ਵਿਚ ਨਾਰੀ ਲਈ ਘਰ ਦੀ ਚਾਰਦੀਵਾਰੀ ਦੀ ਗੁਲਾਮੀ ਵਿਚੋਂ ਪੈਦਾ ਹੁੰਦਾ ਹੈ। ਅਜਿਹੀ ਨਾਰੀ ਦੀ ਜੀਵਨ-ਯਾਤਰਾ ਬਿਸਤਰੇ ਤੋਂ ਰਸੋਈ ਤਕ ਸੀਮਤ ਹੋਣ ਸਦਕਾ "ਘਰ" ਦਾ ਅਰਥ ਵੀ ਉਸ ਲਈ ਘਰ ਨਹੀਂ ਰਹਿ ਜਾਂਦਾ ਸਗੋਂ ਗੁਲਾਮੀ ਦੀ ਜੰਜ਼ੀਰ ਵਿਚ ਜਕੜੇ ਅਸਤਿਤਵ ਦਾ ਬਦਲ ਹੋ ਨਿਬੜਦਾ ਹੈ। ਇਹ ਘਰ ਵੀ ਇਕ ਤਰ੍ਹਾਂ ਨਾਲ ਪਤੀ ਦੀ ਰਿਆਸਤ ਹੁੰਦਾ ਹੈ ਜਿਸ ਵਿਚ ਹਰ ਸ਼ੈਅ ਉਸ ਦੇ ਹੁਕਮ ਅਨੁਸਾਰ ਗਤੀ ਵਿਚ ਆਉਂਦੀ ਹੈ। ਨਾਰੀ ਦਾ ਅਸਤਿਤਵ ਇਸ ਛੋਟੀ ਰਿਆਸਤ ਵਿਚ ਇਕ ਵਸਤੂ ਹੁੰਦਾ ਹੈ ਅਤੇ ਉਸ ਦਾ ਜਿਸਮ ਮਰਦ ਲਈ ਐਸ਼ਗਾਹ ਬਣ ਜਾਂਦਾ ਹੈ। ਬਾਹਰਲੇ ਵਸਤੂ-ਸੰਸਾਰ ਵਿਚ ਦੱਬਿਆ ਕੁਚਲਿਆ ਪੁਰਖ ਵੀ ਇਸ ਰਿਆਸਤ ਵਿਚ ਆਪਣੀ ਹੋਂਦ ਤੇ ਹਉਂ ਨੂੰ ਅੱਵਲ ਤੇ ਨਾਰੀ ਦੀ ਹੋਂਦ ਨੂੰ ਦੁਜੈਲੀ ਤੇ ਹਉਂਹੀਣ ਤਸੱਵੁਰ ਕਰਦਾ ਹੈ। ਇਸ ਸਥਿਤੀ ਪ੍ਰਤਿ ਇਕ ਦਮਿਤ ਤੇ ਦਲਿਤ ਨਾਰੀ ਦੇ ਪ੍ਰਤੀਕਰਮ ਨੂੰ ਸੰਜਮ ਭਰਪੂਰ ਤੇ ਸੂਖਮ ਢੰਗ ਨਾਲ ਅੰਕਿਤ ਕਰਨ ਵਾਲੀਆਂ ਕੁਝ ਕਾਵਿ ਪੰਗਤੀਆਂ ਪੇਸ਼ ਹਨ :

ਹਰ ਸੀਤਾ ਦਾ ਮੁਕੱਦਰ ਬਨਬਾਸ ਹੈ
ਇਹ ਵੱਖਰੀ ਗੱਲ ਹੈ ਕਿ
ਇਹ ਬਨਵਾਸ ਜੰਗਲ ਦਾ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰ ਦਾ ਹੁੰਦਾ ਹੈ
ਤੇ ਘਰ ਵਿਚ ਰਾਮ ਨਹੀਂ
— ਪਤੀ ਦਾ ਹੁੰਦਾ ਹੈ ।[11]

ਲੇਖਿਕਾ ਨੂੰ ਇਸ ਗੱਲ ਦਾ ਭਲੀ ਭਾਂਤ ਬੋਧ ਹੈ ਕਿ ਨਾਰੀ ਦੀਆਂ ਬਹੁਤੀਆਂ ਸਮੱਸਿਆਵਾਂ ਦਾ ਕਾਰਣ ਗਲਤ ਸਮਾਜਕ ਕੀਮਤਾਂ ਹੀ ਹਨ। ਇਨ੍ਹਾਂ ਗਲਤ ਕੀਮਤਾਂ ਨੇ ਹੀ ਨਾਰੀ ਦਾ ਜੀਊਣਾ ਮੁਸ਼ਕਲ ਕੀਤਾ ਹੋਇਆ ਹੈ। ਅਜੇਹੀਆਂ ਕੀਮਤਾਂ ਵਿਚ ਨਾਰੀ ਨੂੰ ਮਹਿਜ਼ ਇਕ ਖਿਡੌਣਾ ਸਮਝਣਾ ਵੀ ਸ਼ਾਮਿਲ ਹੈ ਅਤੇ ਇਕ ਅੰਨ੍ਹਾ ਬੋਲਾ ਧੜ ਸਮਝਣਾ ਵੀ। ਸ਼ਰਨ ਮੱਕੜ ਨੇ ਇਨ੍ਹਾਂ ਗਲਤ ਕੀਮਤਾਂ ਉਤੇ ਉਸਰੇ ਸਮਾਜ ਦੀ ਵਿਆਹ ਪ੍ਰਣਾਲੀ ਉਤੇ ਸਭ ਤੋਂ ਵੱਧ ਚੋਟ ਕੀਤੀ ਹੈ, ਜਿਸ ਵਿਚ ਨਾਰੀ ਦੀ ਮਰਜ਼ੀ ਨੂੰ ਕੋਈ ਵੀ ਮਹੱਤਵ ਪ੍ਰਦਾਨ ਨਹੀਂ ਕੀਤਾ ਜਾਂਦਾ। ਵਿਆਹ ਨਾ ਦੀ ਇਸ ਮਾਨਸਿਕ ਦਮਨ ਦੀ ਰਵਾਇਤ ਨੂੰ ਤੀਖਣ ਚੋਟ ਦਾ ਨਿਸ਼ਾਨਾ ਬਣਾਉਂਦੀ ਹੋਈ ਉਹ ਲਿਖਦੀ ਹੈ :

ਜੇ ਮੇਰੀ ਹਥੇਲੀ ਤੋਂ
ਬੀਤੇ ਦਾ ਹਿਸਾਬ ਕਿਤਾਬ ਨਾ ਫਰੋਲੋ
ਤਾਂ ਮੈਂ ਆਖਾਂ
ਕਿ ਜਿਸਮਾਂ ਦੀ ਸਾਂਝ ਇਕ ਰਿਸ਼ਤਾ ਹੈ
ਜਿਸ ਦਾ ਸਭ ਤੋਂ ਸੌਖਾ ਨਾਂ ਵਿਆਹ ਹੈ
ਇਹ ਨਾਂ ਕਿਸੇ ਦੀ ਹਸਤੀ ਦੇ ਖੰਡਰ ਤੇ
ਸੋਨੇ ਦਾ ਕਲਸ ਸਜਾਉਂਦਾ
ਤੇ ਕਿਸੇ ਦਾ ਸਵਰਨ ਮੰਦਰ
ਮਿੱਟੀ ਦਾ ਕਲਸ ਬਣ ਜਾਂਦਾ ।[12]

ਨਾਰੀ-ਜੀਵਨ ਲਈ ਭਿਅੰਕਰ ਤੇ ਸਾਹ-ਘੁੱਟੂ ਵਸਤੂ-ਸਥਿਤੀ ਦੇ ਵਿਭਿੰਨ ਪਾਸਾਰਾਂ ਨੂੰ ਸ਼ਰਨ ਮੱਕੜ ਨੇ ਆਪਣੀਆਂ ਵਿਭਿੰਨ ਕਵਿਤਾਵਾਂ ਵਿਚ ਪੇਸ਼ ਕੀਤਾ ਹੈ। ਮਰਦ-ਪ੍ਰਦਾਨ ਸਮਾਜ ਵਿਚ ਵਿਚਰਦੇ ਮਰਦ ਦੀ ਵਹਿਸ਼ਤ ਨੂੰ ਜਰ ਰਹੀ ਨਾਰੀ ਉਸ ਨੂੰ ਲਾਲੋ ਤੇ ਭਾਗੋ ਦੋਵਾਂ ਦੇ ਹੱਥੋਂ ਨਪੀੜੀ ਜਾਂਦੀ ਪ੍ਰਤੀਤ ਹੁੰਦੀ ਹੈ। ਬਾਹਰ ਲਾਲੋ ਵਾਂਗ ਲੁੱਟ-ਖਸੁੱਟ ਦਾ ਸ਼ਿਕਾਰ ਮਰਦ ਘਰ ਵਿਚ ਦਾਖ਼ਲ ਹੋ ਕੇ ਭਾਗੋ ਵਾਲਾ ਵਿਉਹਾਰ ਕਰਦਾ ਹੈ। ਉਸ ਸੂਰਤ ਵਿਚ ਨਾਰੀ ਦੀ ਹਸਤੀ ਇਕ ਖਿੱਦੋ ਤੋਂ ਵੱਧ ਕੁਝ ਨਹੀਂ ਰਹਿ ਜਾਂਦੀ। ਉਸ ਦਾ ਇਹ ਕਹਿਣਾ ਕਿ : "ਸਮਾਜ ਭਾਵੇਂ ਦੋ ਧੜਿਆਂ ਵਿਚ ਵੰਡਿਆ ਹੋਇਆ ਹੈ/ਪਰ ਮੈਂ.../ ਲਾਲੋ ਤੇ ਭਾਗੋ ਦੇ ਦਰਮਿਆਨ ਦਾ ਮਨੁੱਖ ਹਾਂ" ਨਾਰੀ ਦੀ ਵਸਤੂ-ਸਥਿਤੀ ਦੀ ਠੀਕ ਨਿਸ਼ਾਨਦੇਹੀ ਕਰਦਾ ਹੈ। ਉਹ ਆਪਣੀਆਂ ਕਾਵਿ-ਰਚਨਾਵਾਂ ਵਿਚ ਮਰਦ ਦੇ ਨਾਰੀ ਪ੍ਰਤਿ ਵਹਿਸ਼ੀਆਨਾ ਰਵੱਈਏ ਨੂੰ ਚਿਤਰਦੀ ਵੀ ਹੈ ਅਤੇ ਇਸ ਦੀ ਨਿਖੇਧੀ ਵੀ ਕਰਦੀ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਮੀ ਜਦੋਂ...
ਪ੍ਰੇਮੀ ਤੋਂ ਪਤੀ
ਤੇ ਪਤੀ ਤੋਂ ਡਿਕਟੇਟਰ ਬਣ ਜਾਂਦਾਂ ਹੈ।
ਤਾਂ ਔਰਤ...
ਬਿਨਾਂ ਗੱਲ ਤੋਂ
ਇਹਨਾਂ ਵਿਚਾਲੇ ਖੇਡੀ ਜਾਣ ਵਾਲੀ
ਗੇਂਦ ਬਣ ਜਾਂਦੀ ਹੈ।[13]

ਮਰਦ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਣ ਵਾਲੀ ਤੇ ਉਸ ਦੇ ਅਤਿਆਰਾਰਾਂ ਨੂੰ ਚੁਪਚਾਪ ਸਹਿਣ/ਜਰਨ ਵਾਲੀ ਔਰਤ ਦੀਆਂ ਗੁੰਗੀਆਂ ਦੀਵਾਰਾਂ ਜਿਹੀ ਸਥਿਤੀ ਦਾ ਚਿਤ੍ਰਣ ਸ਼ਰਨ ਮੱਕੜ ਨੇ ਬੜੇ ਯਥਾਰਥਕ ਢੰਗ ਨਾਲ ਕੀਤਾ ਹੈ :

ਗੁੰਗੀਆਂ ਦੀਵਾਰਾਂ ਨੂੰ ਜਦ ਕੋਈ
ਚਾਬੁਕਾਂ ਮਾਰ ਕੇ ਸਮਝਦਾ ਹੈ ਕਿ
ਭੁਚਾਲ ਤੋਂ ਬਿਨਾਂ ਵੀ ਕੰਧਾਂ ਕੰਬਦੀਆਂ ਨੇ
ਇਹ ਉਦੋਂ ਹੀ ਵਾਪਰਦਾ ਹੈ
ਜਦੋਂ ਸਿਰ ਵਿਚ ਤਾਨਾਸ਼ਾਹੀ ਹੁੰਦੀ ਹੈ
ਜੋ ਦੂਜਿਆਂ ਨੂੰ ਸਿਰਫ਼ ਕੰਧਾਂ ਸਮਝਦੀ ਹੈ।[14]

ਔਰਤ ਉੱਪਰ ਅਜਿਹੇ ਹੈਵਾਨੀ ਅਤਿਆਚਾਰਾਂ ਦਾ ਕਾਰਣ ਮਰਦ ਦੇ ਅੰਦਰ ਵਸੀਆਂ ਜਗੀਰਦਾਰੀ ਨਿਜ਼ਾਮ ਵਿਚਲੀਆਂ ਪਰੰਪਰਾਗਤ ਕੀਮਤਾਂ ਹੀ ਹਨ ਜੋ ਮਰਦ ਨੂੰ ਇਕ ਹਉਮੈ ਦੇ ਪੁਤਲੇ ਵਜੋਂ ਪ੍ਰਵਾਨ ਕਰਦੀਆਂ ਹਨ ਅਤੇ ਉਸ ਦੇ ਮੁਕਾਬਲੇ ਵਿਚ ਨਾਰੀ ਨੂੰ ਇਕ ਨਿਰਬਲ ਤੇ ਨਿਰਹਉਂ ਵਸਤੂ ਵਜੋਂ ਦੇਖਦੀਆਂ ਹਨ। ਅਜਿਹੇ ਮੁੱਲਾਂ ਦੇ ਰੂਬਰੂ ਨਾਰੀ ਦੀ ਬੇਬਸੀ ਦੀ ਸੰਕਟਸ਼ੀਲ ਸਥਿਤੀ ਦੇ ਚਿਤਰਣ ਵਿਚ ਮੱਕੜ ਦੀ ਨਾਰੀ ਸੰਵੇਦਨਾ ਦੀ ਭਰਪੂਰ ਕਾਰਜਸ਼ੀਲਤਾ ਦ੍ਰਿਸ਼ਟੀਗੋਚਰ ਹੁੰਦੀ ਹੈ।[15] ਅਜਿਹੇ ਚਿਤਰਣ ਦੌਰਾਨ ਉਹ ਸਿੱਖ ਧਰਮ ਵਿਚਲੇ ਇਤਿਹਾਸਿਕ ਵੇਰਵਿਆਂ ਨੂੰ ਸਹਾਇਕ ਸ਼ਕਤੀ ਵਜੋਂ ਵਰਤਦੀ ਹੈ ਅਤੇ ਉਨ੍ਹਾਂ ਦੇ ਵਰਤਮਾਨ ਸੰਦਰਭ ਵਿਚ ਬਦਲੇ ਹੋਏ ਸਰੂਪ ਨੂੰ ਮਾਧਿਅਮ ਵੀ ਬਣਾਉਂਦੀ ਹੈ। ਗੁਰੂ ਗੋਬਿੰਦ ਸਿੰਘ ਵਲੋਂ ਆਪਣੀ ਸਿੱਖ ਕੌਮ ਵਾਸਤੇ ਸੁਝਾਏ ਗਏ ਮੂਲ ਆਦਰਸ਼ਾਂ ਦੇ ਅਮਲੀ ਰੂਪ ਦੀ ਵਿਕ੍ਰਿਤ ਸਥਿਤੀ ਦੀ ਪੇਸ਼ਕਾਰੀ ਰਾਹੀਂ ਉਸ ਨੇ ਨਾਰੀ ਦੀ ਤਰਸਯੋਗ ਸਥਿਤੀ ਨੂੰ ਇਸ ਤਰ੍ਹਾਂ ਚਿਤ੍ਰਿਤ ਕੀਤਾ ਹੈ :

ਉਸ ਚਿੜੀਆਂ ਤੋਂ ਬਾਜ ਬਨਣਾ ਸਿਖਾਇਆ ਸੀ
ਅਸੀਂ ਚਿੜੀਆਂ ਤੋਂ ਬਾਜ ਬਣੇ
ਤੇ ਮਜਲੂਮ ਚਿੜੀਆਂ ਤੇ ਝਪਟ ਪਏ।[16]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਚਿੜੀਆਂ ਤੋਂ ਬਾਜ ਬਣਨ ਦੀ ਅਜੋਕੇ ਮਨੁੱਖ ਦੀ ਪ੍ਰਕ੍ਰਿਆ ਨੂੰ ਕਿਸੇ ਸੰਦਰਭ ਤੋਂ ਪ੍ਰੇਰਿਤ ਦੱਸਣ ਦੀ ਬਜਾਏ ਜ਼ੁਲਮ ਤੋਂ ਪ੍ਰੇਰਿਤ ਦਰਸਾਇਆ ਗਿਆ ਹੈ। ਮੂਲ ਆਦਰਸ਼ ਨੂੰ ਮਨੋ ਵਿਸਾਰ ਕੇ ਪ੍ਰਾਪਤ ਕੀਤੀ ਬਹਾਦਰੀ "ਅਖੌਤੀ ਬਹਾਦਰੀ" ਹੀ ਬਣ ਜਾਂਦੀ ਹੈ ਜਿਹੜੀ ਜ਼ੁਲਮ ਦਾ ਟਾਕਰਾ ਕਰਨ ਦੀ ਬਜਾਏ ਮਜ਼ਲੂਮ ਉੱਪਰ ਹੀ ਟੁੱਟ ਪੈਂਦੀ ਹੈ। ਮਰਦ ਪ੍ਰਧਾਨ ਸਮਾਜ ਵਿਚਲੀਆਂ ਗਲਤ ਕੀਮਤਾਂ ਦੀਆਂ ਸ਼ਿਕਾਰ ਨਾਰੀਆਂ ਦੀ ਮੌਜੂਦਾ ਸਥਿਤੀ ਚਿੜੀਆਂ ਤੋਂ ਬਾਜ ਬਣੇ ਮਰਦਾਂ ਦੀ ਬਹਾਦਰੀ ਦੇ ਘਿਨਾਉਣੇ ਦੰਭ ਦਾ ਪਰਦਾ ਫਾਸ਼ ਕਰਦੀ ਹੈ।

ਮੱਕੜ ਦੀ ਸ਼ਾਇਰੀ ਨਾਰੀ ਦੇ ਨਾਰੀ ਹੋਣ ਸਦਕਾ ਪੈਦਾ ਹੋਣ ਵਾਲੇ ਸੰਕਟਾਂ ਨੂੰ ਵੀ ਚਿਤਰਦੀ ਹੈ ਤੇ ਉਸ ਪ੍ਰਤਿ ਤਿੱਖੀ ਚੇਤਨਾ ਜਗਾਉਂਦੀ ਹੈ। ਅਜਿਹੀ ਚੇਤਨਾ ਨੂੰ ਜਗਾਉਣ ਲਈ ਉਹ ਇਤਿਹਾਸ ਤੇ ਮਿਥਿਹਾਸ ਦੋਵਾਂ ਦੇ ਵੇਰਵਿਆ ਨੂੰ ਸਹਾਇਕ ਜੁਗਤਾਂ ਵਜੋਂ ਅਪਨਾਉਂਦੀ ਹੈ। ਉਹ ਨਾਰੀ-ਹੋਂਦ ਦੇ ਯਥਾਰਥ ਦੇ ਇਸ ਮਨੋਵਿਗਿਆਨਿਕ ਪੱਖ ਨੂੰ ਕਦੀ ਵੀ ਨਹੀਂ ਵਿਸਾਰਦੀ ਕਿ ਸਾਡੇ ਸਮਾਜਕ ਪ੍ਰਬੰਧ ਵਿਚ ਨਾਰੀ ਨੂੰ ਆਪਣੇ ਜਨਮ ਤੋਂ ਹੀ ਵਿਤਕਰਿਆਂ ਭਰਪੂਰ ਜ਼ਿੰਦਗੀ ਪ੍ਰਾਪਤ ਹੁੰਦੀ ਹੈ। ਜਨਮ ਤੋਂ ਪਿੱਛੋਂ ਉਸ ਨੂੰ ਅਜੇਹੇ ਸੰਸਕਾਰ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਸਦਕਾ ਉਸ ਅੰਦਰ ਆਪਣੇ ਘਟੀਆ ਜਾਂ ਹੀਣੇ ਹੋਣ ਸੰਬੰਧੀ ਭਾਵਨਾ ਪਲਰਨ ਲਗ ਪੈਂਦੀ ਹੈ। ਉਹ ਕਿਸੇ ਹੀਣ-ਗ੍ਰੰਥੀ ਨੂੰ ਨਾਲ ਲੈ ਕੇ ਨਹੀਂ ਜੰਮਦੀ ਪਰ ਉਸ ਦਾ ਪਾਲਣ-ਪੋਸਣ ਅਜਿਹੇ ਸੰਸਕਾਰਾਂ ਨਾਲ ਕੀਤਾ ਜਾਂਦਾ ਹੈ ਕਿ ਉਸ ਅੰਦਰ ਇਹ ਹੀਣ ਭਾਵਨਾਵਾਂ ਪੱਕੇ ਤੌਰ ਤੇ ਘਰ ਕਰ ਜਾਂਦੀਆਂ ਹਨ। ਸ਼ੁਰੂ ਤੋਂ ਹੀ ਉਸ ਨੂੰ "ਅਗਲੇ ਘਰ" ਬਾਰੇ ਭੈ ਭੀਤ ਕੀਤਾ ਜਾਂਦਾ ਹੈ ਤੇ ਨਾਲ ਹੀ ਨਾਲ ਇਹ ਅਹਿਸਾਸ ਪੈਦਾ ਕੀਤਾ ਜਾਂਦਾ ਹੈ ਕਿ ਉਹ ਕਿਸੇ ਦੂਜੇ ਦੀ ਸ਼ੈਅ/ਜਾਇਦਾਦ ਹੈ। ਇਸ ਗੱਲ ਦਾ ਅਹਿਸਾਸ ਉਸ ਨੂੰ ਹਰ ਪਲ ਦਿਵਾਇਆ ਜਾਂਦਾ ਹੈ ਕਿ ਉਹ ਪਹਿਲਾਂ ਇਕ ਔਰਤ ਹੈ ਤੇ ਬਾਦ ਵਿਚ ਕੁਝ ਹੋਰ। ਇਸ ਗੱਲ ਦੇ ਬਾਰ ਬਾਰ ਦੁਹਰਾਉ ਨਾਲ ਉਹ ਆਪਣੇ ਅੰਦਰ ਅਚੇਤ ਹੀ ਕਈ ਪ੍ਰਕਾਰ ਦੀਆਂ ਗ੍ਰੰਥੀਆਂ ਪੈਦਾ ਕਰ ਲੈਂਦੀ ਹੈ। ਧਰਮ, ਇਤਿਹਾਸ, ਮਿਥਿਹਾਸ, ਸਮਾਜ, ਰਾਜਨੀਤੀ ਅਤੇ ਪ੍ਰਚਲਿਤ ਜੀਵਨ-ਮੁੱਲਾਂ ਵਿਚੋਂ ਉਸ ਨੂੰ ਅਜਿਹਾ ਆਸਰਾ ਪ੍ਰਾਪਤ ਨਹੀਂ ਹੁੰਦਾ ਜਿਸ ਸਦਕਾ ਉਹ ਆਪਣੀ ਹੋਂਦ ਦੀ ਪਹਿਚਾਣ ਪ੍ਰਾਪਤ ਕਰ ਸਕੇ। ਇਸਦੇ ਫਲਸਰੂਪ ਉਹ ਆਪਣੀ ਹੋਂਦ ਨੂੰ ਗੁਆਚੀ ਹੋਈ ਮਹਿਸੂਸ ਕਰਦੀ ਹੈ। ਉਸ ਨੂੰ ਇੰਜ ਲਗਦਾ ਹੈ ਜਿਵੇਂ ਉਸ ਦੀ ਚੇਤਨਾ ਨੂੰ ਬਾਰ ਬਾਰ ਜ਼ਿਬਾਹ ਕੀਤਾ ਜਾ ਰਿਹਾ ਹੈ ਅਤੇ ਉਹ ਜਿਸਮਾਨੀ ਤੌਰ ਤੇ ਸਾਹ ਲੈਂਦੀ ਹੋਈ ਜਿਵੇਂ ਇਸ ਜ਼ਿੰਦਗੀ ਵਿਚ ਉਮਰ ਭਰ ਦਾ ਬਨਬਾਸ ਭੋਗ ਰਹੀ ਹੋਵੇ :

ਹੁਣ ਮੈਨੂੰ ਲਗ ਰਿਹਾ ਹੈ ਕਿ
ਹਰ ਤੀਵੀਂ ਅਹਲਿਆ ਨਹੀਂ ਹੁੰਦੀ
ਪਰ ਅਹਲਿਆ ਦੀ ਜੂਨ ਹੰਢਾਂਦੀ ਹੈ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਰ੍ਹਿਆਂ ਨੂੰ ਕੌੜੀ ਦਵਾਈ ਵਾਂਗ ਪੀਂਦੀ ਹੈ
ਸਾਹ ਲੈਂਦੀ ਹੈ ਤੇ ਬਸ ਜੀਂਦੀ ਹੈ।[17]

'ਵਰਿਆਂ ਨੂੰ ਕੌੜੀ ਦਵਾਈ ਵਾਂਗ ਪੀਣ' ਤੇ 'ਜੀਣ' ਦੀ ਥਾਂ 'ਬਸ ਸਾਹ ਲੈਣ' ਵਾਲੀ ਗੱਲ ਦਰਅਸਲ ਬੇਬਸੀ ਤੇ ਮਜਬੂਰੀ ਵੱਲ ਹੀ ਇਸ਼ਾਰਾ ਕਰਦੀ ਹੈ। ਸਾਡੇ ਸਮਾਜਕ ਪ੍ਰਬੰਧ ਵਿਚਲੇ ਅਣਸੁਖਾਵੇਂ ਮੁੱਲ ਵਿਧਾਨ ਦਾ ਨਾਰੀ ਹੋਂਦ ਉਤੇ ਗਲਬਾ ਏਨਾ ਜੋਰਾਵਰ ਹੈ ਕਿ ਆਪਣੀ ਸਥਿਤੀ ਪ੍ਰਤਿ ਚੇਤਨ ਹੋਣ ਦੇ ਬਾਵਜੂਦ ਉਹ ਇਨ੍ਹਾਂ ਮੁੱਲਾਂ ਦੇ ਦਬਾਅ ਹੇਠ ਦਬ ਘੁਟ ਕੇ ਜੀਵਨ ਜੀਊਣ ਲਈ ਮਜਬੂਰ ਹੁੰਦੀ ਹੈ। ਉਸ ਨੂੰ ਘਰ ਦੀ ਚਾਰ ਦੀਵਾਰੀ ਆਪਣਾ ਖੋਲ ਜਾਪਦੀ ਹੈ ਜਿਸ ਵਿਚ ਉਹ ਮਹਿਫੂਜ਼ ਮਹਿਸੂਸ ਕਰਦੀ ਹੈ। ਆਪਣੇ ਹੀ ਅੰਦਰ ਸੁੰਗੜੀ ਜਾਂ ਘਰ ਦੀ ਚਾਰਦੀਵਾਰੀ ਅੰਦਰ ਸਿਮਟੀ ਉਹ ਸੁਰੱਖਿਅਤ ਇਸ ਲਈ ਮਹਿਸੂਸ ਕਰਦੀ ਹੈ ਕਿਉਂਕਿ ਬਾਹਰ ਉਸ ਨੂੰ ਬੇਅੰਤ ਲਛਮਣ ਰੇਖਾਵਾਂ ਦਿਖਾਈ ਦੇਂਦੀਆਂ ਹਨ। ਬਾਹਰਲੇ ਸਮਾਜ ਵਿਚ ਉਸਨੂੰ ਕੇਵਲ ਇਕ ਕਾਮ-ਪ੍ਰਤੀਕ ਸਮਝਿਆ ਜਾਂਦਾ ਹੈ ਅਤੇ ਚੇਤਨਾ ਹੀਨ, ਭੋਗਣਯੋਗ ਵਸਤੂ ਤੋਂ ਵੱਧ ਦਰਜਾ ਨਹੀਂ ਦਿੱਤਾ ਜਾਂਦਾ। ਬਲਾਤਕਾਰ ਦੇ ਰੂਪ ਵਿਚ ਉਸ ਨਾਲ ਕਈ ਕਿਸਮ ਦੀਆਂ ਵਧੀਕੀਆਂ ਕੀਤੀਆਂ ਜਾਂਦੀਆਂ ਹਨ। ਇਕ ਪਾਸੇ ਜਾਗ੍ਰਿਤ ਚੇਤਨਾ ਤੇ ਦੂਸਰੇ ਪਾਸੇ ਬਾਹਰਲੇ ਸਹਿਮ ਭਰਿਆ ਤੇ ਪ੍ਰਤਿਕੂਲ ਮਾਹੌਲ ਉਸ ਦੀ ਮਾਨਸਿਕਤਾ ਨੂੰ ਲਗਾਤਾਰ ਤਨਾਉਸ਼ੀਲ ਬਣਾਉਂਦੇ ਹਨ। ਇਸੇ ਕਿਸਮ ਦੀ ਭਾਵਨਾ ਨੂੰ ਹੇਠ ਲਿਖੀਆਂ ਪੰਗਤੀਆਂ ਸਾਕਾਰ ਕਰਦੀਆਂ ਹਨ :

ਬਾਹਰ ਬੇਅੰਤ ਲਛਮਣ ਰੇਖਾਵਾਂ ਹਨ
ਕਿਸੇ ਇਕ ਨੂੰ ਉਲੰਘਣ ਲੱਗਿਆ
ਰਾਵਣ ਰੂਪ ਸਾਕਾਰ ਹੁੰਦਾ ਹੈ
ਜਿਸ ਤੋਂ ਸਹਿਮ ਕੇ
ਮੈਂ ਕਛੂਏ ਵਾਂਗ ਸਿਮਟ ਜਾਂਦੀ ਹਾਂ
ਬਾਹਰ ਸਰਦ ਹਵਾਵਾਂ ਹਨ
ਪਿੰਡਾਂ ਲੂੰਹਦੀਆਂ ਧੁੱਪਾਂ
ਜਿੰਹੜੀਆਂ ਅੰਦਰ ਆਉਣ ਤੋਂ ਡਰਦੀਆਂ ਨੇ
ਪਰ ਇਕ ਬਾਗੀ ਸੋਚ
ਪਤਾ ਨਹੀਂ ਕਿਹੜੀ ਭੀਥ ਵਿਚੋਂ
ਅੰਦਰ ਲੰਘ ਆਈ ਹੈ
ਤੇ ਆਖਦੀ ਹੈ
ਨਟਰਾਜ ਦੀ ਮੂਰਤੀ ਵਾਂਗ
ਕਦੋਂ ਤੀਕ ਇਕ ਲੱਤ ਦੇ ਭਾਰ ਖੜੀ ਰਹੇਂਗੀ ?[18]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਰਨ ਮੱਕੜ ਸਮਾਜ ਵਿਚਲੇ ਨਾਰੀ-ਵਿਰੋਧੀ ਵਾਤਾਵਰਣ ਨੂੰ ਇਕ ਸਮਾਜਕ ਕਲੰਕ ਵਜੋਂ ਪੇਸ਼ ਕਰਦੀ ਹੋਈ ਪ੍ਰਚਲਿਤ ਮੁੱਲਾਂ ਉੱਪਰ ਕਈ ਕਿਸਮ ਦੇ ਪ੍ਰਸ਼ਨ ਚਿੰਨ੍ਹ ਲਗਾਉ ਦੀ ਹੈ। ਉਹ ਸਾਡੀ ਅਖੌਤੀ ਧਾਰਮਿਕਤਾ ਨੂੰ ਵੀ ਵਿਅੰਗ ਪੂਰਣ ਢੰਗ ਨਾਲ ਭੰਡਦੀ ਤੇ ਉਸ ਦਾ ਮਖੌਲ ਵੀ ਉਡਾਉਂਦੀ ਹੈ। ਪੂਜਾ ਸਥਾਨਾਂ ਦੀ ਹੋਂਦ ਉਸ ਨੂੰ ਦਿਖਾਵੇ ਤੋਂ ਵੱਧ ਪ੍ਰਤੀਤ ਨਹੀਂ ਹੁੰਦੀਂ, ਕਿਉਂਕਿ ਇਨ੍ਹਾਂ ਦੀ ਹਾਜ਼ਰੀ ਦੇ ਬਾਵਜੂਦ ਉਸ ਨੂੰ ਨਾਰੀ ਦੇ ਜਿਸਮ ਉੱਪਰ ਹੁੰਦੇ ਜ਼ੁਲਮਾਂ ਵਿਚ ਕੋਈ ਕਮੀ ਪ੍ਰਤੀਤ ਨਹੀਂ ਹੁੰਦੀ। "ਦੂਸਰਾ ਦਰੋਣਾਚਾਰੀਆ" ਕਵਿਤਾ ਵਿਚ ਵੀ ਉਹ ਇਸੇ ਕਰੂਰ ਵਸਤੂ-ਸਥਿਤੀ ਨੂੰ ਭਾਰਤੀ ਮਿਥਿਹਾਸ ਵਿਚੋਂ ਵੇਰਵੇ ਲੈ ਕੇ ਸਾਕਾਰ ਕਰਦੀ ਹੈ :

ਜਦੋਂ ਦਰੋਪਦੀ ਦਾ ਚੀਰ-ਹਰਣ ਹੋਇਆ
ਮੰਨਿਆ, ਉਦੋਂ ਮੈਂ ਗੈਰ ਹਾਜ਼ਰ ਸਾਂ।
ਹੁਣ ਤਾਂ ਹਾਜ਼ਰ ਹਾਂ
ਆਪਣੇ ਵਰਤਮਾਨ ਵਿਚ ਵਿਚਰਦਾ ਹੋਇਆ
ਰੋਜ਼ ਪਾਟੀਆਂ ਚੁੰਨੀਆਂ ਦੇ ਹਾਦਸੇ ਦੇਖ ਕੇ
ਏਸ ਕੌੜੇ ਸੱਚ ਤੋਂ ਇਨਕਾਰੀ ਹੁੰਦਾ ਹਾਂ
ਤੇ ਬੜੀ ਅਸਾਨੀ ਨਾਲ
ਆਪਣੇ ਮੋਢਿਆਂ ਤੇ ਆਪਣੀ ਲਾਸ਼
ਚੁੱਕ ਲਿਆਉਂਦਾ ਹਾਂ।[19]

ਕਿਉਂਕਿ ਬਸਤੀ ਬਸਤੀ, ਘਰ ਘਰ ਕਿਸ਼ਨ ਦਾ ਮੰਦਰ ਹੋਣ ਦੇ ਬਾਵਜੂਦ ਰੋਜ਼ ਦਰੋਪਤੀ ਦਾ ਚੀਰ-ਹਰਨ ਹੁੰਦਾ ਹੈ ਅਤੇ ਇਸ ਦੇ ਖਿਲਾਫ਼ ਆਵਾਜ਼ ਬੁਲੰਦ ਕਰਨ ਦੀ ਜੁਅਰਤ ਕਿਸੇ ਪਾਸ ਨਹੀਂ ਹੈ। ਉਸ ਦੀ ਧਾਰਣਾ ਹੈ ਕਿ ਅਜਿਹੇ ਨਜ਼ਾਮ ਵਿਚ/ਕੋਈ ਧੀ ਵੇਸ਼ਵਾ ਜੰਮਦੀ ਨਹੀਂ ਬਣ/ਜਾਂਦੀ ਹੈ।[20]

ਸ਼ਰਨ ਮੱਕੜ ਨਾਰੀ ਜੀਵਨ ਵਿਚਲੀ ਹੁੰਮਸ ਨੂੰ ਪੂਰੀ ਲਗਨ ਨਾਲ ਚਿਤਾਵਦੀ ਹੋਈ ਕਿਧਰੇ ਕਿਧਰੇ ਇਸ ਪ੍ਰਤਿ ਨਾਰੀ ਦੀ ਪ੍ਰਤੀਕ੍ਰਿਆ ਦਾ ਇਜ਼ਹਾਰ ਕਰਦੀ ਹੈ। ਇਸ ਦਾ ਕਾਰਣ ਨਾਰੀ ਦੀ ਸਦੀਆਂ ਤੋਂ ਲਿਤਾੜੀ ਜਾ ਰਹੀ ਹੋਂਦ ਦਾ ਉਸ ਦੇ ਅਵ-ਚੇਤਨ ਵਿਚ ਡੂੰਘਾ ਉਤਰਿਆ ਅਹਿਸਾਸ ਹੈ ਜੋ ਕਈ ਵਾਰ ਮਰਦ ਨੂੰ ਸਿਰਫ਼ "ਜ਼ਾਲਮ" ਦੇ ਰੂਪ ਵਿਚ ਹੀ ਵੇਖਦਾ ਹੈ। ਫਲਸਰੂਪ ਉਹ ਮਰਦ ਲਈ "ਡਿਕਟੇਟਰ", "ਰਾਵਨ" ਤੇ "ਕੁੱਤਾ" ਆਦਿ ਤਸ਼ਬੀਹਾਂ ਵਰਤਣ ਤੋਂ ਗੁਰੇਜ਼ ਨਹੀਂ ਕਰਦੀ। ਮਰਦ ਪ੍ਰਤਿ ਇਸ ਅਸੰਤੁਲਿਤ ਬਿਰਤੀ ਦਾ ਪਰਿਚੈ ਉਸ ਦੀਆਂ ਨਿਮਨ ਅੰਕਿਤ ਪੰਗਤੀਆਂ ਵਿਚ ਪ੍ਰਤੱਖ ਤੌਰ ਤੇ ਮਿਲ ਜਾਂਦਾ ਹੈ :

ਉਹ ਜੋ ਸਮਝਦੇ ਹਨ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਔਰਤ ਜਿਸਮ ਤੋਂ ਵੱਧ ਕੁਝ ਨਹੀਂ
ਉਨ੍ਹਾਂ ਦੀਆਂ ਨਜ਼ਰਾਂ ਦਾ ਆਲੋਚਕ
ਜਿਸਮਾਂ ਦੀਆਂ ਗੋਲਾਈਆਂ ਨੂੰ
ਨਾਪਦੇ ਹੋਏ ਇਹ ਭੁੱਲ ਜਾਂਦਾ ਹੈ ਕਿ
ਉਹ ਉਸ ਕੁੱਤੇ ਵਾਂਗ ਹੈ ਜਿਹੜਾ
ਹਰ ਲੰਘਣ ਵਾਲੇ ਨੂੰ
ਬਿਨਾਂ ਮਤਲਬ ਭੌਂਕਦਾ ਹੈ ।[21]

ਮਰਦ ਜ਼ਾਤ ਪ੍ਰਤਿ ਅਜੇਹਾ ਅਸੰਤੁਲਿਤ ਰਵੱਈਆ ਉਸ ਦੀਆਂ ਕਵਿਤਾਵਾਂ ਵਿਚ ਉਦੋਂ ਕਈ ਵਾਰ ਹੋਰ ਵਧੇਰੇ ਉਭਰਵਾਂ ਰੂਪ ਅਖ਼ਤਿਆਰ ਕਰ ਜਾਂਦਾ ਹੈ ਜਦੋਂ ਉਹ ਨਾਰੀ ਪ੍ਰਤਿ ਵੀ ਇਕਹਿਰੀ ਦ੍ਰਿਸ਼ਟੀ ਨੂੰ ਹੀ ਅਪਨਾਉਂਦੀ ਹੈ। ਉਸ ਵਲੋਂ ਸਿਰਜਿਤ ਨਾਰੀ ਪੀੜਾ ਅਤੇ ਸੰਤਾਪ ਦਾ ਸ਼ਿਕਾਰ ਹੈ। ਅਜਿਹਾ ਪੀੜਾ-ਮੋਹ ਜਦੋਂ ਸ੍ਵੈ-ਤਰਸ ਦੀ ਭਾਵਨਾ ਨੂੰ ਜਨਮ ਦੇਂਦਾ ਹੈ ਤਾਂ ਉਸ ਦੀ ਸਿਰਜਨਾ ਚੇਤਨਾ ਦਾ ਬੀਜ ਬੀਜਣ ਦੀ ਬਜਾਏ ਉਪਭਾਵੁਕਤਾ ਵਿਚ ਹੀ ਵਹਿ ਤੁਰਦੀ ਹੈ। ਮਿਸਾਲ ਵਜੋਂ :

ੳ. ਅਰਥੀ ਨੂੰ ਮੋਢਾ ਦੇਣ ਤੋਂ
ਵਰਜਿਤ ਕਰਦਿਆਂ ਲੋਕਾਂ ਨੇ ਆਖਿਆ
ਔਰਤ ਅਰਥੀ ਨੂੰ ਮੋਢਾ ਨਹੀਂ ਦੇਂਦੀ
ਤੇ ਮੈਂ...
ਆਪਣੀ ਲਾਸ਼ ਨੂੰ ਆਪਣੇ ਮੋਢਿਆਂ ਉਪਰ
ਸਾਰੀ ਉਮਰ ਚੁੱਕੀ ਰੱਖਿਆ
ਕਿਸੇ ਕੁਝ ਨਾ ਸੋਚਿਆ ।[22]

ਅ. ਕਾਸ਼ !
ਔਰਤ ਦੇ ਆਚਰਣ ਤੇ
ਇਕ ਉਂਗਲੀ ਉਠਾਣ ਤੋਂ ਪਹਿਲਾਂ
ਮਰਦ ਸੋਚ ਲੈਂਦਾ ਕਿ
ਉਹਦੀਆਂ ਆਪਣੀਆਂ ਤਿੰਨ ਉਂਗਲੀਆਂ
ਝੁਕ ਕੇ ਉਹਦੇ ਆਪਣੇ ਵੱਲ
ਇਸ਼ਾਰਾ ਕਰ ਰਹੀਆਂ ਹਨ ।[23]

ਨਾਰੀ ਦੀ ਸਥਿਤੀ ਨੂੰ ਚਿਤਰਣ ਲਈ ਲਾਸ਼, ਪੱਥਰ, ਅੱਥਰੂ, ਜੀਵਨ ਦੀ ਸੂਲੀ, ਮਜ਼ਲੂਮ, ਚਿੜੀ, ਰੇਤ, ਬੇੜੀਆਂ, ਸੜਕ, ਮੱਛੀ ਆਦਿ ਬਿੰਬਾਂ ਦੀ ਸਿਰਜਣਾ ਪੀੜਾ ਤੇ ਤਰਸ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭਾਵਨਾਵਾਂ ਨੂੰ ਲਗਾਤਾਰ ਪ੍ਰਚੰਡ ਕਰਦੀ ਹੈ। ਇੰਜ ਇਕ ਪਾਸੇ ਪੁਰਸ਼ ਦੇ ਜ਼ੁਲਮ ਦੀ ਅਤਿਅਧਿਕ ਪਰਦਰਸ਼ਨੀ ਨਾਲ ਕਈ ਵਾਰੀ ਇਸ ਜ਼ੁਲਮ ਦਾ ਅਸਲੀ ਸਰੂਪ ਵੀ ਫਰਜ਼ੀ ਭਾਸਣ ਲੱਗਦਾ ਹੈ ਤੇ ਦੂਜੇ ਪਾਸੇ ਪੀੜਾ-ਮੋਹ ਜਾਂ ਸ੍ਵੈ-ਤਰਸ ਦੀ ਭਾਵਨਾ ਕਵਿੱਤਰੀ ਦੀ ਨਾਰੀ ਸੰਵੇਦਨਾ ਨੂੰ ਇਕ ਤਰ੍ਹਾਂ ਦੀ ਸੀਮਾਂ ਵਿਚ ਸੰਗੋੜ ਕੇ ਰੱਖ ਦੇਂਦੀ ਹੈ।

ਪਰ ਇਸ ਦਾ ਅਰਥ ਇਹ ਕਦਾਚਿਤ ਨਹੀਂ ਕਿ ਸ਼ਰਨ ਮੱਕੜ ਦੀ ਕਾਵਿ-ਸੰਵੇਦਨਾ ਪੀੜਾ-ਮੋਹ ਦਾ ਸ਼ਿਕਾਰ ਹੋ ਕੇ ਨਾਰੀ-ਪੁਰਸ਼ ਦੇ ਰਿਸ਼ਤੇ ਵਿਚੋਂ ਕਿਸੇ ਪ੍ਰਕਾਰ ਦਾ ਸੰਤੁਲਨ ਸਥਾਪਤ ਕਰਨ ਦੇ ਅਸਮਰਥ ਹੈ। ਅਜਿਹੇ ਸੰਤੁਲਨ ਦੀ ਮਿਸਾਲ ਵੀ ਉਸ ਦੀ ਸ਼ਾਇਰੀ ਵਿਚੋਂ ਮਿਲਦੀ ਹੈ, ਖਾਸ ਤੌਰ ਤੇ ਉੱਥੇ ਜਿੱਥੇ ਉਹ ਸ਼ਿਵ ਸ਼ਕਤੀ ਦੇ ਸੰਕਲਪ ਦੀ ਸਿਰਜਣਾ ਕਰਦੀ ਹੈ :

ਤੂੰ ਸ਼ਿਵ ਏਂ
ਮੈਂ ਸ਼ਿਵ ਸ਼ਕਤੀ
ਸਿਰਜਣਾਤਮਿਕ ਕਿਰਿਆ
ਤਾਂ ਹੀ ਤੇ ਲੋਕ
ਸ਼ਿਵ ਲਿੰਗ ਪੂਜਦੇ ਨੇ।[24]

ਇੰਜ ਉਹ ਨਾਰੀ-ਪੁਰਸ਼ ਦੇ ਸਹਿਜ ਸੰਤੁਲਿਤ ਮੇਲ ਨੂੰ ਪੇਸ਼ ਕਰਦੀ ਹੈ। ਅਜਿਹੀ ਆਦਰਸ਼ਕ ਤੇ ਸੁਪਨਮਈ ਸਥਿਤੀ ਦੀ ਲੋਚਾ ਕਰਦੀ ਹੋਈ ਉਹ ਵਸਤੂ-ਸਥਿਤੀ ਦੇ ਮੰਤਕ ਨੂੰ ਵੀ ਪਛਾਣਦੀ ਹੈ। ਉਹ ਕਰੂਰ ਸਭਿਆਚਾਰਕ ਸਥਿਤੀ ਵਿਚ ਡੂੰਘੀ ਧਸ ਚੁੱਕੀ ਨਾਰੀ ਦੀ ਸਥਿਤੀ ਦੀ ਪਛਾਣ ਕਰਦੀ ਹੋਈ ਕਦੀ ਉਸ ਦੀ ਵਰਤਮਾਨ ਹਾਲਤ ਨੂੰ ਪੋਸਟਰ ਵਿਚ ਨਿਰੰਤਰ ਦੌੜਦੇ ਜਾ ਰਹੇ ਘੋੜੇ ਨਾਲ ਤੁਲਨਾਉਂਦੀ ਹੈ ਤੇ ਕਦੀ ਨਿਰੰਤਰ ਸਮਝੌਤੇ ਕਰਨ ਸਦਕਾ ਤਿੜਕਦੀ ਜਾ ਰਹੀ ਹੋਂਦ ਨੂੰ :

ਪਹਿਲਾ ਸਮਝੌਤਾ ਮੈਂ ਆਪ ਆਪਣੇ ਨਾਲ ਕੀਤਾ
ਰਿਸ਼ਤਿਆਂ ਨਾਲ ਕੀਤਾ, ਹਾਦਸਿਆਂ ਨਾਲ ਕੀਤਾ
ਵਕਤ ਨਾਲ ਕੀਤਾ, ਹਾਲਾਤ ਨਾਲ ਕੀਤਾ
ਸਭ ਸਮਝੌਤੇ ਨਿਭਦੇ ਜਾ ਰਹੇ ਨੇ
ਟੁੱਟਦਾ ਜਾ ਰਿਹਾ ਹੈ ਤਾਂ ਕੇਵਲ
ਆਪਣੇ ਆਪ ਨਾਲੋਂ ਆਪਣਾ ਨਾਤਾ।[25]

ਨਾਰੀ ਦੀ ਵਸਤੂ-ਸਥਿਤੀ ਦੀ ਪਛਾਣ ਕਰਾਉਂਦੀ ਹੋਈ ਉਹ ਨਾਰੀ ਹੋਂਦ ਦੀ ਸਭਿਆਚਾਰਕ ਸਾਰਥਕਤਾ ਦੇ ਬਿੰਦੂ ਉੱਪਰ ਪਹੁੰਚ ਜਾਂਦੀ ਹੈ। ਵਸਤੂ-ਸਥਿਤੀ ਦੀ ਠੀਕ ਪਛਾਣ ਕਰਦੀ ਹੋਈ ਉਹ ਜੀਵਨ ਨੂੰ ਇਕ ਵਾਕ ਨਾਲ ਤੁਲਨਾਉਂਦੀ ਹੈ ਜਿਸ ਵਿਚ ਨਾਰੀ ਦੀ ਹੋਂਦ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਇਕ "ਮਾਤਰਾ" ਦੇ ਸਮਾਨ ਪ੍ਰਤੀਤ ਹੁੰਦੀ ਹੈ। ਵਾਕ ਤੇ ਮਾਤਰਾ ਦੇ ਹਵਾਲੇ ਰਾਹੀਂ ਹੀ ਉਹ ਉਨ੍ਹਾਂ ਲੋਕਾਂ ਦੀ ਮਾਨਸਿਕਤਾ ਉੱਪਰ ਵਿਅੰਗ ਕੱਸਦੀ ਹੈ ਜਿਹੜੇ ਨਾਰੀ ਦੀ ਮਾਤਰਾ ਜਿੰਹੀ ਹੋਂਦ ਨੂੰ ਆਪਣੀ ਮਰਜ਼ੀ-ਮੂਜਬ ਵਰਤਦੇ ਤੇ ਉਸ ਨਾਲ ਮਨ-ਇੱਛਿਤ ਅਰਥ ਜੋੜਦੇ ਹਨ। ਉਹ ਇਸ ਸਾਰੀ ਵਸਤੂ-ਸਥਿਤੀ ਦਾ ਕਾਵਿਕ ਪੱਧਰ ਉੱਪਰ ਜਾਇਜ਼ਾ ਪੇਸ਼ ਕਰਦੀ ਹੋਈ ਨਾਰੀ ਦੀ ਹੋਂਦ ਦੀ ਸਾਰਥਕਤਾ ਨੂੰ ਇਸੇ ਪੱਧਰ ਉੱਪਰ ਦ੍ਰਿੜ ਕਰਵਾਉਂਦੀ ਹੈ :

ਫੇਰ ਉਹ ਵਾਕ ਨੂੰ ਜੋੜ ਤੋੜ ਕੇ
ਆਪਣੀ ਸੋਚ ਦੇ ਆਕਾਰ ਵਾਂਗ
ਏਨਾ ਛੋਟਾ ਕਰ ਲੈਣਗੇ ਕਿ ਉਹ
ਇਕ ਇਕੱਲੀ ਮਾਤਰਾ ਬਣ ਜਾਵੇਗੀ
ਕੀ ਉਨ੍ਹਾਂ ਨੂੰ ਇਹ ਪਤਾ ਨਹੀਂ
ਕਿ ਇਕ ਇਕੱਲੀ ਮਾਤਰਾ ਹੀ ਕਦੇ
ਸਾਰੇ ਵਾਕ ਦੇ ਅਰਥ ਬਦਲ ਦੇਂਦੀ ਹੈ।[26]

ਸ਼ਰਨ ਮੱਕੜ-ਕਾਵਿ ਦੀ ਵੱਡੀ ਵਿਸ਼ੇਸ਼ਤਾ ਉਸ ਇਤਿਹਾਸਕ ਪਰਿਪੇਖ ਦਾ ਕਾਵਿਕ ਰੂਪਾਂਤਰਣ ਪੇਸ਼ ਕਰਨ ਵਿਚ ਹੈ ਜਿਸ ਵਿਚੋਂ ਗੁਜ਼ਰ ਕੇ ਨਾਰੀ ਵਰਤਮਾਨ ਯੁੱਗ ਵਿਚ ਅੱਪੜੀ ਹੈ। ਇਹ ਪਰਿਪੇਖ ਉਸ ਅਵਸਥਾ ਨਾਲ ਸੰਬੰਧਿਤ ਹੈ ਜਿਸ ਤੋਂ ਚਲ ਕੇ ਆਧੁਨਿਕ ਯੁੱਗ ਤਕ ਅਪੜਦਿਆਂ ਨਾਰੀ ਨੇ ਅਬੋਧ ਅਵਸਥਾ ਤੋਂ ਚੇਤਨਾ ਤਕ ਦਾ ਸਫ਼ਰ ਤਹਿ ਕੀਤਾ ਹੈ। ਅਜੋਕੇ ਯੁੱਗ ਵਿਚ ਅਪੜ ਕੇ ਇਹ ਚੇਤਨਾ ਦੋ ਰੂਪਾਂ ਵਿਚ ਫੈਲ ਰਹੀ ਹੈ : ਇਸ ਦਾ ਪਹਿਲਾ ਰੂਪ ਨਾਰੀ ਦੇ ਅੰਦਰ ਹੀ ਅੰਦਰ ਪੈਦਾ ਹੋ ਰਹੀ ਉਹ ਜਾਗ੍ਰਿਤੀ ਹੈ ਜਿਹੜੀ ਕਾਰਜਸ਼ੀਲਤਾ ਦੀ ਅਣਹੋਂਦ ਸਦਕਾ ਉਸ ਦੇ ਆਪੇ ਨੂੰ ਨਿਰੰਤਰ ਖੋਰ ਵੀ ਰਹੀ ਹੈ ਤੇ ਵਿਸ਼ਾਦ-ਗ੍ਰਸਤ ਵੀ ਬਣਾ ਰਹੀ ਹੈ। ਇਸ ਦਾ ਦੂਜਾ ਰੂਪ ਉਹ ਤਿੱਖੀ ਪ੍ਰਤਿਕਿਰਿਆ ਹੈ ਜਿਸ ਵਿਚੋਂ ਗੁਜ਼ਰਦੀ ਹੋਈ ਨਾਰੀ ਆਪਣੇ ਅਵਚੇਤਨ ਵਿਚ ਪਏ ਮਰਦ ਜ਼ਾਤ ਪ੍ਰਤਿ ਰੋਹ ਦਾ ਪ੍ਰਗਟਾਵਾ ਕਰਦੀ ਹੈ। ਇਸ ਚੇਤਨਾ ਨੇ ਕਿਤੇ ਕਿਤੇ ਸੰਤੁਲਨ ਦੀ ਰਾਹੇ ਤੁਰਦਿਆਂ ਉਸ ਸਭਿਆਕਾਰਕ-ਢਾਂਚੇ ਦੀ ਫੋਲਾ-ਫਾਲੀ ਵੀ ਕੀਤੀ ਹੈ ਜਿਸ ਵਿਚ ਉਸ ਦੇ ਸੰਕਟ ਦੀਆਂ ਜੜ੍ਹਾਂ ਮੌਜੂਦ ਹਨ। ਮੱਕੜ ਕਾਵਿ ਦੀ ਖ਼ੂਬੀ ਇਨਾਂ ਤਿੰਨਾ ਸਥਿਤੀਆਂ ਨੂੰ ਵੱਖ ਵੱਖ ਪ੍ਰਸੰਗਾਂ ਵਿਚ ਸਾਹਮਣੇ ਲਿਆਉਣ ਵਿਚ ਹੈ। ਜਾਗੀਰਦਾਰੀ ਮੁੱਲ ਨਾਰੀ ਦੀ ਪ੍ਰਥਮ ਅਵਸਥਾ ਨੂੰ ਹੀ ਪ੍ਰਵਾਨਗੀ ਦੇਂਦੇ ਹਨ ਜਿਨ੍ਹਾਂ ਤਹਿਤ ਵਿਚਰਦੀ ਹੋਈ ਉਹ ਤਿੱਖੀ ਪ੍ਰਤਿਕਿਰਿਆ ਦੀ ਰਾਹ ਤੇ ਨਹੀਂ ਤੁਰਦੀ, "ਜਦੋਂ ਤੀਕ ਉਹ ਸਾੜੀ ਸੀ/ਉਹ ਬੜੇ ਖੁਸ਼ ਸਨ/ਉਹ ਸਾੜੀ ਦੇ ਨਿਤ ਨਵੇਂ ਰੰਗਾਂ ਦੀ/ਨਿਤ ਨਵੇਂ ਪ੍ਰਿੰਟਾਂ ਦੀ ਪ੍ਰਦਰਸ਼ਨੀ ਸੀ/ਤੇ ਉਹਦਾ ਚਰਚਾ ਸੀ" ਅਤੇ ਉਨ੍ਹਾਂ ਨੂੰ ਸੋਚਾਂ ਤੋਂ ਸੱਖਣਾ,ਚੇਤਨਾ ਤੋਂ ਕੋਰਾ/ਅੰਨਾ ਬੋਲਾ ਧੜ ਚਾਹੀਦਾ ਸੀ।" ਵਰਗੀਆਂ ਕਾਵਿ ਪੰਗਤੀਆਂ ਨਾਰੀ ਪ੍ਰਤਿ ਸਮਾਜ ਵਿਚ ਪ੍ਰਵਾਨਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁੱਲਾਂ ਦੀ ਹੀ ਪਸ਼ਕਾਰੀ ਵੱਲ ਰੁਚਿਤ ਹਨ। ਆਪਣੀ ਇਕ ਹੋਰ ਕਵਿਤਾ "ਭੈਅ-ਮੁਕਤ ਵਿਚ ਸ਼ਰਨ ਮੱਕੜ "ਪੈਦਾ ਹੋਣ" ਤੇ "ਜਿਊਣ" ਦੇ ਵਿਰੋਧ-ਜੁੱਟ ਰਾਹੀਂ ਨਾਰੀ ਦੀ ਉਸ ਤ੍ਰਾਸਦਿਕ ਸਥਿਤੀ ਨੂੰ ਚਿਤਰਦੀ ਹੈ ਜਿਹੜੀ ਉਸ ਨੂੰ ਜੁੱਗਾਂ-ਜੁਗਾਤਰਾਂ ਤੋਂ ਹੀ ਪ੍ਰਾਪਤ ਹੈ। ਧਿਆਨ-ਯੋਗ ਨੁਕਤਾ ਇਹੀ ਹੈ ਕਿ "ਪੈਦਾ ਹੋਣ" ਤੇ "ਜਿਊਣ" ਵਿਚਲੀ ਵਿੱਥ ਦੀ ਇਹ ਤਿੱਖੀ ਚੇਤਨਾ ਉਸ ਨੂੰ ਆਧੁਨਿਕ ਯੁੱਗ ਨੇ ਹੀ ਪ੍ਰਦਾਨ ਕੀਤੀ ਹੈ :

ਮੈਨੂੰ ਮੌਤ ਦਾ ਕੋਈ ਭੈਅ ਨਹੀਂ
ਕਿਉਂਕਿ ਅਸੀਂ ਪੈਦਾ ਤਾਂ ਹੁੰਦੇ ਹਾਂ
ਪਰ, ਜਿਉਂਦੇ ਨਹੀਂ।
ਪੱਥਰ ਯੁੱਗ ਤੋਂ ਲੈ ਕੇ ਅੱਜ ਤਕ
ਸਾਡੀ ਸੁਰੱਖਿਆ ਕਦੇ ਵੀ
ਭੈਅ-ਮੁਕਤ ਨਹੀਂ ਸੀ
ਇੰਜ ਸੂਰਜਵੰਸ਼ੀ ਅਤੇ ਚੰਦਰਵੰਸ਼ੀ ਤੋਂ
ਕਤਲਵੰਸ਼ੀ ਤਕ ਦਾ ਸਫ਼ਰ
ਹਰ ਰੋਜ਼ ਤਹਿ ਹੁੰਦਾ ਹੈ
ਇਹ ਕਿੱਸਾ ਅੱਜ ਦਾ ਨਹੀਂ
ਇੰਜ ਰੋਜ਼ ਹੀ ਵਾਪਰਦਾ ਹੈ।
ਸਿਸਕੀਆਂ ਹਵਾ ਵਿਚ ਖੁਰਦੀਆਂ ਨੇ
ਇਹ ਵੱਖਰੀ ਗੱਲ ਹੈ ਕਿ ਅਸੀਂ
ਕੰਨ ਗਵਾ ਆਏ ਹਾਂ।[27]

ਇਤਿਹਾਸਿਕ ਤੇ ਮਿਥਿਹਾਸਕ ਚੇਤਨਾ ਦੇ ਸਹਾਰੇ ਸ਼ਰਨ ਮੱਕੜ ਉਸ ਸੋਚ ਜਾਂ ਫਲਸਫੇ ਦੀ ਪਛਾਣ ਤੇ ਆਲੋਚਨਾ ਵਲ ਹੀ ਰੁਚਿਤ ਜਾਪਦੀ ਹੈ ਜਿਸ ਵਿਚੋਂ ਨਾਰੀ ਪ੍ਰਤਿ ਅਸੰਤੁਲਿਤ ਰਵੱਈਏ ਦਾ ਜਨਮ ਹੁੰਦਾ ਹੈ ਅਤੇ ਜਿਸਦੇ ਮੁਤਬਿਕ ਨਾਰੀ ਇਕ ਨਿਰਹਉਂ ਸ਼ੈਅ ਹੈ। ਲੇਖਿਕਾ ਇਸ ਫਲਸਫੇ ਨੂੰ ਤਿੱਖੀ ਆਲੋਚਨਾ ਦਾ ਨਿਸ਼ਾਨਾ ਬਣਾਉਂਦੀ ਹੈ। ਇਹ ਆਲੋਚਨਾ ਇਕ ਗੁਸੈਲੀ ਪ੍ਰਤਿਕਿਰਿਆ ਦਾ ਰੂਪ ਧਾਰ ਕੇ ਫਲਸਫੇ ਦੀ ਕਾਰਜਸ਼ੀਲਤਾ ਨੂੰ ਸੁਆਰਥ ਭਰਪੂਰ ਦਸਦੀ ਹੈ, ਚੇਤਨਾ ਦੀ ਅਣਹੋਂਦ ਨੂੰ ਇਸ ਦਾ ਕਾਰਣ ਮਿਥਦੀ ਹੈ ਅਤੇ ਇਸ ਦੇ ਲਈ ਅਖੌਤੀ ਜੀਵਨ-ਮੁੱਲਾਂ (ਜਿਨ੍ਹਾਂ ਨੂੰ ਉਸ ਨੇ ਮਹਿਜ਼ ਸਰਦਾਰੀ ਦਾ ਨਾਂ ਦਿੱਤਾ ਹੈ) ਨੂੰ ਸਭ ਤੋਂ ਵੱਧ ਦੋਸ਼ੀ ਠਹਿਰਾਉਂਦੀ ਹੈ। ਉਸ ਦੀ ਇਹ ਪ੍ਰਤਿਕਿਰਿਆ ਉਸ ਵਕਤ ਰੋਹ ਤੇ ਨਫ਼ਰਤ ਦੀ ਚਰਮ ਸੀਮਾ ਤੇ ਪਹੁੰਚਦੀ ਹੈ ਜਦੋਂ ਉਹ ਨਾਰੀ ਨੂੰ ਮਹਿਜ਼ ਕਾਮ-ਚਿੰਨ੍ਹ ਮੰਨਣ ਵਾਲੀ ਮਾਨਸਿਕਤਾ ਨੂੰ "ਕੁੱਤੇ" ਦੀ ਪਾਸ਼ਵਿਕਤਾ ਨਾਲ ਤੁਲਨਾਉਂਦੀ ਹੈ। ਨਾਰੀ ਦੀਆ ਵਧੇਰੇ ਸਮੱਸਿਆਵਾਂ ਗਲਤ ਸਮਾਜਕ ਮੁੱਲਾਂ ਦੀ ਪੈਦਾਵਾਰ ਹਨ। ਸਮਾਜ ਵਿਚ ਉਸ ਨੂੰ ਬਾਰ ਬਾਰ ਉਸ ਦੇ ਨਾਰੀ ਹੋਣ ਦਾ ਅਹਿਸਾਸ ਕਰਾਇਆ ਜਾਂਦਾ ਹੈ। ਉਸ ਅੰਦਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੇਤਨਾ ਦੀ ਚਿਣਗ ਤਾਂ ਆਧੁਨਿਕ ਯੁੱਗ ਵਿਚ ਹੀ ਪੈਦਾ ਹੋਈ ਹੈ ਪਰ ਸਦੀਆਂ ਤੋਂ ਹਰ ਮਾਂ ਆਪਣੀ ਧੀ ਨੂੰ ਤੇ ਹਰ ਧੀ ਅਗੋਂ ਆਪਣੀ ਧੀ ਨੂੰ ਪ੍ਰਚਲਿਤ ਸਮਾਜਕ ਮੁੱਲਾਂ ਨਾਲ ਸਮਝੌਤਾ ਕਰਨ ਦਾ ਪੈਗਾਮ ਦੇਂਦੀ ਹੈ। ਇੰਜ ਸਮਝੌਤਾਵਾਦੀ ਬਿਰਤੀ ਹਰ ਨਾਰੀ ਨੂੰ ਵਿਰਾਸਤ ਵਿਚ ਹੀ ਮਿਲਦੀ ਹੈ। ਪਰੰਤੂ ਸ਼ਰਨ ਮੱਕੜ ਨਾਰੀ-ਚੇਤਨਾ ਦੇ ਇਤਿਹਾਸ ਨੂੰ ਸਦਭਾਵੀ ਬਿਰਤੀ ਨਾਲ ਵੇਖਦੀ-ਘੋਖਦੀ ਹੋਈ ਸੀਤਾ ਦੇ ਲਛਮਣ-ਰੇਖਾ ਉਲੰਘਣ ਨੂੰ ਵਿਰੋਧੀ ਸਮਾਜਕ ਮੁੱਲਾਂ ਪ੍ਰਤਿ ਨਾਰੀ ਦੇ ਵਿਦਰੋਹ ਦੀ ਪਹਿਲੀ ਜ਼ਰਅਤ ਵਜੋਂ ਬਿਆਨ ਕਰਦੀ ਹੈ।

ਨਾਰੀ ਸੰਵੇਦਨਾ ਦੇ ਦ੍ਰਿਸ਼ਟੀਕੋਣ ਤੋਂ ਸ਼ਰਨ ਮੱਕੜ-ਕਾਵਿ ਦੀ ਇਕ ਵੱਡੀ ਵਿਸ਼ੇਸ਼ਤਾ ਨਾਰੀ-ਵਿਰੋਧੀ ਪ੍ਰਚਲਿਤ ਇਤਿਹਾਸਕ, ਮਿਥਿਹਾਸਕ, ਸਭਿਆਚਾਰਕ ਤੇ ਰਾਜਨੀਤਕ ਮੁੱਲਾਂ ਦੀ ਪਛਾਣ ਕਰਨ/ਕਰਾਉਣ ਵਿਚ ਨਿਹਿਤ ਹੈ। ਉਹ ਘਰ ਦੀ ਸਰਦਲ ਅੰਦਰ ਹੀ ਨਾਰੀ ਨੂੰ ਪ੍ਰਾਪਤ ਹੁੰਦੀ ਸਮਝੌਤੇ ਦੀ ਗੁੜ੍ਹਤੀ ਦੇ ਇਤਿਹਾਸਿਕ ਪ੍ਰਸੰਗ ਤੋਂ ਭਲੀ ਭਾਂਤ ਵਾਕਿਫ਼ ਹੈ :

ਡੋਲੀ ਚੜ੍ਹਨ ਵੇਲੇ ਮੇਰੀ ਮਾਂ ਨੇ
ਮੇਰੀ ਮਾਂ ਦੀ ਮਾਂ ਨੇ
ਤੇ ਇੰਜ ਅਜ਼ਲਾਂ ਦੀ ਮਾਂ ਨੇ
ਧੀ ਨੂੰ ਸਿਖਿਆ ਦਿਤੀ
ਬੇਟੀ—
ਘਰ ਦੀ ਲਾਜ ਪਾਲੀਂ
ਸੀਤਾ ਬਣੀ
ਸਵਿਤਰੀ ਬਣੀ।[28]

पुस्तकालय गुरुकुल कांगड़ी विश्वविद्यालय

ਇਸ ਚੇਤਨਾ ਰਾਹੀਂ ਉਹ ਨਾਰੀ-ਵਿਰੋਧੀ ਸਭਿਆਚਾਰਕ ਪ੍ਰਪੰਚ ਦੇ ਇਕ ਹੋਰ ਪਹਿਲੂ ਦੀ ਪਛਾਣ ਦਾ ਪਰਿਚੇ ਦੇਂਦੀ ਹੈ। ਇਸ ਪਛਾਣ ਪਿੱਛੇ ਐਸੀ ਸੰਵੇਦਨਸ਼ੀਲ ਦ੍ਰਿਸ਼ਟੀ ਕੰਮ ਕਰ ਰਹੀ ਹੈ ਜੋ ਨਾਰੀ ਦੇ ਵਿਭਿੰਨ ਪ੍ਰਤਿਕਰਮਾਂ (ਵਿਦਰੋਹੀ, ਸਮਝੌਤਾਵਾਦੀ ਆਦਿ) ਨੂੰ ਪਕੜਦੀ ਹੈ। ਉਹ ਸਮਝੌਤਾਵਾਦੀ ਪ੍ਰਤਿਕਰਮ ਸਦਕਾ ਨਿਰੰਤਰ ਕਸ਼ਮਕਸ਼ ਦਾ ਸ਼ਿਕਾਰ ਹੋਈ ਨਾਰੀ ਵੀ ਵੇਦਨਾ ਨੂੰ ਢੀ ਪ੍ਰਗਟ ਕਰਦੀ ਹੈ ਅਤੇ ਇਸ ਤਰ੍ਹਾਂ ਮੌਜੂਦ ਪਰਿਸਥਿਤੀਆਂ ਨਾਲ ਇਕ ਕਲਪਿਤ ਸੰਬਾਦ ਰਚਾਉਂਦੀ ਹੈ। ਇਹ ਸੰਬਾਦ ਮਰਦ ਪ੍ਰਧਾਨ ਸਮਾਜ ਦੇ ਨਾਰੀ ਪ੍ਰਤਿ ਗੈਰ-ਮਾਨਵੀ ਰਵੱਈਏ ਉੱਪਰ ਪ੍ਰਸ਼ਨ ਚਿੰਨ੍ਹ ਲਾਉਂਦਾ ਹੋਇਆ ਵਿਦਰੋਹ ਦੀ ਪੱਧਰ ਤਕ ਵੀ ਅਪੜ ਜਾਂਦਾ ਹੈ। ਕਈ ਕਵਿਤਾਵਾਂ ਵਿਚ ਕਾਵਿ-ਸਿਰਜਿਤ ਨਾਰੀ ਆਪਣੀ ਤਿੜਕੀ, ਖੰਡਿਤ ਤੇ ਤਨਾਉ ਭਰਪੂਰ ਮਾਨਸਿਕਤਾ ਨੂੰ ਵਿਦਰੋਹ ਦੀ ਜੁਰਅਤ ਲਈ ਤਿਆਰ ਕਰਦੀ ਨਜ਼ਰ ਆਉਂਦੀ ਹੈ। ਮਿਸਾਲ ਵਜੋਂ :

ਮੇਰੀ ਮਾਂ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਦਰੋਪਤੀ ਨਹੀਂ
ਜਿਸ ਨੂੰ ਮਠਿਆਈ ਵਾਂਗ
ਪਾਂਡਵਾਂ ਵਿਚ ਵੰਡ ਦਿਤਾ ਜਾਵੇ
ਮੈਂ ਕੇਵਲ ਮੈਂ ਹਾਂ
ਇਤਿਹਾਸ ਜਾਂ ਮਿਥਿਹਾਸ
ਦੇ ਲਫਾਫੇ ਤੇ ਲੱਗੀ
ਕੋਈ ਮੋਹਰ ਨਹੀਂ ।[29]

ਨਾਰੀ ਦੀ ਹੋਂਦ ਨਾਲ ਸੰਬੰਧਿਤ ਪੌਰਾਣਿਕ ਤੇ ਮਿਥਿਹਾਸਕ ਧਾਰਣਾਵਾਂ ਦੇ ਪ੍ਰਚਲਿਤ ਮੁਹਾਂਦਰੇ ਪ੍ਰਤਿ ਵੀ ਆਪਣੀ ਅਸਵੀਕ੍ਰਿਤੀ ਦੀ ਮੋਹਰ ਲਾਉਂਦੀ ਹੋਈ ਉਹ ਇਸ ਨੂੰ ਇੰਨ ਬਿੰਨ ਪ੍ਰਵਾਨ ਨਹੀਂ ਕਰਦੀ ਸਗੋਂ ਇਸ ਅੱਗੇ ਪ੍ਰਸ਼ਨ ਚਿੰਨ੍ਹ ਖੜ੍ਹੇ ਕਰਦੀ ਹੈ । ਇੰਜ ਪ੍ਰਚਲਿਤ ਮਿੱਥਾਂ ਦਾ ਅਮਿੱਥੀਕਰਨ ਉਸ ਦੀ ਕਵਿਤਾ ਦਾ ਗੁਣ ਹੋ ਨਿਬੜਦਾ ਹੈ । ਦਰਅਸਲ ਉਹ ਮਿਥਿਹਾਸ ਦੀ ਵਰਤੋਂ ਹੀ ਨਾਰੀ ਦੀ ਵਰਤਮਾਨ ਸੰਕਟਸ਼ੀਲ ਸਥਿਤੀ ਦੇ ਪ੍ਰਗਟਾਵੇ ਹਿਤ ਕਰਦੀ ਹੈ । ਪਹਿਲਾਂ ਉਹ ਮਿਥਿਹਾਸ ਦੇ ਵੇਰਵਿਆਂ ਨੂੰ ਆਪਣੀ ਸਿਰਜਣਾ ਵਿਚ ਖਿਲਾਰ ਦੇਂਦੀ ਹੈ ਅਤੇ ਮਗਰੋਂ ਉਨ੍ਹਾਂ ਦੇ ਸਮੁੱਚ ਚੌਖਟੇ ਪਿੱਛੇ ਕੰਮ ਕਰਦੇ ਸਿਸਟਮ ਨੂੰ ਨਕਾਰ ਦੇਂਦੀ ਹੈ ;

ਮੈਂ ਸੀਤਾ ਵਾਂਗ
ਰਾਜ ਤਿਆਗ ਸਕਦੀ ਹਾਂ
ਬਨਬਾਸ ਕੱਟ ਸਕਦੀ ਹਾਂ
ਪਰ ਧੋਬੀ.....
ਜਿਹੜਾ ਸਮਾਜ ਦਾ ਚਿੰਨ੍ਹ ਹੈ
ਉਹਦੇ ਆਖਣ ਤੇ
ਮੈਂ ਰਾਮ ਦੀਆਂ ਸ਼ੱਕੀ ਨਜ਼ਰਾਂ ਦੀ ਖਾਤਰ
ਮੈਂ ਕਿਉਂ ਅਗਨੀ ਪ੍ਰੀਕਸ਼ਾ ਦੇਵਾਂ
ਤੇ ਧਰਤੀ ਦੀ ਹਿੱਕ ਵਿਚ ਸਮਾਕੇ
ਆਪਣਾ ਆਪ ਵਿਅਰਥ ਕਰ ਲਵਾਂ ।[30]

ਮੱਕੜ ਦੀ ਸ਼ਾਇਰੀ ਵਿਚ ਸਮਾਜ ਵਿਚ ਨਾਰੀ ਦੀ ਸਥਿਤੀ ਨੂੰ ਭਰਪੂਰ ਅਭਿ-ਵਿਅਕਤੀ ਮਿਲੀ ਹੈ । ਇਨ੍ਹਾਂ ਕਵਿਤਾਵਾਂ ਵਿਚ ਉਹ ਕਦੇ-ਕਦਾਈਂ ਸਭਿਆਚਾਰਕ ਪ੍ਰਬੰਧ ਦੀ ਨਾਰੀ-ਵਿਰੋਧੀ ਬਣਤਰ ਵਲ ਇਸ਼ਾਰਾ ਕਰਦੀ ਹੈ । ਪੁਰਖ ਦੀ ਸਰਦਾਰੀ ਵਾਲੇ ਸਮਾਜਕ-ਪ੍ਰਬੰਧ ਵਿਚ ਅਜ ਤਕ ਜੋ ਕੁਝ ਵੀ ਉਚਾਰਿਆ, ਸਿਰਜਿਆ ਜਾਂ ਵਰਤਿਆ ਗਿਆ ਹੈ, ਉਹ ਪੁਰਖ ਦੁਆਰਾ, ਪੁਰਖ ਲਈ ਅਤੇ ਨਾਰੀ ਵਿਰੁਧ ਹੀ ਸਿਰਜਿਆ ਤੇ ਵਰਤਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਸ਼ਰਨ ਸੱਕੜ ਅਜਿਹੇ ਸਮਾਜਕ ਪ੍ਰਬੰਧ ਨੂੰ ਉਸ ਨਾਰੀ ਦੀ ਅੱਖ ਥਾਣੀ ਨਿਹਾਰਦੀ ਹੈ ਜਿਸ ਨੂੰ ਫਰਜ਼, ਰਿਸ਼ਤੇ, ਤਰਕ, ਵਿਵੇਕ, ਬੁੱਧੀ, ਦਲੀਲ, ਰਸਮ-ਰਿਵਾਜ ਅਤੇ ਸਭਿਅਤਾ ਆਦਿ ਸਭ ਕੁਝ ਆਪਣੇ ਵਿਰੋਧ ਵਿਚ ਡਟੇ ਹੋਏ ਦਿਖਾਈ ਦੇਂਦੇ ਹਨ। ਇਸ ਪ੍ਰਤਿਕੂਲ ਮੁੱਲ ਵਿਧਾਨ ਨਾਲ ਟੱਕਰ ਲੈਣੋਂ ਅਸਮਰਥ ਹੋਣ ਸਦਕਾ ਇਸ ਦਾ ਆਪਾ ਬੇਬਸ ਹੋ ਕੇ ਇਕ ਮੂਕ ਅਵਸਥਾ ਤਕ ਅਪੜ ਜਾਂਦਾ ਹੈ ਅਤੇ ਉਸ ਨੂੰ ਗੂੰਗੀ ਬੋਲੀ ਬਣ ਕੇ ਸਾਰੀਆਂ ਵਧੀਕੀਆਂ ਸਹਿਣ ਕਰਨ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਆਉਂਦਾ। ਲੇਖਿਕਾ ਦੀ ਸੰਵੇਦਨਸ਼ੀਲਤਾ ਨਾਰੀ ਦੀ ਇਸ ਖਾਮੋਸ਼ੀ ਨੂੰ ਜ਼ੁਬਾਨ ਦੇਂਦੀ ਹੈ :

ਸਾਡੇ ਅੰਦਰੋਂ
ਕਦੇ ਫਰਜ਼ ਬੋਲਿਆ, ਕਦੇ ਰਿਸ਼ਤਾ
ਕਦੇ ਤਰਕ, ਕਦੇ ਵਿਵੇਕ
ਕਦੇ ਬੁੱਧੀ, ਕਦੇ ਦਲੀਲ
ਕਦੇ ਰਸਮ, ਕਦੇ ਰਿਵਾਜ
ਤੇ ਕਦੇ ਸਭਿਅਤਾ
ਸਭ ਬੋਲਦੇ ਰਹੇ
ਕੇਵਲ ਸਾਡੀ ਮੈਂ ਚੁੱਪ ਰਹੀ
-ਨਾ ਬੋਲਣ ਦਾ ਪਛਤਾਵਾ ਰਹਿ ਗਿਆ
ਉਮਰ ਦੇ ਪਲ ਮਨਫ਼ੀ ਹੋ ਗਏ।[31]

8267

ਸ਼ਰਨ-ਕਾਵਿ ਪੁਰਖ-ਪ੍ਰਧਾਨ ਸਮਾਜ ਦੇ ਇਤਿਹਾਸ, ਮਿਥਿਹਾਸ, ਤਰਕ, ਵਿਵੇਕ, ਰਿਸ਼ਤਿਆਂ, ਬੁੱਧੀ, ਦਲੀਲ ਅਤੇ ਰਸਮਾਂ-ਰਿਵਾਜਾਂ ਆਦਿ ਸਭ ਕੁਝ ਉੱਪਰ ਆਪਣੀ ਇਤਿਹਾਸਕ ਤੇ ਮਿਥਿਹਾਸਕ ਸੂਝ ਨਾਲ ਪ੍ਰਸ਼ਨ-ਚਿੰਨ੍ਹ ਲਗਾਉਂਦਾ ਹੈ। ਉਸ ਨੂੰ ਇਸ ਸਮਾਜ ਵਿਚਲਾ ਅਸੰਤੁਲਨ ਦਿਖਾਈ ਹੀ ਇਸ ਕਰਕੇ ਦੇਂਦਾ ਹੈ ਕਿਉਂਕਿ ਇਸ ਦਾ ਮੁੱਲ-ਉਸਾਰ ਇਸਤਰੀ-ਪੁਰਖ ਦੇ ਸੰਬੰਧਾਂ ਦੀ ਪ੍ਰਸਪਰ ਪਛਾਣ ਉੱਪਰ ਨਹੀਂ ਉੱਸਰਿਆ ਹੋਇਆ। ਇਸ ਕਰਕੇ ਉਹ ਕਈ ਥਾਈਂ ਉੱਚੀਂ ਸੁਰ ਵਾਲੇ ਵਿਦਰੋਹ ਦੀ ਭਾਸ਼ਾ ਦੀ ਵਰਤੋਂ ਕਰਦੀ ਹੈ :

ਮੈਂ ਔਰਤ ਹਾਂ
ਜ਼ਮੀਨ ਤੇ ਗੱਡਿਆ ਖੰਭਾ ਨਹੀਂ
ਲੋਹੇ ਦਾ ਥੰਮ ਨਹੀਂ ਜਿਹੜਾ ਸਦੀਆਂ ਤਕ
ਮਨੂ ਦੇ ਫਲਸਫੇ ਦਾ ਭਾਰ ਚੁੱਕੀ ਰੱਖੇ।[32]

ਉਹ ਸਮਾਜ ਵਿਚਲੇ ਹਰ ਉਸ ਮੁੱਲ ਨੂੰ ਅਸਵੀਕਾਰ ਕਰਦੀ ਹੈ ਜੋ ਨਾਰੀ-ਹੋਂਦ ਦੇ ਦਮਨ ਵੱਲ ਉਦੇਸ਼ਿਤ ਹੈ ਅਤੇ ਪੁਰਖ-ਵਿਅਕਤਿਤਵ ਦੇ ਵਿਕਾਸ ਵਾਂਗ ਹੀ ਨਾਰੀ-ਵਿਅਕਤਿਤਵ ਦਾ ਵਿਕਾਸ ਲੋੜਦੀ ਹੈ। "ਖੜੋਤ" ਤੇ "ਮੌਤ" ਉਸ ਨੂੰ ਸਮਾਨਾਰਥੀ ਪ੍ਰਤੀਤ ਹੁੰਦੇ ਹਨ। ਉਹ ਨਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਤਰਸ ਦਾ ਪਾਤਰ ਵੀ ਨਹੀਂ ਬਣਾਉਣਾ ਚਾਹੁੰਦੀ ਸਗੋਂ ਉਸ ਦੀ ਕਾਇਆ ਦੀ ਮਿੱਟੀ ਨੂੰ ਚੇਤਨਾ ਦਾ ਹਲੂਣਾ ਦੇਣਾ ਲੋਚਦੀ ਹੈ। ਇਸ ਹਲੂਣੇ ਲਈ ਉਸ ਨੇ ਪ੍ਰਚਲਿਤ ਧਾਰਮਿਕ ਤੇ ਮਿਥਿਹਾਸਕ ਮੁੱਲਾਂ ਪ੍ਰਤਿ ਨਮਸਕਾਰ-ਭਾਵੀ ਜਾਂ ਸ਼ਰਧਾਮੂਲਕ ਬਿਰਤੀ ਨਹੀਂ ਸਗੋਂ ਪ੍ਰਸ਼ਨ-ਮੂਲਕ ਤੇ ਸੰਦੇਹ-ਮੂਲਕ ਬਿਰਤੀ ਅਪਨਾਈ ਹੈ। ਇਸੇ ਲਈ ਉਸ ਦੀ ਸੁਰ ਸਥਾਪਤੀ ਦੀ ਨਹੀਂ ਸਗੋਂ ਵਿਦਰੋਹ ਦੀ ਹੈ। ਇਸ ਵਿਦਰੋਹ ਪਿੱਛੇ ਉਸ ਦੀ ਇਤਿਹਾਸਕ ਸੂਝ ਦਾ ਵੱਡਾ ਯੋਗਦਾਨ ਹੈ ਜਿਸ ਨੂੰ ਉਸ ਨੇ ਆਪਣੀਆਂ ਬਹੁਤ ਸਾਰੀਆਂ ਕਾਵਿ-ਟਿੱਪਣੀਆਂ ਤੋਂ ਇਲਾਵਾ ਆਪਣੀ ਕਵਿਤਾ "ਚੇਤਨਾ ਦਾ ਸਫਰ" ਵਿਚ ਭਰਪੂਰਤਾ ਨਾਲ ਬਿਆਨ ਕੀਤਾ ਹੈ। ਉਸ ਨੂੰ ਨਾਰੀ-ਪੁਰਖ ਦੇ ਸੰਬੰਧਾਂ ਵਿਚ ਆਈ ਅਰਾਜਕਤਾ ਦਾ ਭਲੀ ਭਾਂਤ ਬੋਧ ਹੈ ਅਤੇ ਉਹ ਇਸ ਅਰਾਜਕਤਾ ਤੇ ਮਰਿਯਾਦਾ ਦਾ ਭਰਵਾਂ ਵਿਰੋਧ ਕਰਦੀ ਹੈ। ਇੰਜ ਉਹ ਵਸਤੂ-ਸੰਸਾਰ ਦੀ ਠੀਕ ਪਛਾਣ ਦੇ ਆਧਾਰ ਉੱਪਰ ਨਾਰੀ-ਪੁਰਖ ਸੰਬੰਧਾਂ ਨੂੰ ਇਕ ਨਵਾਂ ਅਰਥ ਤੇ ਇਕ ਨਵੀਂ ਦਿਸ਼ਾ ਦੇਣਾ ਲੋੜਦੀ ਹੈ। ਇਸ ਮਕਸਦ ਲਈ ਪੁਰਾਣੇ ਮੁੱਲਾਂ ਉੱਪਰ ਕਾਟਾ ਫੇਰਨਾ ਅਨਿਵਾਰੀ ਹੋ ਜਾਂਦਾ ਹੈ। ਇਨ੍ਹਾਂ ਪੁਰਾਣੇ ਤੇ ਮਰਿਆਦਾ-ਮੂਲਕ ਨਾਰੀ-ਪੁਰਖ-ਸੰਬੰਧਾਂ ਰਾਹੀਂ ਨਾਰੀ-ਹੋਂਦ ਸਿਰਫ਼ ਬਿਸਤਰੇ ਤੋਂ ਰਸੋਈ ਤਕ ਦਾ ਸਫ਼ਰ ਤਹਿ ਕਰ ਸਕੀ ਹੈ। ਉਹ ਪੁਰਾਣੀ ਦ੍ਰਿਸ਼ਟੀ ਨੂੰ ਰੱਦ ਕਰਕੇ ਐਸਾ ਫਲਸਫ਼ਾ ਸਿਰਜਣਾ ਚਾਹੁੰਦੀ ਹੈ ਜੋ ਪੁਰਖ ਦਾ ਫਲਸਫ਼ਾ ਨਹੀਂ ਬਲਕਿ ਨਾਰੀ-ਪੁਰਖ ਦਾ ਸਾਂਝਾ ਫਲਸਫ਼ਾ ਹੋਵੇ ਅਤੇ ਜਿਸ ਦੁਆਰਾ ਨਾਰੀ-ਪੁਰਖ ਦੀ ਬਰਾਬਰੀ ਵਾਲੇ ਸੰਤੁਲਿਤ ਸਮਾਜ ਦੀ ਉਸਾਰੀ ਹੋ ਸਕੇ। ਪੁਰਖ-ਪ੍ਰਧਾਨ ਸਮਾਜ ਦੁਆਰਾ ਸਿਰਜਿਆ ਗਿਆ ਜੀਵਨ-ਫਲਸਫ਼ਾ ਉਸ ਨੂੰ ਸਰਾਪ ਤੋਂ ਵੱਧ ਕੁਝ ਨਹੀਂ ਲੱਗਦਾ। "ਚੇਤਨਾ ਦਾ ਸਫ਼ਰ" ਕਵਿਤਾ ਵਿਚ ਉਸ ਨੇ ਠੀਕ ਹੀ ਲਿਖਿਆ ਹੈ :

ਇਹ ਜੋ ਸਭਿਅਤਾ ਦੇ ਮੱਥੇ 'ਤੇ
ਚਿਪਕਿਆ ਹੋਇਆ ਲੇਬਲ ਹੈ
ਜਿਸ ਨੂੰ ਰੱਬ ਦੀ ਦੇਣ ਸਮਝ ਕੇ
ਮੈਂ ਮੱਥੇ ਉੱਤੇ ਬਿੰਦੀ ਵਾਂਗ ਸਜਾਇਆ ਹੈ
ਦੇਵਤਾ ਵਾਂਗ ਪੂਜਿਆ ਹੈ
ਇਹ ਮੇਰੀ ਚੇਤਨਾ ਦੇ ਸੂਰਜ ਮੁੱਖ ਤੇ
ਨਿਰਮਲ ਹਾਸਾ ਨਹੀਂ
ਤੁਹਾਡੇ ਫਲਸਫ਼ੇ ਦਾ ਸਰਾਪ ਹੈ
ਜਿਸ ਨੂੰ ਭਾਵਨਾਵਾਂ ਦੇ ਨੰਗੇ ਪਿੰਡੇ ਤੇ
ਮੈਂ ਵਸਤਰ ਵਾਂਗ ਹੰਢਾਇਆ
ਤੇ ਬਿਸਤਰੇ ਤੋਂ ਰਸੋਈ ਤਕ ਦਾ ਸਫ਼ਰ ਨੂੰ
ਜੀਵਨ ਯਾਤਰਾ ਸਮਝਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਵੀ ਮੇਰਾ ਦੁਖਾਂਤ ਹੈ ।[33]

ਪੁਰਖ-ਪ੍ਰਬਲਤਾ ਉੱਪਰ ਉਸਰਿਆ ਸਮਾਜ-ਪ੍ਰਬੰਧ ਨਾਰੀ-ਵਿਰੋਧੀ ਹੋਣ ਸਦਕਾ ਉਸ ਨੂੰ ਨਿਰੰਤਰ ਖੜੋਤ ਦਾ ਸ਼ਿਕਾਰ ਪ੍ਰਤੀਤ ਹੁੰਦਾ ਹੈ। ਉਹ ਅਤੀਤ ਦੇ ਸਭ ਵੇਰਵਿਆਂ ਨੂੰ ਰੱਦ ਕਰਦੀ ਹੈ ਭਾਵੇਂ ਉਹ ਸਭਿਅਤਾ ਹੋਵੇ ਜਾਂ ਸੰਸਕ੍ਰਿਤੀ, ਭਾਵੇਂ ਅਤੀਤ ਹੋਵੇ ਤੇ ਭਾਵੇਂ ਸਾਡੀਆਂ ਪਰੰਪਰਾਵਾਂ ਕਿਉਂਕਿ ਇਨ੍ਹਾਂ ਦੀ ਮੂਲ ਸੁਰ ਨਾਰੀ-ਵਿਰੋਧੀ ਰਹੀ ਹੈ। ਮਿਥਿਹਾਸ ਤੋਂ ਇਲਾਵਾ ਉਹ ਇਤਿਹਾਸ ਦੇ ਉਨ੍ਹਾਂ ਪੰਨਿਆਂ ਨੂੰ ਵੀ ਖੰਡਨਮਈ ਦ੍ਰਿਸ਼ਟੀ ਨਾਲ ਵੇਖਦੀ ਹੈ ਜਿਨ੍ਹਾਂ ਵਿਚ ਨਾਰੀ ਦਾ ਸੁੰਦਰ ਜਿਸਮ ਰਾਜੇ-ਮਹਾਰਾਜਿਆਂ ਲਈ ਭੋਗ ਦੀ ਵਸਤੂ ਤੋਂ ਵੱਧ ਕੁਝ ਨਹੀਂ ਰਿਹਾ। ਇੰਜ ਉਹ ਰਿਗਵੇਦ ਤੋਂ ਸਪੂਤਨਿਕ ਯੁਗ ਤਕ ਫੈਲੇ ਮਾਨਵ ਜਾਤੀ ਦੇ ਸਮੁੱਚੇ ਇਤਿਹਾਸ ਨੂੰ ਗੌਰਵਮਈ ਤੇ ਮਹਾਨ ਕਹਿਣ ਤੋਂ ਇਨਕਾਰੀ ਹੁੰਦੀ ਹੈ ਕਿਉਂਕਿ ਉਸ ਨੂੰ ਇਸਦੇ ਹਰ ਪੰਨੇ 'ਤੇ ਨਾਰੀ ਉੱਪਰ ਹੋਏ ਜ਼ੁਲਮ ਤੇ ਜ਼ਬਰ ਹੀ ਉੱਕਰੇ ਹੋਏ ਦਿਖਾਈ ਦੇਂਦੇ ਹਨ। ਇੰਜ ਉਹ ਇਤਿਹਾਸ ਦੇ ਇਕਸਾਰ ਤੇ ਇਕਰੰਗ ਵਹਾਉ ਨੂੰ, ਜਿਸ ਨੇ ਨਾਰੀ ਦੀ ਹੋਂਦ ਨੂੰ ਇਕ ਜਿੰਦਹੀਣ ਵਸਤੂ ਬਣਾ ਰੱਖਿਆ ਹੈ, ਨਿਸ਼ਾਨਾ ਬਣਾਉਂਦੀ ਹੈ। ਮਨੁੱਖ ਦੇ ਆਦਿਮ ਯੁਗ ਤੋਂ ਲੈ ਕੇ ਸਭਿਅ ਯੁਗ ਤਕ ਦੇ ਸਫ਼ਰ ਵਿਚ ਉਸਨੂੰ ਕੋਈ ਵਿਕਾਸ ਗਤੀ ਨਜ਼ਰ ਨਹੀਂ ਆਉਂਦੀ ਅਤੇ ਉਹ ਇਸਨੂੰ ਕੇਵਲ ਇਕ ਭੇਸ-ਪਰਿਵਰਤਨ ਵਜੋਂ ਹੀ ਦੇਖਦੀ ਹੈ :

ਲੱਖਾਂ ਵਰ੍ਹੇ ਪਹਿਲਾਂ
ਜਿਸ ਪੂਛ ਵਾਲੇ ਤੋਂ ਵਿਕਾਸ ਕਰਕੇ
ਅਸੀਂ ਮਨੁਖ ਬਣੇ ਸਾਂ
ਤੁਹਾਡੇ ਅੰਦਰ ਮੌਜੂਦ ਹੈ
ਫਰਕ ਏਨਾ ਕੁ ਹੈ
ਕਿ ਉਹ ਅਸਭਯ ਸੀ
ਤੇ ਤੁਸਾਂ ਸਭਿਅਤਾ ਦਾ ਵੇਸ
ਉਪਰ ਲਿਆ ਹੋਇਆ ਹੈ।[34]

ਸ਼ਰਨ ਮੱਕੜ ਨੇ ਆਪਣੀ ਇਤਿਹਾਸਕ-ਸੂਝ ਰਾਹੀਂ ਸਭਿਅਤਾ ਦੇ ਜ਼ਾਹਰ ਤੇ ਬਾਤਨ, ਪ੍ਰਗਟ ਤੇ ਅਪ੍ਰਗਟ ਅਤੇ ਸੱਚ ਤੇ ਭੇਖ ਦੇ ਮੁਹਾਂਦਰੇ ਸਪੱਸ਼ਟ ਕੀਤੇ ਹਨ। ਉਸ ਦੀ ਕਾਵਿ-ਸਿਰਜਣਾ ਦਾ ਸਾਕਾਰਾਤਮਕ ਪੱਖ ਇਹ ਹੈ ਕਿ ਇਸ ਵਿਚਲਾ ਵਿਦਰੋਹ ਨਾ-ਦਿਸ਼ਹੀਨ ਸਕਲ ਅਖਤਿਆਰ ਕਰਦਾ ਹੈ ਤੇ ਨਾ ਹੀ ਸੁਤੰਤਰਤਾ ਦੇ ਭੇਖ ਵਿਚ ਨਾਰੀ ਨੂੰ ਭਟਕ ਜਾਣ ਦਾ ਪੈਗਾਮ ਦੇਂਦਾ ਹੈ। ਇਸ ਵਿਚ ਤਾਂ ਨਾਰੀ-ਪੁਰਖ ਸੰਬੰਧਾਂ ਦੀ ਬਰਾਬਰੀ ਉੱਪਰ ਉਸਰਨ ਵਾਲੇ ਸਮਾਜ ਦਾ ਸੁਪਨਾ ਨਿਹਿਤ ਹੈ। ਇਸੇ ਸੁਪਨੇ ਦੇ ਸਹਾਰੇ ਉਹ ਵਰਤਮਾਨ ਸਮਾਜਕ ਵਿਧਾਨ ਨੂੰ ਇਕ ਨਵੀਂ ਦਿਸ਼ਾ ਤੇ ਇਕ ਨਵਾਂ ਅਰਥ ਦੇਣਾ ਲੋਚਦੀ ਹੈ। ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਰਦ ਦੀ ਸੋਚ ਵਿਚ ਕਬੀਲਾ ਯੁੱਗ, ਜਾਗੀਰਦਾਰੀ ਯੁੱਗ ਤੇ ਸਰਮਾਏਦਾਰੀ ਯੁੱਗ ਵਿਚਲੇ ਨਾਰੀ-ਵਿਰੋਧੀ ਮੁੱਲਾਂ ਦੀ ਰਹਿੰਦ-ਖੂੰਹਦ ਨੂੰ ਖਤਮ ਕਰਨਾ ਲੋੜਦੀ ਹੈ। ਇਸ ਤਰ੍ਹਾਂ ਉਸ ਦੀ ਸ਼ਾਇਰੀ ਦੀ ਮੂਲ ਸੁਰ ਸਥਾਪਤੀ ਦੀ ਨਹੀਂ, ਸਕਾਰਾਤਮਕ ਵਿਦਰੋਹ ਦੀ ਹੈ, ਜਿਸ ਨੂੰ ਪੁਰਾਣੇ ਤੇ ਮਰਿਯਾਦਾ-ਮੂਲਕ ਮੁੱਲਾਂ ਦੇ ਠੁੰਮ੍ਹਣੇ ਪ੍ਰਵਾਨ ਨਹੀਂ ਹਨ। ਇਸ ਸ਼ਾਇਰੀ ਵਿਚ ਨਾਰੀ-ਜੀਵਨ ਵਿਚਲੀ ਖੜੋਤ ਮੌਤ ਦੀ ਸਮਾਨਾਰਥੀ ਹੈ ਅਤੇ ਗਤੀ ਸੰਭਾਵਨਾਵਾਂ ਭਰਪੂਰ ਭਵਿਖ ਵੱਲ ਕਦਮ ਦੀ ਨਿਸ਼ਾਨੀ।

ਸਮੁੱਚੇ ਰੂਪ ਵਿਚ ਸ਼ਰਨ-ਕਾਵਿ ਸੰਬੰਧੀ ਹੇਠ ਲਿਖੇ ਸਿੱਟੇ ਪ੍ਰਸਤੁਤ ਕੀਤੇ ਜਾ ਸਕਦੇ ਹਨ :

ੳ. ਸ਼ਰਨ-ਕਾਵਿ ਪਿੱਛੇ ਇਕ ਸੰਵੇਦਨਸ਼ੀਲ-ਨਾਰੀ ਦੀ ਹੋਂਦ ਕਾਰਜਸ਼ੀਲ ਹੈ।

ਅ. ਇਹ ਕਾਵਿ ਨਾਰੀ ਜੀਵਨ ਪ੍ਰਤਿ ਮਾਨਵ-ਸਮਾਜ ਦੀ ਇਤਿਹਾਸਕ ਸੂਝ ਉੱਪਰ ਉਸਰਿਆ ਹੋਣ ਸਦਕਾ ਭਾਵੁਕ ਪ੍ਰਤਿਕਰਮਾਂ, ਸ੍ਵੈ-ਤਰਸ ਤੇ ਪੀੜਾ-ਮੋਹ ਦੀ ਰੁਚੀ ਦਾ ਸ਼ਿਕਾਰ ਨਹੀਂ ਹੈ।

ੲ. ਇਸ ਕਾਵਿ ਵਿਚ ਗੱਲ ਭਾਵੇਂ ਚੌਗਿਰਦੇ ਦੀ ਘੁਟਣ ਦੀ ਹੋਵੇ ਜਾਂ ਮਨੁੱਖੀ ਸਭਿਅਤਾ ਦੇ ਅਣਦਿਸਦੇ ਵਿਕਰਾਲ ਰੂਪ ਦੀ, ਸਭਿਆਚਾਰਕ ਕੀਮਤਾਂ ਦੀ ਟੁੱਟ ਭੱਜ ਦੀ ਜਾਂ ਪਦਾਰਥਕ ਪ੍ਰਾਪਤੀਆਂ ਦੇ ਬਾਵਜੂਦ ਕਿਸੇ ਆਤਮਕ ਲੋਚਾ ਦੀ, ਇਸ ਸਭ ਕੁਝ ਪਿੱਛੇ ਨਾਰੀ ਦੀ ਵਸਤੂ ਬਣੀ ਖੰਡਿਤ ਹੋਂਦ ਦਾ ਅਹਿਸਾਸ ਕਾਰਜਸ਼ੀਲ ਹੈ।

ਸ. ਇਸ ਕਾਵਿ ਵਿਚ ਪਰੰਪਰਾਗਤ ਤੇ ਮਰਿਯਾਦਾ ਮੂਲਕ ਮੁੱਲਾਂ ਪ੍ਰਤਿ ਖੰਡਨਮਈ ਸੁਰ ਅਪਨਾਈ ਗਈ ਹੈ।

ਹ. ਇਹ ਖੰਡਨਮਈ ਸੁਰ ਇਤਿਹਾਸ ਤੇ ਮਿਥਿਹਾਸ ਦੇ ਸਾਰੇ ਫੋਕਟ ਤੇ ਅਰਥਹੀਣ ਮੁੱਲਾਂ ਨੂੰ ਪ੍ਰਵਾਨ ਕਰਨ ਤੋਂ ਇਨਕਾਰੀ ਹੈ।

ਕ. ਨਾਰੀ-ਮੁਕਤੀ ਦੇ ਪ੍ਰਸੰਗ ਵਿਚ ਇਸ ਕਾਵਿ ਵਿਚ ਪਦਾਰਥਕ ਪ੍ਰਾਪਤੀਆਂ ਜਾਂ ਦੁਨਿਆਵੀ ਸੁੱਖ ਸਹੂਲਤਾਂ ਨਾਲੋਂ ਆਤਮਾ ਦੀ ਆਜ਼ਾਦੀ ਦੇ ਮੁੱਲਾਂ ਨੂੰ ਤਰਜੀਹ ਦਿੱਤੀ ਗਈ ਹੈ। ਰੂਹ ਤੇ ਜਿਸਮ ਦੀ ਕਸ਼ਮਕਸ਼ ਵਿਚ ਘਿਰੀ ਨਾਰੀ-ਹੋਂਦ ਦੀ ਵਸਤੂ-ਸਥਿਤੀ ਤੋਂ ਵੀ ਇਹ ਲੇਖਿਕਾ ਬੇਖ਼ਬਰ ਨਹੀਂ। ਇਸ ਪ੍ਰਤਿਕੂਲ ਵਾਤਾਵਰਣ ਵਿਚ ਨਾਰੀ ਉਸ ਨੂੰ ਜੀਊਂਦੀ ਨਹੀਂ ਸਗੋਂ ਬਸ ਸਾਹ ਲੈਂਦੀ ਪ੍ਰਤੀਤ ਹੁੰਦੀ ਹੈ।

ਖ. ਨਾਰੀ ਨੂੰ ਇਕ ਕਾਮ-ਚਿੰਨ੍ਹ, ਖਿਡੌਣਾ ਜਾਂ ਸਜਾਵਟ ਦੀ ਵਸਤੂ ਸਵੀਕਾਰਨ ਵਾਲੇ ਅਜੋਕੇ ਸਮਾਜ ਦੇ ਮੁੱਲ ਉਸ ਦੇ ਕਟਾਖਸ਼ ਦਾ ਧੁਰਾ ਬਣਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ. ਪੁਰਖ-ਪ੍ਰਧਾਨ ਸਮਾਜ ਵਿਚ ਉਸੇ ਦੀ ਮਰਜ਼ੀ ਨਾਲ ਬਣਾਏ ਗਏ ਮੁੱਲਾਂ ਵਿਚ ਨਾਰੀ ਦਾ ਹੁਣ ਤਕ ਦਾ ਸਫ਼ਰ ਉਸ ਨੂੰ ਬਿਸਤਰੇ ਤੋਂ ਰਸੋਈ ਤਕ ਦਾ ਸਫ਼ਰ ਹੀ ਪ੍ਰਤੀਤ ਹੁੰਦਾ ਹੈ। ਉਸ ਨੂੰ ਨਾਰੀ ਵਿਕਾਸ ਦੇ ਵਿਚ ਅਨੇਕਾਂ ਰੁਕਾਵਟਾਂ ਦਿਖਾਈ ਦੇਂਦੀਆਂ।

ਘ. ਉਹ ਪੁਰਖ ਦੇ ਨਾਰੀ ਉੱਪਰ ਹਰ ਪ੍ਰਕਾਰ ਦੇ ਜਿਸਮਾਨੀ ਜ਼ੁਲਮ ਦੀ ਤਿੱਖੀ ਵਿਰੋਧਤਾ ਕਰਦੀ ਹੈ ਭਾਵੇਂ ਉਸ ਕੁੱਟ ਮਾਰ ਦੀ ਸ਼ਕਲ ਵਿਚ ਹੋਵੇ ਜਾਂ ਬਲਾਤਕਾਰ ਦੀ ਸੂਰਤ ਵਿੱਚ।

ਙ. ਇਹ ਕਾਵਿ ਨਾਰੀ ਦੀ ਹੋਂਦ ਅੰਦਰ ਚੇਤਨਾ ਦੀ ਚਿਣਗ ਜਗਾਉਣਾ ਲੋਚਦਾ ਹੈ। ਇਸ ਦੇ ਲਈ ਸਮਝੌਤਾਵਾਦੀ ਬਿਰਤੀ ਦੇ ਤਿਆਗ ਨੂੰ ਲਾਜ਼ਮੀ ਸ਼ਰਤ ਮੰਨਿਆ ਗਿਆ ਹੈ।

ਚ. ਵਸਤੂ-ਸਥਿਤੀ ਦੀ ਪ੍ਰਚੰਡ ਚੇਤਨਾ ਸਦਕਾ ਕਈ ਵਾਰ ਇਸ ਕਾਵਿ ਵਿਚ ਵਰਤਮਾਨ ਸਥਿਤੀ ਪ੍ਰਤਿ ਨਾਰੀ ਦੀ ਕੌੜੀ ਪ੍ਰਤਿਕਿਰਿਆ ਵੀ ਪ੍ਰਗਟ ਹੁੰਦੀ ਹੈ ਪਰੰਤੂ ਇਹ ਸਭ ਕੁਝ ਉਸ ਦੇ ਦ੍ਰਿਸ਼ਟੀਕੋਣ ਨੂੰ ਦਿਸ਼ਾਹੀਨ ਤੇ ਅਸੰਤੁਲਿਤ ਨਹੀਂ ਬਣਾਉਂਦਾ। ਇਹ ਤੀਖਣ ਪ੍ਰਤਿਕਰਮ ਕਿਸੇ ਸੁਨਹਿਰੀ ਭਵਿੱਖ ਦੇ ਸੁਪਨੇ ਦੀ ਲੋਚਾ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਇਸ ਕਾਵਿ ਵਿਚਲਾ "ਸ਼ਿਵ ਸ਼ਕਤੀ" ਦਾ ਸੰਕਲਪ ਜਾਂ ਸਭਿਅਤਾ ਬਾਰੇ ਧਾਰਨਾ ਇਸ ਪ੍ਰਕਾਰ ਹੈ :

ਸਭਿਆਤਾ ਮਨੁੱਖੀ ਜੀਵਨ ਦੇ ਦਰਿਆ ਦਾ ਇਕ ਕੰਢਾ ਮਰਦ ਹੈ ਦੂਜਾ ਕੰਢਾ ਔਰਤ। ਸਭਿਅਤਾ ਇਸ ਦਰਿਆ ਦਾ ਵਗਦਾ ਪਾਣੀ ਹੈ ਜਿਹੜਾ, ਤਾਂ ਹੀ ਚੰਗਾ ਲਗਦਾ ਹੈ ਜੇਕਰ ਇਹ ਇਹਨਾਂ ਦੋਹਾਂ ਕੰਢਿਆਂ ਵਿਚਾਲੇ ਵਗੇ।[35]

ਛ. ਇਸ ਸ਼ਾਇਰੀ ਦੀ ਮੂਲ ਤੇ ਉਭਰਵੀਂ ਸੁਰ ਇਸਤਰੀ-ਹੋਂਦ ਨਾਲ ਸੰਬੰਧਿਤ ਪੁਰਾਣੇ ਤੇ ਮਰਿਆਦਾ ਮੂਲਕ ਮੁੱਲਾਂ ਦੇ ਖੰਡਨ ਦੀ ਹੈ। ਇਸ ਲਈ ਇਸ ਦਾ ਸੁਭਾਅ ਸਥਾਪਤੀ ਮੁਖ ਨਹੀਂ, ਵਿਦਰੋਹਮੂਲਕ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਅਤੇ ਟਿੱਪਣੀਆਂ

1. ਸਤਿੰਦਰ ਸਿੰਘ, "ਭੂਮਿਕਾ", **ਕਦੋਂ ਕੋਈ ਆਏਗਾ**, ਪੰਨਾ 5.
2. ਸਤਿੰਦਰ ਸਿੰਘ, "ਅਪਰਾਧ ਦਾ ਸ਼ਗਨ" (ਪੁਸਤਕ ਰਿਵਿਊ), **ਖੋਜ ਦਰਪਣ**, ਜੁਲਾਈ 1977, ਪੰਨੇ 158-159.
3. ਉਹੀ, ਪੰਨਾ 159.
4. ਉਹੀ.
5. **ਚੇਤਨਾ ਦੀ ਮਿੱਟੀ**, ਪੰਨਾ 65.
6. ਉਹੀ, ਪੰਨਾ 38.
7. ਉਹੀ, ਪੰਨੇ 38-39.
8. ਉਹੀ, ਪੰਨਾ 45.
9. ਉਹੀ, ਪੰਨਾ 60,
10. ਉਹੀ, ਪੰਨਾ 59.
11. **ਰਿਸ਼ਤਿਆਂ ਦੀ ਪਰਕਰਮਾ** ਪੰਨਾ 18.
12. ਉਹੀ, ਪੰਨਾ 67.
13. ਉਹੀ ਪੰਨਾ 69.
14. ਉਹੀ, ਪੰਨਾ 46.
15. ਉਹੀ, ਪੰਨਾ 69.
16. **ਕਦੋਂ ਕੋਈ ਆਏਗਾ**, ਪੰਨਾ 50.
17. ਉਹੀ, ਪੰਨਾ 53.
18. ਉਹੀ, ਪੰਨਾ 34.
19. **ਚੇਤਨਾ ਦੀ ਮਿੱਟੀ**, ਪੰਨਾ 22.
20. **ਕਦੋਂ ਕੋਈ ਆਏਗਾ**, ਪੰਨਾ 62.
21. **ਚੇਤਨਾ ਦੀ ਮਿੱਟੀ**, ਪੰਨਾ 72.
22. **ਕਦੋਂ ਕੋਈ ਆਏਗਾ**, 59.
23. ਉਹੀ, ਪੰਨਾ 65.
24. ਉਹੀ, ਪੰਨਾ 64.
25. ਉਹੀ, ਪੰਨਾ 61.
26. **ਚੇਤਨਾ ਦੀ ਮਿੱਟੀ**, ਪੰਨਾ 79.
27. ਉਹੀ, ਪੰਨਾ 42.
28. **ਅਪਰਾਧ ਦਾ ਸ਼ਗਨ**, ਪੰਨਾ 19.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

29. ਉਹੀ, ਪੰਨਾ 20.
30. ਉਹੀ.
31. **ਕਦੋਂ ਕੋਈ ਆਏਗਾ**, ਪੰਨਾ 21.
32. ਉਹੀ, ਪੰਨਾ 17.
33. ਉਹੀ.
34. ਉਹੀ, ਪੰਨਾ 20.
35. ਉਹੀ, ਪੰਨਾ 19.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਲਦੀਪ ਕਲਪਨਾ ਦੀ ਕਾਵਿ ਰਚਨਾ : ਨਾਰੀ ਸੰਵੇਦਨਾ

ਕੁਲਦੀਪ ਕਲਪਨਾ ਨੇ ਆਪਣੇ ਪਹਿਲੇ ਕਾਵਿ-ਸੰਗ੍ਰਹਿ **ਬਸਤੀ ਤੇ ਸਹਿਰਾ** ਨਾਲ 1977 ਵਿਚ ਪੰਜਾਬੀ ਕਾਵਿ ਜਗਤ ਵਿਚ ਪ੍ਰਵੇਸ਼ ਕੀਤਾ ਅਤੇ ਉਸਦਾ ਦੂਜਾ ਕਾਵਿ ਸੰਗ੍ਰਹਿ **ਜਗਦੇ ਬੁਝਦੇ ਜਜ਼ੀਰੇ** 1980 ਵਿਚ ਪ੍ਰਕਾਸ਼ਿਤ ਹੋਇਆ। ਇਨ੍ਹਾਂ ਦੋਵਾਂ ਪੁਸਤਕਾਂ ਵਿਚ ਸੰਮਿਲਿਤ ਨਜ਼ਮਾਂ, ਗੀਤ ਤੇ ਗਜ਼ਲਾਂ ਅਜੋਕੇ ਯੁੱਗ ਵਿਚਲੀ ਨਾਰੀ ਦੀ ਸਥਿਤੀ, ਉਸ ਦੀ ਸਰਾਪੀ ਹੋਂਦ ਅਤੇ ਉਸ ਦੇ ਲਈ ਅਣਸੁਖਾਵੇਂ ਵਾਤਾਵਰਣ ਦੇ ਵੱਖ ਵੱਖ ਪਾਸਾਰਾਂ ਦੇ ਅਨੁਭਵੀ ਸੰਦਰਭਾਂ ਨਾਲ ਸੰਬੰਧਿਤ ਹਨ। ਇਨ੍ਹਾਂ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਹ ਪ੍ਰਤੱਖ ਪੱਧਰ ਉੱਪਰ ਸਪਾਟ ਢੰਗ ਨਾਲ ਅਤੇ ਉੱਚੀ ਸੁਰ ਵਿਚ ਨਾਰੀ ਦੇ ਪੱਖ ਵਿਚ ਨਾਅਰੇਬਾਜ਼ੀ ਕਰਨ ਤੋਂ ਗੁਰੇਜ਼ ਕਰਦੀ ਹੈ। ਪ੍ਰਤਿਕੂਲ ਹਾਲਤ ਵਿਚ ਜਕੜੀ ਤੇ ਨੱਪੀ-ਨੂੜੀ, ਬੇਬਸ ਤੇ ਬੇਚੈਨ ਨਾਰੀ ਇਨ੍ਹਾਂ ਕਵਿਤਾਵਾਂ ਦਾ ਰਚਨਾਤਮਕ ਸੰਦਰਭ ਹੈ। ਇਨ੍ਹਾਂ ਵਿਚਲੀ ਨਾਰੀ ਇਸ ਸਥਿਤੀ ਦੀ ਕਰੂਪਤਾ ਨੂੰ ਬਰਦਾਸ਼ਤ ਕਰਦੀ ਹੋਈ ਜਿਵੇਂ ਆਪਣੀ ਹੀ ਹੋਂਦ ਅੰਦਰ ਸਿਮਟੀ-ਸੁੰਗੜੀ ਹੋਈ ਹੈ। ਇੰਜ ਕੁਲਦੀਪ ਕਲਪਨਾ ਦੀਆਂ ਕਵਿਤਾਵਾਂ ਸਾਡੇ ਸਭਿਆਚਾਰਕ ਪ੍ਰਪੰਚ ਵਿਚਲੀਆਂ ਨਾਰੀ ਵਿਰੋਧੀ ਕੀਮਤਾਂ ਦਾ ਪ੍ਰਤੀਕਾਤਮਕ ਪ੍ਰਗਟਾਵਾ ਹਨ। ਇਸ ਪ੍ਰਤੀਕਮਈ ਪ੍ਰਗਟਾਵੇ ਪਿੱਛੇ ਇਕ ਸੰਵੇਦਨਸ਼ੀਲ ਨਾਰੀ ਦੀ ਹੋਂਦ ਦੀ ਕਾਰਜਸ਼ੀਲਤਾ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ।

ਕੁਲਦੀਪ ਕਲਪਨਾ ਨਾਰੀ ਦੀ ਸਥਿਤੀ ਦੀ ਵਾਸਤਵਿਕਤਾ ਤੋਂ ਭਲੀਭਾਂਤ ਵਾਕਿਫ਼ ਹੈ। ਉਸ ਨੇ ਆਪਣੀ ਇਸ ਸਮਝ ਨੂੰ ਇਕ ਇੰਟਰਵਿਊ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ .

ੳ. ਔਰਤ ਨਾਲ ਅਜਕਲ, ਅਜੇ ਤਕ, ਕੀ ਵਾਪਰਿਆ ਹੈ ?... ਔਰਤ ਨੂੰ ਸੁਤੰਤਰ ਜੀਊਣ ਦਾ ਹੱਕ ਤਕ ਨਹੀਂ ਦਿਤਾ ਜਾਂਦਾ। ਔਰਤ ਮਰਦ ਵਿਚਲੇ ਤਣਾਅ ਵਿਚ ਹਮੇਸ਼ਾਂ ਔਰਤ ਹੀ 'ਵਿਕਟਮ' ਕਿਉਂ ਹੁੰਦੀ ਹੈ ?[1]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅ. ਮੇਰੀ ਕਵਿਤਾ ਹੀ ਮੇਰਾ ਸੱਚ ਹੈ। ਜੇ ਉਸ ਵਿਚੋਂ ਇਕ ਪੀੜਤ ਹੋਂਦ ਬੋਲਦੀ ਦਿਸਦੀ ਹੈ ਤਾਂ ਇਹੀ ਮੇਰੇ ਅਨੁਭਵ ਦਾ ਸੱਚ ਹੈ। ਤੁਸੀਂ ਕਹਿੰਦੇ ਹੋ ਕਿ ਮੇਰੇ ਵਿਚ ਵਿਦਰੋਹ ਦੀ ਭਾਵਨਾ ਨਹੀਂ। ਮੇਰੀ ਕਵਿਤਾ ਹੀ ਵਿਦਰੋਹ ਦੀ ਇਬਾਰਤ ਹੈ। ਅੱਗੋਂ ਜਿਸ ਤਰ੍ਹਾਂ ਵੀ ਇਹ ਵਿਦਰੋਹ ਹੈ ਇਹ ਮੇਰੀ ਸੀਮਾ ਹੈ। ਇਕ ਤਿੜਕੀ ਹੋਈ ਮਾਨਸਿਕਤਾ ਵਾਲੀ ਕੁੜੀ ਦੇ ਤੌਰ 'ਤੇ ਮੈਂ ਆਪਣੀ ਹੋਸ਼ ਸੰਭਾਲੀ। ਤਿੜਕ ਚੁੱਕੇ, ਟੁੱਟ ਚੁੱਕੇ, ਘਰ ਵਿਚ ਕੋਈ ਸੰਵੇਦਨਸ਼ੀਲ ਵਿਅਕਤੀ ਤੇ ਉਹ ਵੀ ਕੁੜੀ, ਕਿਹੋ ਜਿਹੀ ਸ਼ਕਤੀ ਆਪਣੇ ਅੰਦਰ ਪੈਦਾ ਕਰ ਸਕਦੀ ਹੈ—ਕਿ ਉਹ ਜ਼ਿੰਦਗੀ ਦੀਆਂ ਤ੍ਰੇੜਾ ਨੂੰ ਜਜ਼ਬ ਕਰ ਸਕੇ ? ਇਹ ਤ੍ਰੇੜਾਂ ਮੇਰੀ ਹੋਣੀ ਦਾ ਹਿੱਸਾ ਹਨ ਤੇ ਰਹਿਣਗੀਆਂ ਵੀ ?[2]

ਇਨ੍ਹਾਂ ਟੂਕਾਂ ਵਿਚੋਂ ਕੁਲਦੀਪ ਕਲਪਨਾ ਦੀ ਨਾਰੀ ਸੰਵੇਦਨਾ ਦੀ ਟੋਹ ਭਲੀ ਭਾਂਤ ਮਿਲ ਜਾਂਦੀ ਹੈ। ਪਹਿਲੀ ਟਕ ਜਿਥੇ ਨਾਰੀ ਦੀ ਗੁਲਾਮ ਹੋਂਦ ਅਤੇ ਅਣਸੁਖਾਵੇਂ ਸਮਾਜਕ ਵਾਤਾਵਰਣ ਵੱਲ ਇਸ਼ਾਰਾ ਕਰਦੀ ਹੈ ਉਥੇ ਦੂਜੀ ਟੂਕ ਵਿਚਲੇ ਸ਼ਬਦਾਂ "ਤਿੜਕੀ ਹੋਈ ਮਾਨਸਿਕਤਾ ਵਾਲੀ ਕੁੜੀ" ਤੋਂ ਲੇਖਿਕਾ ਦੇ ਜੀਵਨੀ-ਮੂਲਕ ਵੇਰਵਿਆ ਤੇ ਪਰਿਵਾਰਕ ਸਥਿਤੀ ਬਾਰੇ ਕੁਝ ਸੰਕੇਤ ਮਿਲਦਾ ਹੈ। ਇਹ ਸਥਿਤੀ ਦੀ ਵਾਸਤਵਿਕਤਾ ਹੈ ਜਿਸ ਵਿਚ ਨਾ ਸਿਰਫ਼ ਕਲਪਨਾ ਨੇ ਹੀ "ਤਿੜਕੀ ਹੋਈ ਮਾਨਸਿਕਤਾ ਵਾਲੀ ਕੁੜੀ" ਵਜੋਂ ਹੋਂਦ ਸੰਭਾਲੀ ਹੈ ਬਲਕਿ ਅਜਿਹਾ ਵਾਤਾਵਰਣ ਪੰਜਾਬੀ ਸਭਿਆਚਾਰ ਵਿਚ ਜਨਮ ਲੈਣ ਵਾਲੀ ਹਰ ਕੁੜੀ ਦਾ ਨਸੀਬ ਬਣ ਜਾਂਦਾ ਹੈ। ਇਸ ਤੋਂ ਵੀ ਵੱਧ "ਤੀਜੇ ਸੰਸਾਰ ਵਿਚ ਔਰਤ ਦੀ ਗਾਥਾ ਪਿਤਾ-ਪੁਰਖੀ ਸਭਿਆਚਾਰ ਅਤੇ ਸਮਾਜਕ ਵਰਤਾਰੇ ਵਿਚ ਗੁਆਚ ਚੁੱਕੇ ਅਸਤਿਤਵ ਦੀ ਗਾਥਾ ਹੈ। ਇਕ ਸੰਵੇਦਨਸ਼ੀਲ ਔਰਤ ਜਦ ਵੀ ਆਪਣੇ ਦਵਾਲੇ ਤਣੀਆਂ ਵਲਗਣਾਂ ਤੋਂ ਬਾਹਰ ਨਿਕਲਣ ਦਾ ਸਾਹਸ ਕਰਦੀ ਹੈ ਤਾਂ ਕਲਾ ਅਤੇ ਸਾਹਿਤ ਉਸਦੀ ਸ਼ਕਤੀ ਦਾ ਸ੍ਰੋਤ ਬਣਦੇ ਹਨ।"[3]

ਨਾਰੀ ਦੀ ਤ੍ਰਾਸਦੀ ਕੁਲਦੀਪ ਕਲਪਨਾ ਦੀ ਸ਼ਾਇਰੀ ਦੀ ਪਿੱਠਭੂਮੀ ਹੈ ਅਤੇ ਅਗਰਭੂਮੀ ਵਿਚ ਉਸ ਦੀ ਸਥਿਤੀ ਵਿਚ ਇਸ ਸੰਬੰਧੀ ਵੱਖ ਵੱਖ ਥਾਵਾਂ ਉੱਪਰ ਸੰਕੇਤ ਖਿੱਲਰੇ ਪਏ ਹਨ। ਕਿਧਰੇ ਕਿਧਰੇ ਇਹ ਸੰਕੇਤ ਧੀਮੀ ਸੁਰ ਵਿਚ ਅਗਰਭੂਮੀ ਵਿਚ ਵੀ ਪ੍ਰਵੇਸ਼ ਕਰਦੇ ਹਨ। ਉਸ ਦੀਆਂ ਕਵਿਤਾਵਾਂ ਦਾ ਜੁੱਸਾ ਨਾਰੀ ਹੋਣ ਦੇ ਅਹਿਸਾਸ ਨਾਲ ਓਤਪੋਤ ਹੈ। ਨਾਰੀ ਦੇ ਖਿੱਲਰੇ-ਬਿਖਰੇ ਅਤੇ ਖੰਡਿਤ ਅਸਤਿਤਵ ਨੂੰ ਉਸ ਨੇ ਆਪਣੀਆਂ ਕਈ ਕਵਿਤਾਵਾਂ ਵਿਚ ਪਰੋਖ ਰੂਪ ਵਿਚ ਬਿਆਨਿਆ ਹੈ। ਨਾਰੀ ਅਸਤਿਤਵ ਦੀ ਖੰਡਿਤਾ ਉਸ ਦੀਆਂ ਨਜ਼ਮਾਂ ਵਿਚ ਨਵੀਨ ਬਿੰਬਾਂ ਅਤੇ ਮੌਲਿਕ ਪ੍ਰਤੀਕ-ਪ੍ਰਬੰਧ ਦੁਆਰਾ ਪੇਸ਼ ਹੋਈ ਹੈ। ਉਸ ਦੀ ਪਹਿਲੀ ਪੁਸਤਕ ਦੇ ਨਾਂ **ਬਸਤੀ ਤੇ ਸਹਿਰਾ** ਤੋਂ ਹੀ ਇਹ ਨੁਕਤਾ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ। "ਬਸਤੀ ਤੋਂ ਆਬਾਦੀ, ਪ੍ਰਾਪਤੀ, ਸੰਭਾਵਨਾ, ਬਾਹਰਮੁਖੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੁਸ਼ਹਾਲੀ, ਰੌਣਕ ਆਦਿ ਦੇ ਭਾਵ ਅਤੇ ਸਹਿਰਾ ਤੋਂ ਇਸ ਹੇਠ ਲੁਕੀ ਵੀਰਾਨੀ, ਅਪ੍ਰਾਪਤੀ, ਅਸੰਭਾਵਨਾ, ਅੰਤਰਮੁਖੀ ਉਦਾਸੀ ਆਦਿ ਦੇ ਭਾਵ ਵਿਅੰਜਿਤ ਹੁੰਦੇ ਹਨ।"[4] ਬਸਤੀ ਅਤੇ ਸਹਿਰਾ ਨੂੰ ਜੇਕਰ ਅਜੋਕੇ ਸਭਿਆਚਾਰਕ ਪਰਪੰਚ (phenomenon) ਅਤੇ ਨਾਰੀ ਦੀ ਖੰਡਿਤ ਹੋਂਦ ਦੇ ਪ੍ਰਸੰਗ ਵਿਚ ਰੱਖ ਕੇ ਸਮਝੀਏ ਤਾਂ ਇਹ ਪ੍ਰਤੀਕ ਆਪਣੇ ਆਪ ਹੀ ਸਪੱਸ਼ਟ ਹੋ ਜਾਂਦੇ ਹਨ। ਇਹ ਵਿਰੋਧੀ ਪ੍ਰਤੀਕ ਹੀ ਸਥਿਤੀ ਦੀ ਉਸ ਵਾਸਤਵਿਕਤਾ ਵੱਲ ਭਰਵੇਂ ਸੰਕੇਤ ਕਰਦੇ ਹਨ ਜਿਸ ਅਨੁਸਾਰ ਬਾਹਰੋਂ ਦੇਖਣ ਨੂੰ ਇਹ ਦੁਨੀਆਂ ਇਕ ਬਸਤੀ ਜਿਹੀ, ਰੌਣਕ ਭਰਪੂਰ ਤੇ ਖਿੜਾਓ-ਭਰੀ ਨਜ਼ਰੀਂ ਪੈਂਦੀ ਹੈ ਪਰ ਇਕ ਨਾਰੀ ਦੀ ਅੱਖ ਜਾਂ ਉਸ ਦੀ ਖੰਡਿਤ ਮਾਨਸਿਕਤਾ ਰਾਹੀਂ ਵੇਖਿਆਂ ਇਸ ਦੀ ਹੋਂਦ ਸਹਿਰਾ ਜਾਂ ਵੀਰਾਨੇ ਤੋਂ ਵੱਧ ਕੁਝ ਨਹੀਂ। ਇਸ ਸਹਿਰਾ ਜਾਂ ਵੀਰਾਨੇ ਦੇ ਅਰਥ ਨਾਰੀ ਨੂੰ ਪ੍ਰਾਪਤ ਸਭਿਆਚਾਰਕ ਵਾਤਾਵਰਣ ਦੇ ਸੰਦਰਭ ਵਿਚ ਹੀ ਪੂਰੀ ਤਰ੍ਹਾਂ ਸਮਝ ਆ ਸਕਦੇ ਹਨ। ਉਸ ਉੱਪਰ ਲਗਾਈਆਂ ਜਾਂਦੀਆਂ ਰੋਕਾਂ ਜਾਂ ਪਾਬੰਦੀਆਂ ਇਸ ਦੇ ਠੀਕ ਅਰਥਾਂ ਤਕ ਪਹੁੰਚ ਸਕਦੀਆਂ ਹਨ। ਉਸ ਦੀ ਅਸਲ ਸਥਿਤੀ ਦੀ ਟੋਹ ਉਸ ਪ੍ਰਤਿ ਵੱਖ ਵੱਖ ਲੋਕਾਂ ਦੇ ਵਤੀਰੇ ਤੋਂ ਮਿਲ ਸਕਦੀ ਹੈ। ਇਸ ਸਭ ਕੁਝ ਦੀ ਕਰੂਰਤਾ ਵਿਚੋਂ ਹੀ ਨਾਰੀ ਦੀ ਪੀੜਾ, ਸੰਤਾਪ, ਮਨੋ-ਉਲਝਣਾਂ ਦਾ ਜਨਮ ਵੀ ਹੁੰਦਾ ਹੈ ਅਤੇ ਆਲੇ ਦੁਆਲੇ ਵਿਚਲੇ ਫੋਕਟ-ਮੁੱਲਾਂ ਦੀ ਹਕੀਕਤ ਵੀ ਉੱਭਰ ਕੇ ਸਾਮ੍ਹਣੇ ਆਉਂਦੀ ਹੈ। ਇਸੇ ਨੂੰ ਕਲਪਨਾ "ਮਾਹੌਲ ਦੀ ਦੁਰਗੰਧ ਮਾਰੀ ਪੌਣ"[5] ਵਜੋਂ ਪਰਿਭਾਸ਼ਿਤ ਕਰਦੀ ਹੈ ਅਤੇ ਸਥਿਤੀ ਦੀ ਵਾਸਤਵਿਕਤਾ ਨੂੰ ਪ੍ਰਸ਼ਨਾਂ ਦੇ ਰੂਪ ਵਿਚ ਸਾਮ੍ਹਣੇ ਲਿਆਉਂਦੀ ਹੈ, "ਕਿੱਸਾ-ਏ-ਇਸ਼ਕ" ਕਵਿਤਾ ਵਿਚ ਲਿਖਦੀ ਹੈ ਕਿ :

ਮੈਂ ਨਾ ਸਾਹਿਬਾਂ, ਨਾ ਹੀਰ
ਨਾ ਸੱਸੀ ਨਾ ਸੋਹਣੀ
ਜ਼ਮਾਨੇ ਦੇ ਤੀਰ, ਖੰਜਰ
ਜ਼ਹਿਰ ਸਭ ਮੇਰੇ ਲਈ
ਮੇਰੇ ਲਈ ਇਹ ਥਲ ਕਿਉਂ
ਝਨਾਂ ਕਿਉਂ, ਇਹ ਦਸਤ ਕਿਉਂ।[6]

"ਮਾਹੌਲ ਦੀ ਦੁਰਗੰਧ ਮਾਰੀ ਪੌਣ", "ਜ਼ਮਾਨੇ ਦੇ ਤੀਰ", "ਖੰਜਰ", "ਜ਼ਹਿਰ", "ਥਲ" ਅਤੇ "ਝਨਾਂ" ਆਦਿ ਪ੍ਰਤੀਕ ਨਾਰੀ ਲਈ ਅਣਸੁਖਾਵੇਂ ਵਾਤਾਵਰਣ ਦੇ ਹੀ ਸੰਕੇਤਕ ਪ੍ਰਗਟਾਵੇ ਹਨ। ਇਸੇ ਪ੍ਰਸੰਗ ਵਿਚ ਹੀ ਕਵਿਤਰੀ ਵਲੋਂ ਪੁਸਤਕ ਦੀ ਭੂਮਿਕਾ ਵਿਚ ਕੀਤੀ ਗਈ ਟਿੱਪਣੀ ਕਿ "ਮੇਰੇ ਅੰਦਰ ਜੋ ਤਨਹਾਈ ਦਾ ਬੂਟਾ ਪਲਦਾ ਹੈ ਉਸ ਦੀ ਉਮਰ ਮੇਰੇ ਤੋਂ ਨੌਂ ਮਹੀਨੇ ਵੱਧ ਹੈ।"[7] ਦੇ ਅਰਥ ਸਮਝੇ ਜਾ ਸਕਦੇ ਹਨ। ਨਾਰੀ ਦੀ ਹੋਂਦ ਉਸ ਨੂੰ ਜਨਮ ਤੋਂ ਹੀ ਮਿਹਣਿਆਂ ਵਿਚ ਘਿਰੀ ਦਿਖਾਈ ਦੇਂਦੀ ਹੈ। ਮਿਹਣਿਆਂ ਦਾ ਸਦਕਾ ਜਨਮ ਤੋਂ ਹੀ ਸ਼ੱਲੀ ਹੋਈ ਨਾਰੀ ਹੋਂਦ ਕਦੀ ਵੀ ਖਿੜਾਉ ਦੀ ਅਵਸਥਾ ਵਿਚ ਨਹੀਂ ਆਉਂਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁਸਕਾਨ, ਚਮਕ ਅਤੇ ਨੱਚਣ-ਟੱਪਣ ਜਿਵੇਂ ਉਸ ਦੀ ਅਜੇਹੀ ਹੋਂਦ ਦੇ ਸੁਪਨੇ ਹਨ ਜਿਨ੍ਹਾਂ ਨੂੰ ਹਕੀਕਤ ਦਾ ਆਧਾਰ ਪ੍ਰਾਪਤ ਨਹੀਂ ਹੁੰਦਾ :

ਹੋਠਾਂ ਨੂੰ ਹੱਸਣ, ਨੈਣਾਂ ਨੂੰ ਚਮਕਣ
ਪੈਰਾਂ ਨੂੰ ਨੱਚਣ, ਜੇ ਨਾ ਮਿਲੇ
ਤਾਂ ਕੇਹੀ ਕੁੜੀ ਮੁਟਿਆਰ
ਸਖੀ ਭਲਾ ਦਸ ਖਾਂ ।[8]

ਇਸੇ ਵਸਤੂ-ਸਥਿਤੀ ਵਿਚੋਂ ਹੀ ਉਸ ਦੀ ਕਵਿਤਾ ਵਿਚਲੀ ਇਕੱਲਤਾ, ਨਿਰਾਸ਼ਾ ਤੇ ਸੰਕਟਸ਼ੀਲ ਮਾਨਸਿਕਤਾ ਦੀ ਸ਼ਿਕਾਰ ਨਾਰੀ ਆਪਣਾ ਬਿੰਬ ਉਭਾਰਦੀ ਹੈ। ਇਹ ਅਹਿਸਾਸ ਉਸਦੀ ਮਾਨਸਿਕਤਾ ਉੱਪਰ ਕੁਝ ਇਸ ਕਦਰ ਭਾਰੂ ਹਨ ਕਿ ਉਸ ਨੂੰ ਆਪਣੇ ਆਲੇ ਦੁਆਲੇ ਵਿਚ ਇਕ ਬੇਤਰਤੀਬੀ ਜਾਂ ਅਧੂਰੇਪਣ ਦੀ ਹੀ ਝਲਕ ਦਿਖਾਈ ਦੇਂਦੀ ਹੈ। ਆਲੇ ਦੁਆਲੇ ਦੀ ਭੀੜ ਉਸ ਅੰਦਰਲੀ ਇਕੱਲਤਾ, ਤੇ ਉਦਾਸੀ ਵਿਚ ਕੁਝ ਜਮ੍ਹਾਂ ਹੀ ਕਰਦੀ ਹੈ, ਘਟਾਉਂਦੀ ਕੁਝ ਨਹੀਂ। ਇਸ ਇਕੱਲਤਾ, ਉਲਝਣ, ਪਰੇਸ਼ਾਨੀ ਤੇ ਸੰਕਟਸ਼ੀਲਤਾ ਰਾਹੀਂ ਵੇਖਿਆਂ ਜ਼ਿੰਦਗੀ ਬੇਕਰੀਨਾ, ਜਾਂ ਬੇਤਰਤੀਬ ਜਾਪਦੀ ਹੈ। "ਕੋਲਾਜ਼" ਕਵਿਤਾ ਵਿਚ ਲਿਖਦੀ ਹੈ :

ਏਥੇ ਕੁਝ ਵੀ ਸਾਬਤ ਨਹੀਂ
ਏਥੇ ਸਭ ਕੁਝ ਟੁੱਟ ਚੁੱਕਾ ਹੈ
ਏਥੇ ਕੋਈ ਕਰੀਨਾ ਨਹੀਂ
ਏਥੇ ਸਭ ਕੁਝ ਉਲਟ ਪੁਲਟ ਹੈ
ਇਹ ਸੱਭੋ ਕੁਝ ਕਿਉਂ ਹੋਇਆ
ਕਿਵੇਂ ਹੋਇਆ ਤੇ ਕਦ ਹੋਇਆ
ਇਹ ਨਾ ਪੁੱਛੋ
ਦਸਾਂਗੀ ਤਾਂ ਡਰ ਜਾਵੋਗੇ ।[9]

ਇਹ ਪੰਗਤੀਆਂ ਅਸਲ ਵਿਚ ਨਾਰੀ ਦੀ ਮਾਨਸਿਕਤਾ ਰਾਹੀਂ ਵੇਖੀ ਦੁਨੀਆਂ ਦੀ ਤਸਵੀਰ ਕਹੀਆਂ ਜਾ ਸਕਦੀਆਂ ਹਨ। ਨਾਰੀ ਲਈ ਆਲਾ-ਦੁਆਲਾ ਉਸ ਪ੍ਰਕਾਰ ਦਾ ਨਹੀਂ ਜਿਸ ਪ੍ਰਕਾਰ ਦਾ ਇਕ ਪੁਰਸ਼ ਲਈ ਹੈ। ਸਭਿਆਚਾਰਕ ਪ੍ਰਪੰਚ ਵਿਚਲੀਆਂ ਸਾਰੀਆਂ ਕੀਮਤਾਂ ਕਿਉਂਕਿ ਨਾਰੀ ਦੀ ਹੋਂਦ ਨਾਲ ਵਿਤਕਰਾ ਕਰਦੀਆਂ ਹਨ, ਇਸ ਲਈ ਇਨ੍ਹਾਂ ਵਿਚੋਂ ਨਾਰੀ-ਸ਼ਖਸੀਅਤ ਦੇ ਸਾਲਮ-ਸਬੂਤੇਪਨ ਦੀ ਭਾਲ ਕਰਨੀ ਵਿਅਰਥ ਹੈ, ਇਸੇ ਲਈ ਉਪਰ ਅੰਕਿਤ ਪੰਗਤੀਆਂ ਵਿਚ ਪੇਸ਼ ਨਾਰੀ ਨੂੰ ਸਭ ਕੁਝ ਉਲਟ-ਪੁਲਟ ਦਿਖਾਈ ਦੇਂਦਾ ਹੈ। ਕਾਵਿ ਸਿਰਜਿਤ "ਮੈਂ" ਇਸ ਉਲਟੇ-ਪੁਲਟੇਪਨ ਦੇ ਇਤਿਹਾਸਕ ਪ੍ਰਸੰਗ ਨੂੰ ਉਭਾਰਣਾ ਲੋੜਦੀ ਹੈ ਪਰ ਹੈਰਾਨੀ ਤੇ ਡਰ ਦੇ ਭਾਵਾਂ ਦੀ ਸੰਭਾਵਨਾ ਪੈਦਾ ਕਰਕੇ ਉਹ ਗੱਲ ਨੂੰ ਰੋਕ ਦੇਂਦੀ ਹੈ। ਇਸ ਪ੍ਰਕਾਰ ਉਹ ਇਸ "ਉਲਟੇ ਪੁਲਟੇ" ਸਭ ਕੁਝ ਦੇ ਚਿਰਾਂ ਤੋਂ ਚਲਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਉਣ ਦਾ ਸੰਕੇਤਕ ਪ੍ਰਗਟਾਵਾ ਕਰ ਜਾਂਦੀ ਹੈ।

ਕਲਪਨਾ ਆਪਣੀ ਸ਼ਾਇਰੀ ਵਿਚ ਇਕ ਚੇਤੰਨ ਨਾਰੀ ਦਾ ਬਿੰਬ ਉਭਾਰਦੀ ਹੈ, ਜਿਹੜੀ ਇਤਿਹਾਸਕ ਸਥਿਤੀ ਤੋਂ ਵੀ ਭਲੀ ਭਾਂਤ ਵਾਕਿਫ਼ ਹੈ ਤੇ ਵਰਤਮਾਨ ਸੰਕਟ ਤੋਂ ਵੀ ਬੇਖ਼ਬਰ ਨਹੀਂ। ਵਰਤਮਾਨ ਸੰਕਟ ਪ੍ਰਤਿ ਤਾਂ ਉਹ ਏਸ ਹੱਦ ਤਕ ਚੇਤੰਨ ਹੈ ਕਿ ਉਹ ਗੱਲ ਹੀ ਇਕੱਲਤਾ, ਸੰਕਟ, ਪੀੜ, ਅਣਸੁਖਾਵੇਂਪਨ, ਬੇਤਰਤੀਬੀ, ਵੀਰਾਨੀ ਦੀ ਕਰਦੀ ਹੈ। ਇਹ ਸਭ ਕੁਝ ਦੀ ਹੋਂਦ ਅਤੇ ਇਸ ਵਿਚੋਂ ਪੈਦਾ ਹੋਣ ਵਾਲੀ ਪੀੜਾ ਨੂੰ ਕਵਿਤਰੀ ਨੇ ਆਪਣੀ "ਸ਼ਹਿਰ" ਨਾਮੀ ਕਵਿਤਾ ਵਿਚ ਪ੍ਰਤੀਕਾਤਮਕ ਪੱਧਰ ਉੱਪਰ ਬਿਆਨ ਕੀਤਾ ਹੈ। "ਸ਼ਹਿਰ" ਦੇ ਇਸ ਪ੍ਰਤੀਕ ਦੀ ਬਿਰਤੀ ਬੰਦ (closed) ਨਹੀਂ ਸਗੋਂ "ਖੁਲ੍ਹੀ" (open) ਹੈ ਜੋ ਸ਼ਹਿਰ ਦੇ ਕੋਸ਼ਗਤ ਅਰਥਾਂ ਤੋਂ ਕਿਤੇ ਪਾਰ ਫੈਲਦੀ ਹੋਈ ਆਪਣੀ ਸਾਰਥਕਤਾ ਨੂੰ ਉਸ ਸਮੇਂ ਤੇ ਸਥਾਨ ਤਕ ਲੈ ਜਾਣ ਦੀ ਸਮਰੱਥਾ ਰਖਦੀ ਹੈ ਜਿਸ ਵਿਚ ਨਾਰੀ ਨਾਲ ਜ਼ਿਆਦਤੀ ਹੁੰਦੀ ਹੈ ਜਾਂ ਜਿਸ ਵਿਚ ਉਸ ਨੂੰ ਅਣਸੁਖਾਵਾਂ ਵਾਤਾਵਰਣ ਪ੍ਰਾਪਤ ਹੁੰਦਾ ਹੈ। ਵਸਤੂ-ਸਥਿਤੀ ਦਾ ਪ੍ਰਗਟਾਵਾ ਕਰਨ ਵਾਲੀ ਇਸ ਕਵਿਤਾ ਦੀਆਂ ਕੁਝ ਪੰਗਤੀਆਂ ਇਸ ਪ੍ਰਕਾਰ ਹਨ :

ਇਹ ਸ਼ਹਿਰ ਜੋ ਅੱਗ ਦਾ ਦਰਿਆ ਡੀਕ ਲਿਆ, ਡੁੱਬ ਲਿਆ ਹੈ
ਇਹ ਸ਼ਹਿਰ ਜੋ ਮਾਰੂਥਲ ਹੈ ਸੇਕ ਲਿਆ ਹੈ ਭੁੱਜ ਲਿਆ ਹੈ
ਇਹ ਸ਼ਹਿਰ ਜੋ ਸੰਘਣਾ ਜੰਗਲ ਡਰਦੇ ਡਰਦੇ ਲੰਘ ਲਿਆ ਹੈ
ਇਹ ਸ਼ਹਿਰ ਜੋ ਭਵ-ਸਾਗਰ ਹੈ ਡੁਬ ਵੀ ਲਿਆ ਤਰ ਵੀ ਲਿਆ ਹੈ
ਏਸ ਸ਼ਹਿਰ ਦੀਆਂ ਗੰਧ ਸੁਗੰਧਾਂ ਵਿਛ ਵਿਛ ਰਸਤੇ ਰੋਕ ਲਏ ਨੇ
ਏਸ ਸ਼ਹਿਰ ਦੀ ਨਫ਼ਰਤ ਸਾਡੇ ਲੂੰ ਲੂੰ ਕੰਡੇ ਚੋਭ ਲਏ ਨੇ
ਏਸ ਸ਼ਹਿਰ ਦੇ ਭਰਮ ਜਾਲ ਵਿਚ ਫਸ ਵੀ ਲਿਆ ਛੁਟ ਵੀ ਲਿਆ ਹੈ
ਏਸ ਸ਼ਹਿਰ ਦੇ ਮੋਹਜਾਲ ਵਿਚ ਬੱਝ ਵੀ ਲਿਆ ਹੈ ਟੁੱਟ ਵੀ ਲਿਆ ਹੈ।[10]

"ਸ਼ਹਿਰ ਜੋ ਅੱਗ ਦਾ ਦਰਿਆ", "ਸ਼ਹਿਰ ਜੋ ਮਾਰੂਥਲ", "ਸ਼ਹਿਰ ਜੋ ਸੰਘਣਾ ਜੰਗਲ", "ਸ਼ਹਿਰ ਜੋ ਭਵ ਸਾਗਰ", "ਸ਼ਹਿਰ ਦੀਆਂ ਗੰਧ ਸੁਗੰਧਾਂ", "ਸ਼ਹਿਰ ਦੀ ਨਫ਼ਰਤ", "ਸ਼ਹਿਰ ਦੇ ਭਰਮ ਜਾਲ" ਆਦਿ ਸਾਰੇ ਪ੍ਰਗਟਾਵੇ ਨਾਰੀ ਪ੍ਰਤਿ ਚੌਗਿਰਦੇ ਦੀ ਵਿਕਰਾਲਤਾ ਦੀ ਪਛਾਣ ਨਾਲ ਹੀ ਸੰਬੰਧਿਤ ਹਨ। ਜੋ ਮਾਹੌਲ ਇਕ ਨਾਰੀ ਨੂੰ ਆਪਣੇ ਘਰ ਦੀ ਚਾਰਦੀਵਾਰੀ ਵਿਚ ਪ੍ਰਾਪਤ ਹੁੰਦਾ ਹੈ ਉਹ ਵੀ ਆਲੇ ਦੁਆਲੇ ਦੇ ਮਾਹੌਲ ਤੋਂ ਘੱਟ ਨਹੀਂ ਹੈ। "ਬਾਹਰੋਂ" ਤੇ "ਘਰੋਂ" ਮਿਲਦੇ ਇਸ ਮਾਹੌਲ ਪ੍ਰਤਿ ਰਤਾ ਜਿੰਨੀ ਵੀ ਚੇਤਨਾ ਨਾਰੀ ਨੂੰ ਸ੍ਵੈ ਕੇਂਦਰਿਤ ਬਣਾ ਦੇਂਦੀ ਹੈ। ਉਹ ਨਿਰੰਤਰ ਆਪਣੇ ਆਪ ਵਿਚ ਕੁੜ੍ਹਦੀ ਹੈ ਪਰ ਉਸ ਦਾ ਵਿਅਕਤੀਗਤ ਵਿਦਰੋਹ ਕਿਸੇ ਪ੍ਰਕਾਰ ਦੀ ਤਬਦੀਲੀ ਲਿਆ ਸਕਣ ਦੀ ਅਸਮਰਥਾ ਕਾਰਣ ਨਿਪੁੰਸਕ ਜਿਹਾ ਹੀ ਹੁੰਦਾ ਹੈ। ਨਾਰੀ ਦੀ ਇਸ ਸਥਿਤੀ ਨੂੰ ਲੇਖਿਕਾ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

''ਯੁੱਧ'' ਕਵਿਤਾ ਵਿਚ ਪਰ-ਕਟੇ ਪੰਛੀ ਨਾਲ ਤੁਲਨਾ ਦਿਤੀ ਹੈ। ਇਹ ਕਵਿਤਾ ਨਾਰੀ ਦੀ ਗੁਲਾਮੀ, ਕੈਦ, ਇਕੱਲ ਜਾਂ ਵੱਖ ਵੱਖ ਤਰ੍ਹਾਂ ਦੀਆ ਬੰਦਿਸ਼ਾਂ ਨੂੰ ਪ੍ਰਗਟਾਉਂਦੀ ਹੈ ਜਿਸ ਵਿਚ ਉਸ ਦੀ ਹੋਂਦ ਨਿਰੰਤਰ ਪਿਸਦੀ, ਤਿੜਕਦੀ, ਬਿਖਰਦੀ ਅਤੇ ਸੁਤੰਤਰਤਾ ਲਈ ਸੰਘਰਸ਼ ਕਰਦੀ ਹੈ :

ਮੇਰੇ ਪਰ ਕੱਟਣ ਤੋਂ ਪਿੱਛੋਂ
ਉਹ ਬੇਫਿਕਰ ਸੌਂ ਗਏ
ਮੇਰੇ ਲਈ ਨਿਸ਼ਚਿਤ ਸੀ ਸਭ ਕੁਝ
ਵਕਤ, ਮੌਸਮ, ਕਮਰੇ ਦੀ ਕੈਦ
ਕਮਰੇ ਦੀ ਕੈਦ ਵਿਚ ਲੰਮੀ ਇਕੱਲ
ਅਤੇ ਇਕੱਲ ਵਿਚ ਪੈਦਾ ਹੁੰਦੇ ਹਜ਼ਾਰ ਰੋਗ।
ਮੇਰੇ ਲਈ ਲਾਜ਼ਿਮ ਸੀ ਕਿ ਮੈਂ
ਖਿੜਕੀ ਵਿਚ ਦਿਸਦੇ ਸੂਰਜ ਵੱਲ ਤੱਕ ਤੱਕ ਕੇ
ਜ਼ੱਰੇ ਤੋਂ ਆਫਤਾਬ ਤੇ ਆਫਤਾਬ ਤੋਂ ਜ਼ੱਰਾ
ਬਣਨ ਦਾ ਸਫ਼ਰ ਕਰਾਂ
ਚੰਨ ਸਿਤਾਰਿਆਂ ਨੂੰ ਦੇਖ ਕੇ
ਅੰਦਰੇ ਅੰਦਰ ਜਗਣ ਬੁਝਣ ਦਾ ਕਰਮ ਕਰਾਂ।[11]

ਇਸ ਕਵਿਤਾ ਵਿਚ ਸਿਰਜਿਤ ਨਾਰੀ ਆਪਣੇ ਹੀ ਘਰ ਅੰਦਰ ਇਕ ਨਿਸ਼ਚਿਤ, ਇਕੱਲਤਾ ਭਰਪੂਰ ਤੇ ਗੁਲਾਮਾਨਾ ਜੀਵਨ ਬਸਰ ਕਰ ਰਹੀ ਹੈ। ਘਰ ਤੋਂ ਬਾਹਰਲਾ ਵਿਕਰਾਲ, ਕਠੋਰ ਤੇ ਤਲਖ ਵਾਤਾਵਰਣ ਅਤੇ ਘਰ ਅੰਦਰਲੀ ਘੁਟਨ ਉਸ ਦੀ ਰਚਨਾ ਦੀ ਪਿੱਠਭੂਮੀ ਹੈ ਜਿਸ ਨਾਲ ਜੋੜਕੇ ਹੀ ਉਸ ਦੀ ਰਚਨਾ ਵਿਚਲੀ ਸ੍ਵੈ-ਕੇਂਦਰਿਤਤਾ ਅੰਤਰਮੁਖਤਾ ਦੀ ਠੀਕ ਸਮਝ ਆ ਸਕਦੀ ਹੈ। ਕਲਪਨਾ ਦੀ ਖੂਬੀ ਇਹ ਹੈ ਕਿ ਬਾਰ ਬਾਰ ਪ੍ਰਸੰਗ ਜਾਂ ਸੰਦਰਭ ਨੂੰ ਦੁਹਰਾਉਂਦੀ ਨਹੀਂ, ਇੰਜ ਇਕ ਲਿਹਾਜ਼ ਨਾਲ ਉਸ ਦੀਆਂ ਸਾਰੀਆਂ ਕਵਿਤਾਵਾਂ ਇਕ ਲੰਮੀ ਕਵਿਤਾ ਦੇ ਹੀ ਵੱਖ ਵੱਖ ਹਿੱਸੇ ਪ੍ਰਤੀਤ ਹੁੰਦੇ ਹਨ। ਪਰੰਤੂ ਜੇਕਰ ਇਸ ਤੋਂ ਉਲਟ ਤਰੀਕੇ ਨਾਲ ਉਸ ਦੀਆਂ ਰਚਨਾਵਾਂ ਦਾ ਪਾਠ ਕੀਤਾ ਜਾਵੇ ਅਰਥਾਤ ਇਕੱਲੀ ਇਕੱਲੀ ਰਚਨਾ ਨੂੰ ਇਕ ਦੂਸਰੇ ਤੋਂ ਤੋੜ ਕੇ ਉਸ ਨੂੰ ਮੁਕੰਮਲ ਇਕਾਈ ਵਜੋਂ ਅਧਿਐਨ-ਵਸਤੂ ਬਣਾਇਆ ਜਾਵੇ ਤਾਂ ਗੁਮਰਾਹ-ਕੁਨ ਸਿੱਟੇ ਵੀ ਨਿਕਲ ਸਕਦੇ ਹਨ। ਅਜਿਹਾ ਕੀਤਿਆਂ ਉਸ ਦੀ ਰਚਨਾ ਮਾਨਸਿਕ ਪਰੇਸ਼ਾਨੀਆਂ, ਇਕੱਲਤਾ, ਨਿਰਾਸ਼ਾ, ਉਦਾਸੀ, ਆਤਮ-ਕੇਂਦਰਿਤਤਾ ਦਾ ਸ਼ਿਕਾਰ ਨਜ਼ਰੀਂ ਆਵੇਗ । ਰੰਤੂ ਉਸਦਾ ਇਹ ਵਿਅਕਤੀਵਾਦ ਕਿਸੇ ਤਰ੍ਹਾਂ ਵੀ ਸਮਾਜਿਕ ਅਸਲੀਅਤ ਤੋਂ ਟੁੱਟਿਆ ਹੋਇਆ ਨਹੀਂ। ਇਸ ਸਭ ਕੁਝ ਦੇ ਅਰਥ ਪਰਿਸਥਿਤੀਆਂ ਦੀ ਕਰੂਰਤਾ ਜਾਂ ਹਕੀਕਤ ਵਿਚ ਪਏ ਹੋਏ ਹਨ ਜਿਸ ਸਦਕਾ ਨਾਰੀ ਤਨਾਉ-ਗ੍ਰਸਤ ਜਾਂ ਸੰਕਟ-ਭਰਪੂਰ ਜ਼ਿੰਦਗੀ ਬਸਰ ਕਰਦੀ ਹੈ। ਇੰਜ ਕਵਿਤਰੀ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹ ਵਿਅਕਤੀਵਾਦ ਨਿਜੀ ਭਾਤ ਦੀ ਬਿਲਕੁਲ ਨਹੀਂ ਰਹਿੰਦਾ ਸਗੋਂ ਪਰਿਸਥਿਤੀਆਂ ਦੀ ਕਰੂਰਤਾ ਨਾਲ ਇਕ ਪੀੜੇ ਰਿਸ਼ਤੇ ਵਿਚ ਬੱਝਾ ਦਿਖਾਈ ਦੇਂਦਾ ਹੈ। ਉਹ ਘਰ ਦੇ ਅੰਦਰਲੀ ਘੁਟਣ ਨੂੰ ਵੀ ਚਿਤਰਦੀ ਹੈ ਅਤੇ ਬਾਹਰਲਾਂ ਉਸ ਰੰਣਕ ਨੂੰ ਵੀ ਜਿਹੜੀ ਉਸ ਦੇ ਅੰਦਰਲੀ ਵੀਰਾਨੀ ਵਿਚ ਹੋਰ ਵਾਧਾ ਕਰਦੀ ਹੈ। ਇਸ ਅਵਸਥਾ ਵਿਚ ਆਪਣੇ ਆਪ ਨਾਲ ਸਮਝੌਤਾ ਕੀਤੇ ਬਗੈਰ ਇਕ ਇਕੱਲੀ ਨਾਰੀ ਕਰ ਵੀ ਕੀ ਸਕਦੀ ਹੈ ?

ਕਮਰੇ ਦੀਆਂ ਉੱਚੀਆਂ ਦੀਵਾਰਾਂ ਦੇ ਬਾਹਰ
ਗੂੰਜਦੇ ਰਹੇ ਆਜ਼ਾਦ ਗੀਤ
ਕਮਰੇ ਦੇ ਅੰਦਰ ਭਉਂਦੇ ਰਹੇ
ਬਾਗੀ ਸੁਪਨੇ, ਆਵਾਰਾ ਖ਼ਿਆਲ
ਮੇਰੇ ਲਈ ਜ਼ਰੂਰੀ ਸੀ ਕਿ ਮੈਂ
ਜੰਮ ਰਹੇ ਖ਼ੂਨ ਵਿਚ
ਉਬਲਦੇ ਆਵਾਰਾ ਬੋਲਾਂ, ਖ਼ਾਬਾਂ ਨਾਲ
ਆਪਣੇ ਨਾਲ ਹੀ ਕਮਰੇ ਅੰਦਰ ਕੈਦ ਰਹਾਂ।[12]

ਕਮਰੇ ਤੋਂ ਬਾਹਰ ਗੂੰਜ ਰਹੇ ਆਜ਼ਾਦ ਗੀਤਾਂ ਉੱਪਰ ਇਸ ਰਚਨਾ ਵਿਚ ਇਕ ਸੂਖਮ ਵਿਅੰਗ ਛੁਪਿਆ ਪਿਆ ਹੈ। ਆਜ਼ਾਦੀ ਦੇ ਬਾਵਜੂਦ ਨਾਰੀ ਆਜ਼ਾਦ ਨਹੀਂ ਹੋਈ ਉਹ ਅਜੇ ਵੀ ਗੁਲਾਮਾਨਾ ਜੀਵਨ ਬਸਰ ਕਰ ਰਹੀ ਹੈ। ਨਾਰੀ ਦੇ ਪ੍ਰਸੰਗ ਵਿਚ ਇਹ ਗੁਲਾਮੀ ਵੀ ਦੋਹਰੀ ਹੈ। ਪਹਿਲੀ ਉਸ ਸਿਸਟਮ ਦੀ ਜਿਸ ਵਿਚ ਕਿਸੇ ਭੂਖੰਡ ਉੱਪਰ ਵਿਚਰਦੇ ਮਾਨਵ (ਮਨੁੱਖ ਤੇ ਔਰਤਾਂ) ਜਕੜੇ ਹੁੰਦੇ ਹਨ ਅਤੇ ਦੂਸਰੀ ਮਰਦ-ਪ੍ਰਧਾਨ ਸਮਾਜ ਦੁਆਰਾ ਬੰਦਸ਼ਾ ਦੇ ਸੰਗਠਨ ਵਜੋਂ ਵਿਸ਼ੇਸ਼ ਰੂਪ ਵਿਚ ਨਾਰੀ ਲਈ ਸਿਰਜੀ ਗਈ ਗੁਲਾਮੀ। ਚੇਤੰਨ ਹੋਣ ਸਦਕਾ ਜੇਕਰ ਉਸ ਦੀ ਮਾਨਸਿਕਤਾ ਵਿਚ ਬਾਗੀ ਖਿਆਲ ਪੈਦਾ ਵੀ ਹੁੰਦੇ ਹਨ ਤਾਂ ਉਨ੍ਹਾਂ ਨੂੰ ਦਬਾਉਣ ਤੋਂ ਬਗੈਰ ਕੋਈ ਚਾਰਾ ਨਹੀਂ। ਏਥੇ ਕਮਰਾ ਆਪਣੀ ਚਾਰਦੀਵਾਰੀ ਤੋਂ ਅਗਾਂਹ ਫੈਲ ਕੇ ਚੌਗਿਰਦੇ ਤਕ ਅਪੜਦਾ ਪ੍ਰਤੀਤ ਹੁੰਦਾ ਹੈ। ਇਸ ਅਵਸਥਾ ਵਿਚ ਵੀ ਉਹ ਚੇਤਨਾ ਨੂੰ ਮਹੱਤਵਹੀਣ ਨਹੀਂ ਸਮਝਦੀ ਸਗੋਂ ਜਿੱਤਣ ਹਾਰਨ ਦੇ ਵਿਚਾਰ ਤੋਂ ਬਗੈਰ ਕੇਵਲ ਸੰਘਰਸ਼ਸ਼ੀਲ ਸੋਚ ਨੂੰ ਹੀ ਸਾਰਥਕ ਮੰਨਦੀ ਹੋਈ "ਯੁੱਧ" ਕਵਿਤਾ ਵਿਚ ਹੀ ਲਿਖਦੀ ਹੈ :

ਜੰਗ ਜਿੱਤਣ ਜਾਂ ਹਾਰਨ ਦਾ ਤਾਂ ਪ੍ਰਸ਼ਨ ਨਹੀਂ ਸੀ
ਮੇਰੇ ਲਈ ਤਾਂ ਆਪਣੀ ਸੀਮਤ ਸ਼ਕਤੀ ਅੰਦਰ
ਲੜ ਸਕਣਾ ਹੀ ਕਾਫ਼ੀ ਸੀ
ਮੇਰੇ 'ਪਰ' ਕੱਟਣ ਤੋਂ ਪਿੱਛੋਂ
ਉਹ ਬੇ-ਫਿਕਰੇ ਹੋ ਕੇ ਸੌਂ ਗਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓਹਨਾਂ ਦੇ ਚਿੱਤ ਖਿਆਲ ਨਹੀਂ ਸੀ
ਬਿਨਾਂ ਪਰਾਂ ਤੋਂ ਵੀ ਮੈਂ ਲੜਾਂਗੀ
ਬੰਦ ਕਮਰੇ ਦੇ ਅੰਦਰ ਵੀ ਮੈਂ ਸਫ਼ਰ ਕਰਾਂਗੀ।[13]

"ਬਿਨਾਂ ਪਰਾਂ ਦੇ ਲੜਣ" ਅਤੇ "ਬੰਦ ਕਮਰੇ ਵਿਚ ਸਫ਼ਰ ਕਰਨ ਵਾਲੀਆਂ" ਪੰਗਤੀਆਂ ਆਪਣੇ ਅੰਦਰ ਆਸ਼ਾ ਦੀ ਕਿਰਣ ਛੁਪਾਈ ਬੈਠੀਆਂ ਹਨ। ਕਲਪਨਾ-ਕਾਵਿ ਦੀ ਖ਼ੂਬੀ ਵਸਤੂ-ਸਥਿਤੀ ਦੀ ਠੀਕ ਪਛਾਣ ਹੈ। ਇਸੇ ਵਸਤ ਸਥਿਤੀ ਦੀ ਪਛਾਣ ਸਦਕਾ ਹੀ ਉਹ "ਸੀਮਤ ਸ਼ਕਤੀ" ਦੀ ਗੱਲ ਕਰਦੀ ਹੈ. ਐਵੇਂ ਉਪਭਾਵੁਕਤਾ ਜਾਂ ਭਾਵੁਕ ਉਤੇਜਨਾ ਵਸ ਨਾਅਰੇਬਾਜ਼ੀ ਦਾ ਸ਼ਿਕਾਰ ਨਹੀਂ ਹੁੰਦੀ। ਇਸ ਸਦਕਾ ਹੀ ਉਸ ਦੀ ਕਵਿਤਾ ਦੀ ਸੁਰ ਧੀਮੀ ਹੈ, ਉੱਚੀ ਨਹੀ।

ਕੁਲਦੀਪ ਕਲਪਨਾ ਦੀ ਧੀਮੀ ਸੁਰ ਦੀ ਸ਼ਾਇਰੀ ਨੂੰ ਪ੍ਰਤੀਕ ਦੀ ਭਾਸ਼ਾ ਬਹੁਤ ਰਾਸ ਹੈ। ਉਹ ਪਿਆਰ ਦੇ ਪ੍ਰਚਲਿਤ ਤੇ ਭੇਖਧਾਰੀ ਅਜੋਕੇ ਰੂਪ ਨੂੰ ਨਿੰਦਦੀ ਹੈ ਕਿਉਂਕਿ ਅਜਿਹੇ ਪ੍ਰੇਮ ਵਿਚੋਂ ਉਸਨੂੰ ਰੂਹਾਂ ਖਾਰਜ ਹੋਈਆਂ ਨਜ਼ਰ ਆਉਂਦੀਆਂ ਹਨ ਅਤੇ ਇਸ ਸੂਰਤ ਵਿਚ ਉਸ ਨੂੰ ਇਹ ਪਿਆਰ "ਜਿਸਮਾਂ ਦੀ ਖੇਡ" ਤੋਂ ਵੱਧ ਕੁਝ ਨਹੀਂ ਜਾਪਦਾ। ਜਿਸਮਾਂ ਦੀ ਖੇਡ ਵਿਚ ਪਿਆ ਮਨੁੱਖ ਕਿਸੇ ਨਾਲ ਕਦੀ ਨਹੀਂ ਜੁੜਦਾ ਸਗੋਂ ਵੰਨਸੁਵੰਨਤਾ ਮਗਰ ਭਟਕਦਾ ਹੈ। ਇਸ ਭਟਕਣਾ ਨੂੰ ਆਦਰਸ਼ਕ ਪਿਆਰ ਦਾ ਨਾਂ ਨਹੀਂ ਦਿੱਤਾ ਜਾ ਸਕਦਾ। ਭੇਖ 'ਤੇ ਉਸਰੀ ਅਜੋਕੀ ਜੀਵਨ-ਜਾਚ ਨੂੰ ਕਲਪਨਾ ਨੇ ਆਪਣੀ ਕਵਿਤਾ "ਹਾਸਿਲ" ਵਿਚ ਬਾਖੂਬੀ ਪੇਸ਼ ਕੀਤਾ ਹੈ। ਇਸ ਕਵਿਤਾ ਵਿਚ ਇਕ ਪਾਸੇ ਉਹ "ਪੁਰਾਣੇ" ਲੋਕਾਂ ਨੂੰ ਰੱਖਦੀ ਹੈ ਅਤੇ ਦੂਸਰੇ ਪਾਸੇ "ਨਵੇਂ" ਲੋਕਾਂ ਨੂੰ ਅਤੇ ਦੋਹਾਂ ਵਿਚਲੇ ਦ੍ਰਿਸ਼ਟੀ-ਵਿਰੋਧ ਨੂੰ ਚਿਤਰਦੀ ਹੋਈ ਦੂਜਰੀ ਧਿਰ ਨੂੰ ਵਿਅੰਗ ਦਾ ਵਿਸ਼ਾ ਬਣਾਉਂਦੀ ਹੈ :

ਰੁੱਖ ਦੀ ਛਾਵੇਂ ਦੋ ਪਲ ਬਹਿ ਕੇ
ਉਹ ਛਾਂ ਯਾਦ ਕਰੀ ਜਾਂਦੇ ਨੇ
ਉਮਰਾਂ ਬੱਧੀ ਲੋਕ ਪੁਰਾਣੇ
ਨਿੱਤ ਨਵੇਂ ਜਿਸਮਾਂ ਦੀ ਛਾਵੇਂ
ਰੂਹ ਦੀਆਂ ਸਾਝਾਂ ਹੁਣ ਪਾ ਕੇ
ਭੁੱਲ ਜਾਂਦੇ ਹਾਂ ਅਗਲੇ ਪਲ ਹੀ
ਪਿਛਲੇ ਪਲ ਨੂੰ ਅਸੀਂ ਨਿਮਾਣੇ।[14]

ਸਰਮਾਏਦਾਰੀ ਦੌਰ ਵਿਚ ਜੀ ਰਹੇ ਮਾਨਵ ਦੀ ਦੋਹਰੀ ਜ਼ਿੰਦਗੀ ਤੇ ਦੋਹਰੇ-ਮੁੱਲ ਵੀ ਇਸ ਕਾਵਿ ਵਿਚ ਕਟਾਖ਼ਸ਼ ਦਾ ਕੇਂਦਰ ਬਣੇ ਹਨ। ਅੱਜ ਦੇ ਇਸ ਦੌਰ ਵਿਚ ਵੀ ਔਰਤ ਇਨ੍ਹਾਂ ਦੋਹਰੇ ਮੁੱਲਾਂ ਦੇ ਕਾਰਣ ਮਰਦ ਦੀ ਜ਼ਿਆਦਤੀ ਦਾ ਸ਼ਿਕਾਰ ਬਣਦੀ ਹੈ। "ਨਿੱਤ ਨਵੇਂ ਜਿਸਮਾਂ ਦੀ ਛਾਂ" ਅਜੋਕੇ ਮਾਨਵ ਦੀ ਭਟਕਣਾ ਵਿਚ ਨਿਰੰਤਰ ਵਾਧਾ ਕਰ ਰਹੀ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਤੇ ਨਾਲ ਹੀ ਨਾਲ ਉਸ ਦੀ ਕਥਨੀ ਤੇ ਕਰਨੀ ਵਿਚਲੇ ਪਾੜੇ ਨੂੰ ਲਗਾਤਾਰ ਵਧਾ ਰਹੀ ਹੈ। ਇਸ ਭਟਕਣਾ ਸਦਕਾ ਇਨ੍ਹਾਂ ਲੋਕਾਂ ਲਈ ਜੀਵਨ-ਮੁੱਲ ਸਿਰ ਭਾਰ ਹੋ ਰਹੇ ਹਨ, ਸ੍ਵੈ-ਮਾਨ ਤੇ ਸ੍ਵੈ-ਅਪਮਾਨ ਵਿਚਲਾ ਅੰਤਰ ਖਤਮ ਹੋ ਰਿਹਾ ਹੈ। ਸਭਿਆਚਾਰਕ ਮੁੱਲਾਂ ਦੇ ਉਲਟਣ ਦੀ ਇਸ ਸਮੁੱਚੀ ਪ੍ਰਕਿਰਿਆ ਦਾ ਵਧੇਰੇ ਨੁਕਸਾਨ ਵੀ ਨਾਰੀ ਨੂੰ ਹੀ ਹੋ ਰਿਹਾ ਹੈ ਜਿਹੜੀ ਜਿਸਮਾਂ ਦੀ ਖੇਡ ਦੀ ਵਸਤੂ ਵੀ ਬਣ ਰਹੀ ਹੈ ਅਤੇ ਅਪਮਾਨ ਦੀ ਭਾਗੀ ਵੀ। ਅਜੋਕੇ ਯੁੱਗ ਵਿਚਲਾ ਮਾਨਵ ਨਿਤ ਨਵੇਂ ਜਿਸਮਾਂ ਦੀ ਛਾਂ ਵੀ ਮਾਣ ਰਿਹਾ ਹੈ, ਉਸ ਅੰਦਰੋਂ ਸ੍ਵੈ-ਮਾਨ ਤੇ ਸੁਹਿਰਦਤਾ ਦੀਆਂ ਭਾਵਨਾਵਾਂ ਵੀ ਖਾਰਜ ਹੋ ਰਹੀਆਂ ਹਨ ਅਤੇ ਨਾਲ ਹੀ ਨਾਲ ਉਹ ਆਪਣੇ ਇਨ੍ਹਾਂ ਨਾਂਹ-ਮੁੱਖ ਮੁੱਲਾਂ ਵਿਚੋਂ ਸੰਤੁਸ਼ਟੀ ਵੀ ਪ੍ਰਾਪਤ ਕਰ ਰਿਹਾ ਹੈ :

ਸ੍ਵੈ-ਮਾਨ ਜਾਂ ਸ੍ਵੈ-ਅਪਮਾਨ 'ਚ
ਆਪਣੀ ਮੈਲੀ ਛਾਂ ਨੂੰ ਆਪਣੇ ਗਲ ਤੋਂ ਲਾਹ ਕੇ
ਚੌਰਾਹੇ ਪੁੱਠਾ ਲਟਕਾਈਏ
ਜਾਂ ਬਜ਼ਾਰੀ ਹੋਕਾ ਦੇ ਕੇ ਵੇਚਣ ਜਾਈਏ।[15]

ਇਹ ਪੁਰਾਣੇ ਸਭਿਆਚਾਰਕ ਮੁੱਲਾਂ ਦੀ ਗਿਰਾਵਟ ਦੀ ਸਿਖਰ ਹੈ ਜਿਸ ਨੂੰ ਕਲਪਨਾ ਕਟਾਖਸ਼ਮਈ ਸ਼ੈਲੀ ਰਾਹੀਂ ਉਭਾਰਦੀ ਹੈ ਜਿਸ ਦੀ ਮਿਸਾਲ ਉਸ ਦੀ ਕਵਿਤਾ ਦੀਆਂ ਨਿਮਨ ਅੰਕਿਤ ਪੰਗਤੀਆਂ ਵਿਚ ਦ੍ਰਿਸ਼ਚੀਗੋਚਰ ਹੁੰਦੀ ਹੈ। ਇਨਾਂ ਪੰਗਤੀਆਂ ਵਿਚਲੇ ਸ਼ਬਦ "ਮਾਨਾ", "ਹਾਸਲ" ਤੇ "ਮੋਹ" ਕਾਮਿਆਂ ਵਿਚੋਂ ਬਾਹਰ ਹੋਣ ਦੇ ਬਾਵਜੂਦ ਆਪਣੇ ਕੋਸ਼ਗਤ ਅਰਥਾਂ ਤੋਂ ਉਲਟਵੇਂ ਅਰਥ ਸੰਚਾਰਦੇ ਹਨ :

ਤਿੜਕੀ ਰੂਹ ਦੀਆਂ ਕਿਰਨਾ ਉੱਤੇ
ਹੁੱਬ ਹੁੱਬ ਮੁਸਕਾਈ ਜਾਣਾ
ਜਾਂ ਫਿਰ ਆਪਣੀ ਮੈਲੀ ਛਾਂ ਦੀ
ਥਾਂ ਥਾਂ ਆਪ ਨੁਮਾਇਸ਼ ਲਾਉਣੀ
ਮਾਣ ਹੈ ਸਾਡਾ
ਮੋਹ ਹੈ ਸਾਡਾ
ਹਾਸਿਲ ਸਾਡਾ।[16]

ਨਾਰੀ-ਪੁਰਸ਼ ਦੇ ਪਰਸਪਰ ਸੰਬੰਧਾਂ ਦੇ ਪ੍ਰਸੰਗ ਵਿਚ ਗਿਰ ਰਹੇ ਸਭਿਆਚਾਰਕ ਮੁੱਲਾਂ ਦੇ ਸਿੱਟੇ ਵਜੋਂ ਨਾਰੀ ਦੀ ਹੋਂਦ ਤਿੜਕ ਰਹੀ ਹੈ ਅਤੇ ਕੁਲਦੀਪ ਕਲਪਨਾ ਨੇ ਇਸ ਤਿੜਕ ਰਹੀ ਹੋਂਦ ਨੂੰ ਕਟਾਖ਼ਸ ਦੀ ਭਾਸ਼ਾ ਰਾਹੀਂ ਸਾਕਾਰ ਕਰਨ ਦਾ ਉੱਦਮ ਕੀਤਾ ਹੈ। ਜਿਸਮਾਂ ਦੀ ਖੇਡ ਵਿਚ ਅਸਤ ਵਿਅਸਤ ਅਜੋਕੇ ਮਾਨਵ ਦੀ ਹੋਂਦ ਹਵਸ ਦੇ ਉਸ ਬਿੰਦੂ ਉੱਪਰ ਅਪੜ ਗਈ ਪ੍ਰਤੀਤ ਹੁੰਦੀ ਹੈ ਜਿਸ ਉੱਪਰ ਪਹੁੰਚ ਕੇ ਪਸ਼ੂ ਤੇ ਮਨੁੱਖ ਵਿਚਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਅੰਤਰ ਨਹੀਂ ਰਹਿ ਜਾਂਦਾ। ਇਸ ਅਸੰਤੁਲਨ ਤੇ ਮੁੱਲਾਂ ਦੇ ਉਲਟਾਅ ਸੰਬੰਧੀ ਇਕ ਨਾਰੀ ਦੇ ਪ੍ਰਤੀਕਰਮ ਨੂੰ "ਜਲੂਸ" ਕਵਿਤਾ ਵਿਚ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ :

ਅਰਜ਼ ਕਰਨੀ ਆਪਣੀ ਹੀ ਜਿੰਦ ਨੂੰ
(ਕਿ) ਹਵਸ ਦੇ ਟੁੱਕਰ ਜਾਂ ਘੁੱਟ ਸਬਰ ਦੇ
ਰੱਜ ਨਹੀਂ ਕਰਦੇ ਅਸਾਡੀ ਭੁੱਖ ਦਾ
ਲੋੜ ਸਾਡੀ ਤੇ ਪਸ਼ੂ ਦੀ ਲੋੜ ਵਿਚ
ਸੋਚ ਦਾ ਅੰਤਰ ਹੈ ਜਿਹੜਾ ਰੱਖਿਆ
ਜਾਂ ਤਾਂ ਉਹ ਅੰਤਰ ਮਿਟਾ ਕੇ ਰੱਖ ਦੇ
ਜਾਂ ਅਸਾਡੀ ਰੂਹ ਨੂੰ ਵੀ ਰੱਜ ਦੇ
ਤੇ ਮਨਾਂ ਦੇ ਨੰਗ ਨੂੰ ਵੀ ਕੱਜ ਦੇ
ਤੇ ਦਿਲਾਂ ਦੇ ਹੌਲ ਨੂੰ ਵੀ ਤੱਜ ਦੇ।[17]

ਇਸੇ ਅਸੰਤੁਲਿਤ ਤੇ ਵਿਸੰਗਤੀ-ਭਰਪੂਰ ਮਾਹੌਲ ਸਦਕਾ ਨਾਰੀ ਦੀ ਹੋਂਦ ਨਿਰੰਤਰ ਬਿਖਰ ਰਹੀ ਹੈ। ਕਲਪਨਾ ਨੇ ਅਜੋਕੇ ਸਮਾਜਕ ਮੁੱਲਾਂ ਦੇ ਦੋਗਲੇਪਨ ਨੂੰ ਪੇਸ਼ ਕੀਤਾ ਹੈ। ਜਿਸਦੇ ਦਿਸਦੇ ਪੱਖ ਨਾਲੋਂ ਅਣਦਿਸਦਾ ਮਹੱਤਵਪੂਰਣ ਹੈ; ਜਿਸਦੇ ਸੱਚ ਓਹਲੇ ਭੇਖ ਲੁਕਿਆ ਹੋਇਆ ਹੈ, ਜਿਹੜਾ ਸੁਹਿਰਦਤਾ ਤੋਂ ਵਿਛੁੰਨਿਆ ਹੋਇਆ ਵੀ ਹੈ ਅਤੇ ਫੋਕਟ ਵਿਸ਼ਵਾਸ਼ਾਂ ਦੀ ਬੁਨਿਆਦ ਉਪਰ ਉਸਰਿਆ ਹੋਇਆ ਵੀ। ਇਨਾਂ ਫੋਕਟ ਵਿਸ਼ਵਾਸ਼ਾਂ, ਅਮਾਨਵੀ ਆਡੰਬਰ ਅਤੇ ਸੁਹਿਰਦਤਾ ਰਹਿਤ ਮਾਹੌਲ ਵਿਚ ਨਾਰੀ ਦੀ ਸ਼ਖਸੀਅਤ ਇਕ ਵਿਆਪਕ ਸੰਕਟ ਦੀ ਸ਼ਿਕਾਰ ਹੈ। ਨਾਰੀ ਦੀ ਸ਼ਖ਼ਸੀਅਤ ਦੇ ਵਿਆਪਕ ਸੰਕਟ ਦੇ ਇਕ ਪਾਸਾਰ ਦਾ ਆਧਾਰ ਲੋਕਯਾਨਿਕ ਵੀ ਹੈ, ਜਿਸ ਨੂੰ ਲੇਖਿਕਾ ਨੇ "ਖੁਦਕਸ਼ੀ ਕਿ ਕਤਲ" ਨਾਂ ਦੀ ਕਵਿਤਾ ਵਿਚ ਪਕੜਣ ਦੀ ਕੋਸ਼ਿਸ਼ ਕੀਤੀ ਹੈ :

ਕਦੀ ਕਦੀ ਮਨ ਸੋਚਦੈ —
ਮੇਰੇ ਅਹਿਸਾਸ ਦੀ ਖੁਸ਼ਬੂ ਨੇ
ਖੁਦਕੁਸ਼ੀ ਨਹੀਂ ਕੀਤੀ
ਉਸ ਦਾ ਖ਼ੂਨ ਹੋਇਆ ਹੈ।
ਮਾਹੌਲ ਦੀ ਦੁਰਗੰਧ ਮਾਰੀ
ਪੌਣ ਨੂੰ ਪੁੱਛੇ ਕੋਈ
ਉਸ ਦੀ ਸ਼ਰਮਿੰਦਾ ਨਜ਼ਰ 'ਚੋਂ
ਜੁਰਮ ਦਾ ਇਕਬਾਲ
ਆਪਣੇ ਆਪ ਬੋਲੇਗਾ...
ਮਸੋਸ ਕਰਨ ਆਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਈ ਸਵਾਲ
ਮੂੰਹ ਉਹਨਾਂ ਦੇ ਲੱਗੇ
ਕਈ ਜਵਾਬ; --
ਮਹਿਕ ਦੀ ਉਮਰ ਮੁੱਕੀ --
ਹੋਣੀ ਨੂੰ ਕੌਣ ਟਾਲੇ--
ਲੇਖਾਂ ਨੂੰ ਕੌਣ ਬਦਲੇ --।
ਘਰ ਦੀ ਝੂਠੀ ਪੱਤ ਲਈ
ਸਫੇਦ ਝੂਠ ਬੋਲਿਆ
ਅਹਿਸਾਸ ਮੇਰਾ,
ਮੁੱਠੀਆਂ ਨੂੰ ਪੀਜ ਕੇ
ਮੈਂ ਰਹਿ ਗਈ
ਜ਼ਬਾਂ ਤੋਂ ਲਫ਼ਜ਼ ਖੋਹ ਲਏ
ਤੇ ਬਹਿ ਗਈ ।[18]

"ਮਹਿਕ ਦੀ ਉਮਰ ਮੁੱਕੀ", "ਹੋਣੀ ਨੂੰ ਕੌਣ ਟਾਲੇ" ਅਤੇ "ਲੇਖਾਂ ਨੂੰ ਕਣ ਬਦਲੇ" ਆਦਿ ਪ੍ਰਗਟਾਵੇ ਉਸ ਲੋਕ ਮਾਨਸਿਕਤਾ ਦੇ ਸੰਕੇਤਕ ਹਨ ਜਿਹੜੀ ਜਗੀਰਦਾਰੀ ਮੁੱਲ "ਘਰ ਦੀ ਪੱਤ" ਤੋਂ ਆਕਾਰ ਹਾਸਿਲ ਕਰਦੀ ਹੈ। ਲੇਖਿਕਾ ਇਨ੍ਹਾਂ ਨਾਰੀ-ਵਿਰੋਧੀ ਮੁੱਲਾਂ ਨੂੰ ਜਿਉਂ ਦਾ ਤਿਉਂ ਪ੍ਰਵਾਨ ਨਹੀਂ ਕਰਦੀ ਸਗੋਂ ਉਨ੍ਹਾਂ ਪ੍ਰਤਿ ਸੰਦੇਹ ਖੜ੍ਹੇ ਕਰਦੀ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਮਨਫੀ ਪਾਸਾਰ ਨੂੰ ਖੋਲ੍ਹਦੀ ਹੈ।

ਅਜੋਕੇ ਯੁੱਗ ਵਿਚ ਵਿਚਰਦੀ ਨਾਰੀ ਦੇ ਦਰਦ ਦੇ ਪਾਸਾਰਾਂ ਨੂੰ ਖੋਲ੍ਹਦਿਆਂ ਹੋਇਆਂ ਕਲਪਨਾ ਨੇ "ਇਕੱਲੀ ਔਰਤ ਦੀ ਕਹਾਣੀ" ਵੀ ਪੇਸ਼ ਕੀਤੀ ਹੈ। ਦਰਅਸਲ "ਉਹ ਸਾਡੇ ਸਮਾਜ, ਸਾਡੇ ਸਭਿਆਚਾਰ ਵਿਚ ਵਾਪਰਨ ਵਾਲੀ ਔਰਤ ਦੀ ਤ੍ਰਾਸਦੀ ਦੇ ਜ਼ਖਮ ਨੂੰ ਹੱਡਾਂ ਵਿਚ ਰਚਾ ਚੁੱਕੀ ਹੈ"[19] ਇਸ ਇਕੱਲੀ ਔਰਤ ਦੀ ਸਮੱਸਿਆ ਸ੍ਵੈ-ਜੀਵਨੀਕਾਰ ਅਜੀਤ ਕੌਰ ਵਲੋਂ ਪ੍ਰਸਤੁਤ ਸਮੱਸਿਆ ਨਾਲ ਚੋਖੀ ਮੇਲ ਖਾਂਦੀ ਹੈ :

ਗੁਨਾਹਿ ਅਵਲ—ਔਰਤ ਹੋਣਾ
ਗੁਨਾਹਿ ਦੋਮ --ਇਕੱਲੀ ਹੋਣਾ
ਗੁਨਾਹਿ ਸੋਮ --ਇਕੱਲੀ ਤੇ ਆਪਣੀ ਰੋਟੀ ਆਪ ਕਮਾਂਦੀ ਔਰਤ
ਗੁਨਾਹਿ ਅਜ਼ੀਮਤਰੀਨ ਆਪਣੀ ਰੋਟੀ ਆਪ ਕਮਾਉਂਦੀ, ਜ਼ਹੀਨ, ਖੁੱਦਦਾਰ, ਇਕੱਲੀ ਔਰਤ, ਇਸ ਦੇਵਤਿਆਂ ਮੁਲਕ ਹਿੰਦੁਸਤਾਨ ਵਿਚ ।[20]

ਕੁਲਦੀਪ ਕਲਪਨਾ ਵੀ ਅਜੇਹੀ "ਇਕੱਲੀ ਔਰਤ ਦੀ ਕਹਾਣੀ" ਨੂੰ ਇਕ ਸੂਤਰ ਦੀ ਸ਼ਕਲ ਵਿਚ ਸਮੇਟਦੀ ਹੋਈ ਇਸ ਨੂੰ "ਜ਼ਿੱਲਤ, ਰੁਸਵਾਈ ਤੇ ਬਦਨਾਮੀ"[21] ਦਾ ਨਾਂ ਦੇਂਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਇਕੱਲੀ ਔਰਤ ਦੀ ਇਹ ਸਮੱਸਿਆ ਹੈ, ਜਿਹੜੀ ਕਿਸੇ ਨਾਂ ਕਿਸੇ ਰੂਪ ਵਿਚ ਇਸਤਰੀ ਲੇਖਿਕਾਵਾਂ ਦੀਆਂ ਰਚਨਾਵਾਂ ਵਿਚੋਂ ਨਜ਼ਰੀਂ ਪੈਂਦੀ ਹੈ। ਗੁਰਬਚਨ ਨੇ ਆਪਣੀ ਹੇਠ ਲਿਖੀ ਟਿੱਪਣੀ ਵਿਚ ਇਸ ਵੱਲ ਇਸ਼ਾਰਾ ਕਰਦੇ ਹੋਏ ਲਿਖਿਆ ਹੈ :

> ਦਰਦ ਦੇ ਕਈ ਚਿਹਰੇ ਹਨ। ਸਾਡੇ ਸਮਾਜ ਅਤੇ ਸਭਿਆਚਾਰ ਦੀ ਹਕੀਕਤ ਇਹ ਹੈ ਕਿ ਅੱਜ ਸੰਵੇਦਨਸ਼ੀਲ ਔਰਤ ਦੇ ਦਰਦ ਦਾ ਚਿਹਰਾ ਇਕ ਹੈ, ਇਕੋ ਆਵਾਜ਼ ਹੈ ਅਤੇ ਇਕੋ ਪਰਤ। ਅੱਜ ਔਰਤ ਹੋਣ ਦਾ ਅਹਿਸਾਸ ਹੱਡ ਦਾ ਜ਼ਖਮ ਬਣ ਗਿਆ ਹੈ। **ਇਸ ਤੋਂ ਪਾਰ ਜਾਣ ਦੀ ਸਾਡੀਆਂ** ਇਸਤਰੀ ਲੇਖਿਕਾਂ ਪਾਸ ਸਮਰੱਥਾ ਨਹੀਂ।[22]

ਦਰਅਸਲ ਇਸ ਨੁਕਤੇ ਨੂੰ ਵੀ ਨਾਰੀ ਦੇ ਅਜੋਕੇ ਸੰਕਟ ਦੇ ਪ੍ਰਸੰਗ ਵਿਚ ਹੀ ਉਠਾਉਣਾ ਠੀਕ ਬਣਦਾ ਹੈ। ਹਕੀਕਤ ਇਹ ਹੈ ਕਿ ਸਮੱਸਿਆ ਉਰਾਰ-ਪਾਰ ਇਕੋ ਜਿਹੀ ਹੈ। ਅਣਸੁਖਾਵੇ ਸਭਿਆਚਾਰਕ ਮੁੱਲਾਂ ਵਿਚ ਘਿਰੀ ਨਾਰੀ ਦੀ ਹੋਂਦ ਇਸ ਵਸਤੂ-ਸਥਿਤੀ ਤੋਂ ਲਾਂਭੇ ਕਿਵੇਂ ਹਟ ਸਕਦੀ ਹੈ ? ਇਹ ਹਕੀਕਤ ਵਿਚ ਵਿਚਰ-ਵਾਪਰ ਰਹੀ ਪੇਸ਼ਕਾਰੀ ਹੈ ਜਿਸ ਨੂੰ "ਸੀਮਾ" ਨਹੀਂ ਸਗੋਂ "ਸੰਭਾਵਨਾ" ਦੇ ਕੋਣ ਤੋਂ ਹੀ ਵਿਚਾਰਨਾ ਚਾਹੀਦਾ ਹੈ।

"ਇਕੱਲੀ ਔਰਤ" ਦੀ ਜ਼ਿੱਲਤ, ਰੁਸਵਾਈ ਤੇ ਬਦਨਾਮੀ ਦੀ ਦਾਸਤਾਨ ਦੇ ਕਈ ਪੱਖਾਂ ਤੇ ਪਾਸਾਰਾਂ ਨੂੰ ਕਲਪਨਾ ਨੇ ਆਪਣੀ ਸ਼ਾਇਰੀ ਵਿਚ ਖੋਲ੍ਹਿਆ ਹੈ। "ਪ੍ਰੇਤ" ਕਵਿਤਾ ਇਸ ਦੇ ਹੀ ਇਕ ਪਾਸਾਰ ਨੂੰ ਇਸ ਤਰ੍ਹਾਂ ਖੋਲ੍ਹਦੀ ਹੈ :

> ਜਦੋਂ ਘਰਾਂ ਦੀ ਆਤਮਾ
> ਮਰ ਜਾਏ
> ਫਿਰ ਘਰਾਂ ਵਿਚ ਪ੍ਰੇਤ ਵੱਸਣ
> ਅਸੀਂ ਇਨਾਂ ਪ੍ਰੇਤਾਂ ਦੇ ਨਾਲ
> ਇਕ ਉਮਰ ਕੱਟੀ।[23]

ਘਰਾਂ ਦੀ ਆਤਮਾ ਦੀ ਮੌਤ ਅਣਸੁਖਾਵੇਂ ਸਭਿਆਚਾਰਕ ਮੁੱਲਾਂ ਸਦਕਾ ਹੀ ਹੁੰਦੀ ਹੈ, ਜਿਹੜੇ ਨਾਰੀ-ਹੋਂਦ ਨੂੰ ਗੁਲਾਮੀ ਦੇ ਜੂਲੇ ਹੇਠ ਜਕੜ ਦੇਂਦੇ ਹਨ। ਇਸੇ ਅਣਸੁਖਾਵੇ ਮਾਹੌਲ ਵਿਚ ਮਨੁੱਖ ਦਾ ਪ੍ਰੇਤ ਵਿਚ ਪਰਿਵਰਤਿਤ ਹੋ ਜਾਣਾ ਕੋਈ ਅਲੋਕਾਰ ਗੱਲ ਨਹੀਂ ਜਾਪਦੀ। ਅਜੇਹੇ ਵਾਤਾਵਰਣ ਵਿਚ ਲਗਾਤਾਰ ਸਾਹ ਲੈ ਰਹੀ ਨਾਰੀ, ਦਰਦ ਦੀ ਨਿਰੰਤਰਤਾ ਸਦਕਾ, ਇਸੇ ਨੂੰ ਹੀ ਆਪਣੀ ਜੀਵਨ-ਜਾਚ ਜਾਂ ਜੀਵਨ-ਅਸਲੀਅਤ ਸਮਝਣ ਲਗਦੀ ਹੈ। ਉਹ ਇਸ ਮਾਹੌਲ ਦੇ ਅਨੁਸਾਰ ਆਪਣੇ ਆਪ ਨੂੰ ਢਾਲਣਾ ਸਿਖ ਜਾਂਦੀ ਹੈ ਅਤੇ ਉਸ ਦੀ ਜ਼ਿੰਦਗੀ ਮੂਕ ਸਹਿਨ-ਸ਼ੀਲਤਾ ਤੇ ਜਰਨਸ਼ੀਲਤਾ ਦੀ ਦਾਸਤਾਨ ਬਣ ਕੇ ਰਹਿ ਜਾਂਦੀ ਹੈ। "ਨਿਯਮ" ਵਿਚ ਉਸ ਲਿਖਿਆ ਹੈ :

> ਅਸੀਂ ਚੀਜ਼ਾਂ ਦੇਖਦੇ ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਾਹਾਂ ਉਤੋਂ ਗੁਜ਼ਰਦੇ ਹਾਂ
ਵਕਤ ਅੰਦਰ ਵਿਚਰਦੇ ਹਾਂ
ਚੁੱਪ ਰਹੇ ਜਾਂ ਹੱਸ ਪਏ ਜਾਂ ਰੋ ਲਿਆ
ਜਾਂ ਕਦੇ ਹਾਸੇ ਦਾ ਮੌਜੂ ਬਣ ਲਿਆ, ਬਣਾ ਲਿਆ
ਪਰ ਕਦੀ ਕੀਤਾ ਨਹੀਂ ਹੈ ਤਬਸਰਾ
ਨਾਟਕ ਦੇ ਨਿਯਮ ਸਿੱਖ ਜਾਂਦੇ
ਹੌਲੀ ਹੌਲੀ ਮਸਖਰਾ ।[24]

"ਇਕੱਲੀ ਔਰਤ" ਦੀ ਜ਼ਿੱਲਤ ਤੇ ਬਦਨਾਮੀ ਦਾ ਇਕ ਪਾਸਾਰ ਉਸ ਬਾਹਰੀ ਮਾਹੌਲ ਨਾਲ ਵੀ ਜਾ ਜੁੜਦਾ ਹੈ ਜਿਸ ਵਿਚ "ਊਜਾਂ" ਜਾਂ ਤੁਹਮਤਾਂ ਦਾ ਬੋਲਬਾਲਾ ਹੈ। ਊਜਾਂ, ਤੋਹਮਤਾਂ ਦੇ ਮਾਹੌਲ ਨੂੰ ਕਲਪਨਾ ਨੇ ਆਪਣੀਆਂ ਕਈ ਕਵਿਤਾਵਾਂ ਤੇ ਸ਼ਿਆਰਾਂ ਵਿਚ ਆਪਣੀ ਵਿਅੰਗਮਈ ਵਿਧੀ ਨਾਲ ਪੇਸ਼ ਕੀਤਾ ਹੈ :

ਸਾਰੀ ਦੁਨੀਆਂ ਰੱਖਦੀ ਮੇਰੀ ਖਬਰ
ਮੈਂ ਨਹੀਂ ਲੀਤੀ ਕਦੀ ਆਪਣੀ ਖਬਰ ।[25]

ਇਨ੍ਹਾਂ ਊਜਾਂ ਤੇ ਤੋਹਮਤਾਂ ਦੇ ਕਾਰਣ ਔਰਤ ਦੀ ਹੋਂਦ ਅੰਦਰ ਵਲ ਸੁੰਗੜਨ ਲਗਦੀ ਹੈ। ਇਨ ਊਜਾਂ ਉਂਜ ਤਾਂ ਹਰ ਇਕੱਲੀ ਔਰਤ ਨਾਲ ਜੁੜਦੀਆਂ ਹਨ, ਪਰ ਇਨ੍ਹਾਂ ਦੀ ਗਿਣਤੀ ਵਿਚ ਵਾਧਾ ਤੇ ਤੇਜ਼ੀ ਉਦੋਂ ਆਉਂਦੀ ਹੈ ਜਦੋਂ ਨਾਰੀ ਇਸਤਰੀ-ਮਰਦ ਦੇ ਸੰਬੰਧਾਂ ਸੰਬੰਧੀ ਬਣੇ ਦਾਇਰਿਆਂ ਨੂੰ ਉਲੰਘਦੀ ਹੈ। ਇਸ ਰਸਤੇ ਉੱਪਰ ਤੁਰਨਾ ਦਰਅਸਲ ਇਲਜ਼ਾਮਾਂ ਦੀ ਭੀੜ ਵਿਚ ਘਿਰਨ ਦੇ ਸਮਾਨ ਹੈ। "ਇਸ਼ਤਿਹਾਰ" ਕਵਿਤਾ ਨੂੰ ਮਿਸਾਲ ਵਜੋਂ ਦੇਖਿਆ ਜਾ ਸਕਦਾ ਹੈ :

ਤੇਰੇ ਕਰਮ
ਮੈਂ ਭੋਗੇ,
ਤੇਰਾ ਨਰਕ
ਮੈ ਲੰਘਿਆ,
ਬੰਦ ਬੂਹਿਆਂ ਅੰਦਰ
ਰਿਸ਼ਤਿਆਂ ਦਾ ਜਲੂਸ
ਆਖ਼ਰ ਬਾਹਰ ਸੜਕ ਤੇ ਆ ਗਿਆ
ਮੈਂ ਦੇਖਿਆ
ਸਾਰੇ ਇਲਜ਼ਾਮ
ਸਾਰੇ ਗੁਨਾਹ
ਮੱਥੇ ਤੇ ਚਿਪਕਾ ਲਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਰੇ ਗੁਨਾਹ –
ਬਣ ਗਈ ਮੈਂ ਇਸ਼ਤਿਹਾਰ ।[26]

ਜਦੋਂ ਊਜਾਂ ਤੇ ਤੁਹਮਤਾਂ ਦੇ ਮਾਹੌਲ ਵਿਚ "ਜੱਗ ਕੀਕਣ ਮੈਨੂੰ ਪੁਣ ਰਿਹਾ" ਦਾ ਤੰਬਰ ਤੇ ਤੀਖਣ ਅਹਿਸਾਸ ਜਾਗਦਾ ਹੈ ਤਾਂ ਨਾਰੀ ਦੀ ਹੋਂਦ ਨਿਰੰਤਰ ਅੰਦਰ ਵਲ ਨੂੰ ਧੱਸਦੀ ਜਾਂਦੀ ਹੈ। ਉਸ ਦੇ ਲਈ ਇਨ੍ਹਾਂ ਹਾਲਤਾਂ ਵਿਚ ਬਹੁਤ ਕੁਝ ਕਰ ਸਕਣਾ ਸੰਭਵ ਨਹੀਂ। ਉਸ ਦਾ ਸਾਹਸ ਵੀ ਇਕ ਅਖੌਤੀ ਕਿਸਮ ਦੇ ਦਾਅਵੇ ਤੋਂ ਵੱਧ ਕੁਝ ਨਹੀਂ ਹੁੰਦਾ। ਇਸ ਮਾਹੌਲ ਵਿਚ "ਪ੍ਰਵਾਹ ਨਾ ਕਰਨ" ਦੀ ਗੱਲ ਹੀ ਕੀਤੀ ਜਾ ਸਕਦੀ ਹੈ, ਇਸ ਨੂੰ ਵੱਡਾ ਮੁੱਲ ਤਾਰਨ ਤੋਂ ਬਗੈਰ ਪੁਗਾਇਆ ਨਹੀਂ ਜਾ ਸਕਦਾ। ਇਹ ਬੇਬਸੀ ਉਸ ਦਾ ਮੂੰਹ ਬਦੋਬਦੀ ਇਕੱਲਤਾ ਦੇ ਅਹਿਸਾਸ ਵਲ ਮੋੜ ਦੇਂਦੀ ਹੈ। ਇਨ੍ਹਾਂ ਪਰਿਸਥਿਤੀਆਂ ਵਿਚ ਨਾਰੀ ਜਿਊਂਦੀ ਨਹੀਂ, ਦਰਅਸਲ ਪਰਿਸਥਿਤੀਆਂ ਹੀ ਜਿਊਂਦੀਆਂ ਹਨ। ਨਾਰੀ ਦਾ ਅਸਤਿਤਵ ਤਾਂ ਇਨ੍ਹਾਂ ਪਰਿਸਥਿਤੀਆਂ ਦੇ ਦਬਾਉ ਹੇਠ ਖਿੱਲਰ ਜਾਂਦਾ ਹੈ। ਇਕ ਪਾਸੇ ਕੁਲਦੀਪ ਕਲਪਨਾ ਦੀ ਕਾਵਿ-ਰਚਨਾ ਅੰਦਰ ਵੱਲ ਧੱਸ ਚੁੱਕੀ ਨਾਰੀ ਦੀ ਪੀੜਾ ਨੂੰ ਪਛਾਣਦੀ ਹੈ, ਦੂਸਰੇ ਪਾਸੇ ਸੁੰਗੇੜ ਲਈ ਜ਼ਿੰਮੇਵਾਰ ਬਾਹਰਲੇ ਮਾਹੌਲ ਦੇ ਵੀ ਬਿੰਬ ਪ੍ਰਸਤੁਤ ਕਰਦੀ ਹੈ :

ਰੀਝਾਂ ਦੇ ਖੂਨ ਏਥੇ, ਆਸਾਂ ਦੇ ਖੂਨ ਨੀ
ਸੀਨੇ 'ਚ ਦੱਬੀਆਂ ਪਿਆਸਾਂ ਖੂਨ ਨੀ
ਹੋਠਾਂ ਤੇ ਆਈਆਂ ਖੁਆਹਿਸ਼ਾਂ ਦੇ ਖੂਨ ਨੀ
ਓ ਮੇਰੀ ਜ਼ਿੰਦਗੀ
ਕੀ ਨਾਂ ਤੇਰੇ ਨਾਲ ਹੋਂਦਿਆ ਮੈਂ ਤੱਕਿਆ –
ਜ਼ਮਾਨੇ ਦੇ ਬੋਲਾਂ ਦੇ ਤਿੱਖੇ ਨੇ ਡੰਗ ਨੀ
ਅਜਬ ਏਥੇ ਰੀਤਾਂ, ਅਜਬ ਏਥੇ ਰੰਗ ਨੀ
ਸਿੱਧੀ ਏਂ ਤੂੰ ਕੋਈ ਜਾਣੇ ਨਾਂ ਢੰਗ ਨੀ
ਓ ਮੇਰੀ ਜ਼ਿੰਦਗੀ
ਮੈਂ ਤੈਨੂੰ ਪਲਕਾਂ ਦੇ ਪਲੂ ਵਿਚ ਢੱਕਿਆ ।[27]

ਜਦੋਂ ਆਸਾਂ, ਰੀਝਾਂ, ਪਿਆਸਾਂ, ਖੁਆਹਿਸ਼ਾਂ ਅਧੂਰੀਆਂ ਰਹਿ ਜਾਣ ਅਤੇ ਦੂਸਰੇ ਪਾਸਿਓਂ ਜ਼ਮਾਨੇ ਦੇ ਅਜੀਬ ਰੰਗ-ਢੰਗ ਤੇ ਡੰਗ ਵੇਖਣ/ਸਹਿਣ ਨੂੰ ਮਿਲਣ ਤਾਂ ਫਿਰ ਸਿਵਾਏ ਅੰਦਰ ਵਲ ਪਰਤਣ ਦਾ ਕੋਈ ਚਾਰਾ ਨਹੀਂ ਰਹਿ ਜਾਂਦਾ। ਇਸ ਵਸਤੂ-ਸਥਿਤੀ ਪ੍ਰਤਿ ਤਿੱਖੀ ਸੰਵੇਦਨਾ ਨੂੰ ਜਗਾਉਂਦੀ ਹੋਈ ਲੇਖਿਕਾ ਹਰ ਪ੍ਰਕਾਰ ਦੀ ਸਥਾਪਤੀ ਦਾ ਖੰਡਨ ਕਰਦੀ ਹੈ। ਉਸ ਨੂੰ ਧਰਮ, ਲੋਕਾਚਾਰ ਤੇ ਸਦਾਚਾਰ ਆਦਿ ਸਭ ਕੁਝ ਨਾਰੀ ਦੀ ਹੋਂਦ ਦੁਆਲੇ ਲਟਕੇ 'ਸਪੀਡ-ਬਰੇਕਰ' ਪ੍ਰਤੀਤ ਹੁੰਦੇ ਹਨ। ਇਕ ਸੰਵੇਦਨਸ਼ੀਲ ਲੇਖਿਕਾ ਹੋਣ ਸਦਕਾ ਕਲਪਨਾ ਹਰ ਪ੍ਰਚਲਿਤ ਸਮਾਜਕ ਮੁੱਲ ਦੀ ਨਾਰੀ ਹੋਂਦ ਪ੍ਰਤਿ ਸਾਰਥਕਤਾ ਉੱਪਰ ਪ੍ਰਸ਼ਨ-ਚਿੰਨ੍ਹ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਲਗਾਉਂਦੀ ਸਗੋਂ ਉਸ ਨੂੰ ਕਟਾਖਸ਼ ਦਾ ਵਿਸ਼ਾ ਵੀ ਬਣਾਉਂਦੀ ਹੈ :

ਜੰਮਣ ਧੀਆਂ ਨੇਰ੍ਹੇ ਪੱਖੀਂ ਲੋਕਾਂ ਗੱਲ ਬਣਾਈ
ਮਾਂ ਮੇਰੀ ਨੇ ਦੱਸਿਆ ਕਿ ਮੈਂ ਚਾਨਣ ਪੱਖ ਦੀ ਜਾਈ
ਪੁੰਨਿਆ ਜਾਈ 'ਤੇ ਵੀ ਨਜ਼ਰਾਂ ਨੇਰ੍ਹੇ ਦੀਆਂ ਸਵੱਲੀਆਂ
ਸਈਓ ਨੀ ਮੈਂ ਰਿਸ਼ਮਾਂ ਲੱਭਣ ਚਲੀਆਂ ।[28]

ਇਨ੍ਹਾਂ ਪੰਗਤੀਆਂ ਵਿਚ ਵਿਅੰਗ ਸਿਰਜਿਤ "ਮੈਂ" ਦੇ "ਸ੍ਹੈ" ਤੋਂ ਤੁਰ ਕੇ "ਲੋਕ" ਤਕ ਫੈਲਦਾ ਹੈ। ਮਾਹੌਲ ਦੀ ਹਨ੍ਹੇਰੀ ਵਹਿਸ਼ਤ ਵਿਚ ਰਿਸ਼ਮ ਦੀ ਭਾਲ ਆਪਣੇ ਆਪ ਉੱਪਰ ਵਿਅੰਗ ਹੈ ਅਤੇ "ਜੰਮਣ ਧੀਆਂ ਨੇਰ੍ਹੇ ਪੱਖੀ" ਲੋਕ ਉੱਪਰ। ਇਸ ਵਿਅੰਗ ਦੀ ਚੋਟ ਉਦੋਂ ਆਪਣੇ ਸਿਖਰ ਨੂੰ ਛੂੰਹਦੀ ਹੈ ਜਦੋਂ ਉਹ "ਪੁੰਨਿਆਂ ਜਾਈ" ਉੱਪਰ 'ਨੇਰੇ ਦੀਆਂ ਨਜ਼ਰਾਂ ਦੇ ਸਵੱਲੇ' ਹੋਣ ਦੀ ਗੱਲ ਕਰਦੀ ਹੈ।

ਕੁਲਦੀਪ ਕਲਪਨਾਂ ਦੀ ਕਵਿਤਾ ਦੇ ਸਤਹੀ ਸਰੂਪ ਵਿਚੋਂ ਗੁਜ਼ਰਦਿਆਂ ਇਹ ਸ਼ਾਇਰੀ ਵਿਅਕਤੀਗਤ ਹੋਂਦ ਦੁਆਲੇ ਸਿਮਟੀ ਰੁਮਾਂਟਿਕ ਜੇਹੀ ਸ਼ਾਇਰੀ ਪ੍ਰਤੀਤ ਹੁੰਦੀ ਹੈ। ਇਸ ਦਾ ਕਾਰਣ ਇਹ ਹੈ ਕਿ ਉਹ ਮਨੋਵਿਸ਼ਾਦ, ਇਕੱਲਤਾ ਜਾਂ ਉਦਰੇਵਿਆਂ ਉੱਪਰ ਆਪਣਾ ਧਿਆਨ ਵਧੇਰੇ ਕੇਂਦ੍ਰਿਤ ਕਰਦੀ ਹੈ। ਪਰੰਤੂ ਇਹ ਆਂਤਰਿਕ ਇਕੱਲਤਾ, ਉਦਾਸੀ ਤੇ ਵਿਸ਼ਾਦ ਦੇ ਪ੍ਰਸ਼ਨ ਮਾਨਵ ਦੇ ਨਿਰਪੇਖ ਅਸਤਿਤਵ ਨਾਲ ਸੰਬੰਧਿਤ ਨਹੀਂ ਹਨ। ਉਸ ਦੀ ਰਚਨਾ ਵਿਚਲੀ ਨਿੱਜ ਦੀ ਵੀਰਾਨੀ ਪੂਰੀ ਤੀਖਣਤਾ ਨਾਲ ਪ੍ਰਗਟ ਜ਼ਰੂਰ ਹੋਈ ਹੈ ਅਤੇ ਨਿੱਜ ਦੇ ਦਾਇਰੇ ਵਿਚ ਸੁੰਗੜੀ ਹੋਂਦ ਵੀ ਦਿਖਾਈ ਦੇਂਦੀ ਹੈ, ਪਰੰਤੂ ਉਸ ਦੀਆਂ ਰਚਨਾਵਾਂ ਵਿਚਲੀ ਨਿੱਜਮੁਖਤਾ, ਇਕੱਲਤਾ, ਉਦਾਸੀ, ਵੀਰਾਨੀ ਤੇ ਸਹਿਰਾ ਦੀਆਂ ਜੜ੍ਹਾਂ ਸਾਡੇ ਸਮਾਜਕ ਚੌਖਟੇ, ਪ੍ਰਚਲਿਤ ਮੁੱਲਾਂ ਅਤੇ ਲੋਕ-ਵਿਸ਼ਵਾਸਾਂ ਵਿਚ ਡੂੰਘੀਆਂ ਧੱਸੀਆਂ ਹੋਈਆਂ ਹਨ। ਇਸ ਲਈ ਉਸ ਦੀ ਕਵਿਤਾ ਵਿਚਲੀ ਨਿੱਜਮੁਖਤਾ, ਬਾਹਰਲੀ ਵੀਰਾਨੀ ਅਤੇ ਵਹਿਸ਼ਤ ਨੂੰ ਇਕ ਦੂਸਰੇ ਦੇ ਪ੍ਰਸੰਗ ਵਿਚ ਦੇਖਿਆਂ ਹੀ ਉਸ ਦੀ ਸਿਰਜਣਾ ਦੇ ਪ੍ਰਸੰਗ ਨੂੰ ਯੋਗ ਭਾਂਤ ਸਮਝਿਆ ਜਾ ਸਕਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਲੰਮੀ ਕਵਿਤਾ "ਹਸਪਤਾਲ" ਆਪਣੇ ਆਪ ਵਿਚ ਬੜੀ ਸ਼ਕਤੀਸ਼ਾਲੀ ਰਚਨਾ ਹੈ।

ਕੁਲਦੀਪ ਕਲਪਨਾ ਦੀ ਸ਼ਾਇਰੀ ਵਿਚੋਂ ਹਾਲਾਤ ਦੀ ਸ਼ਿਕਾਰ ਬਣੀ ਐਸੀ ਨਾਰੀ ਦਾ ਬਿੰਬ ਉਸਰਦਾ ਹੈ ਜਿਹੜੀ ਆਜ਼ਾਦੀ ਦੀ ਲੋਚਾ ਤਾਂ ਕਰਦੀ ਹੈ ਪਰ ਆਪਣੀ ਸ਼ਕਤੀ ਦੀ ਸੀਮਾਂ ਤੋਂ ਵੀ ਨਾਵਾਕਿਫ਼ ਨਹੀਂ। ਕਵਿਤਰੀ ਦੀ ਯਥਾਰਥ-ਦ੍ਰਿਸ਼ਟੀ ਵਸਤੂ-ਸਥਿਤੀ ਦੇ ਬੋਧ ਦੇ ਆਧਾਰ ਉੱਪਰ ਉੱਸਰੀ ਹੋਣ ਕਰਕੇ ਇਸ ਪ੍ਰਤਿ ਆਦਰਸ਼ਵਾਦੀ ਪੈਂਤੜਾ ਅਖ਼ਤਿਆਰ ਨਹੀਂ ਕਰਦੀ ਸਗੋਂ ਵਾਸਤਵਿਕਤਾ ਦੇ ਅਸਲੋਂ ਨੇੜੇ ਰਹਿ ਕੇ ਇਸ ਪ੍ਰਤਿ ਵਿਦਰੋਹ ਦੀ ਭਾਵਨਾ ਨੂੰ ਵੀ ਪ੍ਰਸਤੁਤ ਕਰਦੀ ਹੈ। ਸਥਿਤੀ ਦੀ ਕਰੂਰਤਾ ਦੇ ਪ੍ਰਸੰਗ ਵਿਚ ਇਕ ਚੇਤੰਨ ਨਾਰੀ ਲਈ ਧੀਮੀ ਸੁਰ ਵਿਚ ਵਿਦਰੋਹ ਦੇ ਬੋਲ ਉਚਾਰਨ ਤੋਂ ਵੱਧ ਕੁਝ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਭਵ ਨਹੀਂ। ਨਾਰੀ ਦੀ ਤਿੜਕੀ ਤੇ ਖਿੰਡੀ-ਬਿਖਰੀ ਹੋਂਦ ਸਦਕਾ ਇਸ ਵਿਦਰੋਹ ਨੂੰ ਉੱਚੇ ਸੁਰ ਵਿਚ ਬਿਆਨ ਕਰਨਾ ਇਕ ਪ੍ਰਕਾਰ ਦੀ ਰੁਮਾਂਟਿਕਤਾ ਹੀ ਹੈ, ਜਿਸ ਤੋਂ ਕਲਪਨਾ ਦੀ ਕਾਵਿ-ਰਚਨਾ ਗੁਰੇਜ਼ ਕਰਦੀ। ਉਸ ਦੀਆਂ ਕਵਿਤਾਵਾਂ/ਰਚਨਾਵਾਂ ਵਿਚ ਨਾਰੀ ਦੇ ਸੀਮਿਤ ਪਰ ਤੀਬਰ-ਤੀਖਣ ਵਿਦਰੋਹ ਦੇ ਸੰਕੇਤ ਖਿਲਰੇ ਪਏ ਹਨ। ਇਨ੍ਹਾਂ ਸੰਕੇਤਾਂ ਨੂੰ ਇਕੱਠੇ ਕਰਨ ਤੇ ਸਮਝ ਲੈਣ ਪਿੱਛੋਂ ਇਸ ਗੱਲ ਪ੍ਰਤਿ ਸੰਦੇਹ ਨਹੀਂ ਰਹਿੰਦਾ ਕਿ ਇਸ ਰਚਨਾ ਦੀ ਮੂਲ ਸੁਰ ਨਾਰੀ ਦੀ ਟੁੱਟੀ-ਤਿੜਕੀ ਹੋਂਦ ਨੂੰ ਉਜਾਗਰ ਕਰਨ ਦੀ ਹੈ ਜਿਹੜੀ ਹਾਲਤ ਵੱਸ ਆਤਮ-ਕੇਂਦਰਿਤਾ ਦਾ ਸ਼ਿਕਾਰ ਹੋ ਚੁੱਕੀ ਹੈ। ਆਪਣੀ ਸੰਵੇਦਨਸ਼ੀਲਤਾ ਸਦਕਾ ਲੇਖਿਕਾ ਨਾਰੀ ਹੋਣ ਦੇ ਅਹਿਸਾਸ ਨੂੰ ਹੰਢਾਉਂਦੀ ਹੀ ਨਹੀਂ ਸਗੋਂ ਉਸ ਨੂੰ ਸਿਰਜਣਾ ਦੇ ਚੌਖਟੇ ਵਿਚ ਢਾਲਦੀ ਵੀ ਹੈ। ਇਕੱਲਤਾ, ਉਦਾਸੀ, ਨਿਰਾਸ਼ਾ, ਵੀਰਾਨੀ, ਬੇਤਰਤੀਬੀ ਤੇ ਤੋਹਮਤਾਂ ਆਦਿ ਇਸੇ ਅਹਿਸਾਸ ਦੇ ਵਿਭਿੰਨ ਵੇਰਵੇ ਹਨ।

ਕੁਲਦੀਪ ਕਲਪਨਾ ਦੀ ਸ਼ਾਇਰੀ ਵਿਚਲੀ ਨਾਰੀ ਨੂੰ ਸੰਵੇਦਨਸ਼ੀਲ ਹੋਣ ਸਦਕਾ ਆਪਣੇ ਆਲੇ ਦੁਆਲੇ ਦੀ ਤੀਖਣ ਸੋਝੀ ਹੈ। ਇਸ ਤੀਖਣ ਸੋਝੀ ਨੂੰ ਤਿੱਖੀ ਤੇ ਕੌੜੀ ਪ੍ਰਤਿਕਿਰਿਆ ਵਿਚ ਸਿੱਧਾ ਸਪਾਟ ਰੂਪ ਦੇ ਕੇ ਪੇਸ਼ ਕਰਨ ਦੀ ਥਾਂ ਉਸ ਨੇ ਪ੍ਰਤੀਕਮਈ ਸ਼ੈਲੀ ਰਾਹੀਂ ਅਭਿਵਿਅਕਤ ਕੀਤਾ ਹੈ। ਉਸ ਦੀ ਰਚਨਾ ਵਿਚਲੀ ਨਾਰੀ ਉੱਪਰ ਪਰਿਸਥਿਤੀਆਂ ਦੀ ਹਕੀਕਤ ਪੂਰੀ ਤਰ੍ਹਾਂ ਛਾਈ ਹੋਈ ਹੈ। ਲੇਖਿਕਾ ਪਰਿਸਥਿਤੀਆਂ ਦੀ ਕਰੂਰਤਾ ਨੂੰ ਹੀ ਸਿਰਜਣਾ ਦਾ ਮਾਧਿਅਮ ਬਣਾਉਣ ਦੀ ਥਾਂ ਪਰਸਥਿਤੀਆਂ ਦੀ ਕਰੂਰਤਾ ਦੇ ਪ੍ਰਭਾਵ ਨੂੰ ਚਿਤਰਦੀ ਹੈ। ਇਸ ਪ੍ਰਭਾਵ ਦਾ ਸਿਰਜਣਾ ਦੀ ਪੱਧਰ ਉੱਪਰ ਦੋਹਰਾ ਅਸਰ ਹੁੰਦਾ ਹੈ ਅਰਥਾਤ ਪਰਿਸਥਿਤੀਆਂ ਦੀ ਕਰੂਰਤਾ ਵੀ ਚਿਤਰੀ ਜਾਂਦੀ ਹੈ ਅਤੇ ਉਨ੍ਹਾਂ ਦੇ ਪ੍ਰਭਾਵ ਸਦਕਾ ਮਨੋਸੰਕਟਾ ਦੀ ਸ਼ਿਕਾਰ ਨਾਰੀ ਦਾ ਬਿੰਬ ਵੀ ਸਾਮਣੇ ਆ ਜਾਂਦਾ ਹੈ। ਸਿੱਟੇ ਵਜੋਂ ਨਾਰੀ ਦੀ ਅਖੌਤੀ ਬਹਾਦਰੀ ਤੇ ਦਲੇਰੀ ਦੇ ਉਪਭਾਵੁਕ ਦਾਈਏ ਉਸ ਦੀ ਸਿਰਜਨਾ ਦਾ ਅੰਗ ਨਹੀਂ ਬਣਦੇ ਸਗੋਂ ਉਹ ਨਾਰੀ ਦੇ ਖਿੰਡੇ-ਤਿੜਕੇ ਅਸਤਿਤਵ ਨੂੰ ਰੂਪਮਾਨ ਕਰਦੀ ਹੈ। ਸਮਝੌਤਾ ਤੇ ਤਨਾਉ ਇਸ ਖਿੰਡੀ ਤਿੜਕੀ ਹੋਂਦ ਵਾਲੀ ਨਾਰੀ ਦੇ ਅਸਤਿਤਵ ਦੇ ਦੋ ਅਹਿਮ ਪਹਿਲੂ ਹਨ। ਇਸੇ ਸਦਕਾ ਹੀ ਉਹ ਪ੍ਰੇਤਾਂ ਸੰਗ ਰਹਿਣ ਦੀ ਜਾਚ ਸਿੱਖ ਲੈਣ ਦੀ ਗੱਲ ਕਰਦੀ ਹੈ। ਭਰਵੇਂ ਵਿਦਰੋਹ ਦੀ ਗੈਰਹਾਜ਼ਰੀ (ਜਿਹੜੀ ਹਾਲਾਤ ਦੀ ਕਰੂਰਤਾ ਸਦਕਾ ਮੁਮਕਿਨ ਵੀ ਨਹੀਂ) ਅਤੇ ਅਣਚਾਹੇ ਨਾਲ ਜੀਵਨ ਗਾਲਣ ਦੀ ਮਜਬੂਰੀ ਸਦਕਾ ਪੈਦਾ ਹੋਣ ਵਾਲੀ ਕਸ਼ਮਕਸ਼ ਉਸ ਦੀ ਸਮੁੱਚੀ ਸਿਰਜਣਾ ਵਿਚ ਵਿਆਪਕ ਹੈ। ਇਹ ਕਸ਼ਮਕਸ਼ ਅਹਿਸਾਸ ਨੂੰ ਤਿੱਖਿਆਂ ਅਤੇ ਸੰਵੇਦਨਾ ਨੂੰ ਗਹਿਰਾ ਕਰਦਾ ਹੈ। ਇਸ ਸੰਵੇਦਨਾ ਸਦਕਾ ਆਲੇ-ਦੁਆਲੇ ਫੈਲਿਆ ਸਭਿਆਚਾਰਕ ਮੁੱਲਾਂ ਦਾ ਢਾਂਚਾ ਆਪਣੇ ਅਸਲੀ ਰੂਪ ਵਿਚ ਸਾਮ੍ਹਣੇ ਆ ਜਾਂਦਾ ਹੈ ਅਤੇ ਉਸ ਦੀ ਸਾਰਥਕਤਾ ਵੀ ਨਿਖਰ ਆਉਂਦੀ ਹੈ। ਕਲਪਨਾ ਕਾਵਿ ਵਿਚ ਸਿਰਜਿਤ ਨਾਰੀ-ਹੋਂਦ ਇਨ੍ਹਾਂ ਸਭਿਆਚਾਰਕ ਮੁੱਲਾਂ ਦੀ ਸਾਰਥਿਕਤਾ ਦੀ ਪਛਾਣ ਕਰਦੀ ਹੋਈ ਧਰਮ, ਸਦਾਚਾਰ ਤੇ ਲੋਕਚਾਰ ਆਦਿ ਨਾਲ ਸੰਬੰਧਿਤ ਮੁੱਲਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਰੀ ਦੇ ਵਿਕਾਸ ਦੇ ਰਸਤੇ ਵਿਚ ਰੁਕਾਵਟਾਂ ਤਸੱਵੁਰ ਕਰਦੀ ਹੈ। ਉਹ ਨਾਰੀ ਦੀ ਹੋਂਦ ਨੂੰ ਨਿਰੰਤਰ ਸੰਕਟਮਈ ਬਣਾ ਰਹੀ ਲੋਕ ਮਾਨਸਿਕਤਾ ਨੂੰ ਵੀ ਆਪਣੇ ਤਿੱਖੇ ਵਿਅੰਗ ਦਾ ਧੁਰਾ ਬਣਾਉਂਦੀ ਹੈ। ਉਹ "ਪੂਰਵ-ਮਿਥਿਆ ਸਭ ਕੁਝ ਮੰਨਣਾ ਵੀ ਬੀਮਾਰੀ" ਅਤੇ "ਲੇਖਾਂ ਦੇ ਸਿਰ ਸਭ ਕੁਝ ਛੱਡਣਾ ਵੀ ਬੀਮਾਰੀ" ਦੀ ਗੱਲ ਕਰਕੇ ਇਨ੍ਹਾਂ ਮੁੱਲਾਂ ਦੀ ਸਾਰਥਕਤਾ ਅੱਗੇ ਪ੍ਰਸ਼ਨ ਚਿੰਨ੍ਹ ਲਾ ਦੇਂਦੀ ਹੈ। ਇਸ ਵਿਚਾਰ-ਚਰਚਾ ਨੂੰ ਸਮੇਟਦੇ ਹੋਏ ਕਿਹਾ ਜਾ ਸਕਦਾ ਹੈ, ਇਸ ਵਿਚੋਂ ਇਕ ਸੰਵੇਦਨਸ਼ੀਲ, ਤਨਾਉ-ਗ੍ਰਸਤ ਅਤੇ ਖੰਡਿਤ ਨਾਰੀ ਦੇ ਅਸਤਿਤਵ ਦੇ ਕਈ ਪਾਸਾਰ ਉਭਰ ਕੇ ਸਾਹਮਣੇ ਆਉਂਦੇ ਹਨ।

ਹਵਾਲੇ ਅਤੇ ਟਿੱਪਣੀਆਂ

1. ਗੁਰਬਚਨ, "ਕੁਲਦੀਪ ਕਲਪਨਾ : ਸੂਰਜ ਦੀ ਤਲਾਸ਼ 'ਚ ਇਕ ਜਜ਼ੀਰਾ", (ਇੰਟਰਵਿਊ) **ਚਿਹਨ, ਸੰਰਚਨਾ ਤੇ ਮਾਰਕਸਵਾਦ**, ਪੰਨਾ 198.
2. ਉਹੀ, ਪੰਨਾ 197.
3. ਗੁਰਬਚਨ, "ਔਰਤ, ਕਵਿਤਾ ਅਤੇ ਪਰਵਾਸ", **ਸੰਵਾਦ**, ਨਵੰਬਰ 1989. ਪੰਨਾ 16.
4. ਸਤਿੰਦਰ ਸਿੰਘ, "ਬਸਤੀ ਤੇ ਸਹਿਰਾ", **ਖੋਜ ਦਰਪਣ**, ਜੁਲਾਈ 1977, ਪੰਨਾ 158.
5. **ਬਸਤੀ ਤੇ ਸਹਿਰਾ**, ਪੰਨਾ 28.
6. ਉਹੀ, ਪੰਨਾ 28.
7. ਉਹੀ, ਪੰਨਾ 5.
8. ਉਹੀ, ਪੰਨਾ 49.
9. ਉਹੀ, ਪੰਨਾ 45.
10. ਉਹੀ, ਪੰਨਾ 42.
11. ਉਹੀ, ਪੰਨਾ 15.
12. ਉਹੀ.
13. ਉਹੀ, ਪੰਨਾ 16.
14. ਉਹੀ, ਪੰਨਾ 21.
15. ਉਹੀ.
16. ਉਹੀ,
17. **ਬਸਤੀ ਤੇ ਸਹਿਰਾ**, ਪੰਨੇ 36-37.
18. ਉਹੀ, ਪੰਨੇ 23-24.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

19. ਗੁਰਬਚਨ, **ਉਹੀ ਰਚਨਾ**, ਪੰਨਾ 196.
20. **ਖਾਨਾ ਬਦੋਸ਼**, ਪੰਨਾ 131.
21. **ਜਗਦੇ ਬੁਝਦੇ ਜਜ਼ੀਰੇ**, ਪੰਨਾ 27.
22. **ਚਿਹਨ, ਸੰਰਚਨਾ ਤੇ ਮਾਰਕਸਵਾਦ**, ਪੰਨਾ 195.
23. **ਜਗਦੇ ਬੁਝਦੇ ਜਜ਼ੀਰੇ**, ਪੰਨਾ 28.
24. ਉਹੀ, ਪੰਨਾ 29.
25. ਉਹੀ, ਪੰਨਾ 42.
26. ਉਹੀ, ਪੰਨਾ 37.
27. ਉਹੀ, ਪੰਨਾ 73.
28. ਉਹੀ, ਪੰਨਾ 67.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਵੀਨ ਇਸਤਰੀ ਕਵੀਆਂ ਦੀ ਕਾਵਿ ਰਚਨਾ : ਨਾਰੀ ਸੰਵੇਦਨਾ

ਸਾਡਾ ਮਨੋਰਥ ਕਿਉਂਕਿ ਇਸਤਰੀ-ਕਵੀਆਂ ਵਲੋਂ ਸਿਰਜੇ ਪੰਜਾਬੀ ਕਾਵਿ ਵਿਚੋਂ ਨਾਰੀ-ਸੰਵੇਦਨਾ ਦੇ ਵਿਭਿੰਨ ਨਕਸ਼ਾਂ ਅਤੇ ਦਿਸ਼ਾਵਾਂ ਨੂੰ ਪਛਾਨਣਾ ਹੈ, ਇਸ ਲਈ ਅਸੀਂ ਕੁਝ ਨਵੀਨ ਇਸਤਰੀ-ਕਵੀਆਂ ਦੀਆਂ ਕਾਵਿ-ਰਚਨਾਵਾਂ ਨੂੰ ਵੀ ਆਪਣਾ ਅਧਿਐਨ-ਵਸਤੂ ਬਣਾ ਰਹੇ ਹਾਂ। ਇਹ ਪਛਾਨਣਯੋਗ ਹਸਤਾਖਰ ਹਨ : ਮਨਜੀਤ ਟਿਵਾਣਾ, ਅਮਰ ਜਿਉਤੀ, ਮਨਜੀਤ ਪਾਲ, ਪਾਲ ਕੌਰ, ਵਨੀਤਾ, ਬਚਿੰਤ ਕੌਰ ਅਤੇ ਕੁਲਦੀਪ ਗਿੱਲ। ਇਨ੍ਹਾਂ ਨੂੰ ਅਸੀਂ ਪਛਾਨਣਯੋਗ ਹਸਤਾਖਰ ਇਸ ਲਈ ਕਿਹਾ ਹੈ ਕਿ ਇਨ੍ਹਾਂ ਦੀਆਂ ਰਚਨਾਵਾਂ ਵੀ ਇਸਤਰੀ ਦੀ ਵਰਤਮਾਨ ਸਮਾਜ ਵਿਚ ਦਸ਼ਾ ਤੇ ਦਿਸ਼ਾ ਦੇ ਕਾਵਿਕ-ਰੂਪਾਂਤਰਣ ਵੱਲ ਰੁਚਿਤ ਹਨ। ਇਨ੍ਹਾਂ ਇਸਤਰੀ-ਕਵੀਆਂ ਦੇ ਹੇਠ ਲਿਖੇ ਕਾਵਿ-ਸੰਗ੍ਰਿਹ ਪ੍ਰਕਾਸ਼ਿਤ ਹੋ ਚੁੱਕੇ ਹਨ :

ੳ. ਮਨਜੀਤ ਟਿਵਾਣਾ, **ਇਲਹਾਮ**, 1976.
ਇਲਜ਼ਾਮ, 1980.
ਉਨੀਂਦਾ ਵਰਤਮਾਨ, 1987.

ਅ. ਅਮਰ ਜਿਉਤੀ,
ਮਾਰੂਥਲ ਵਿਚ ਤੁਰਦੇ ਪੈਰ, 1985.
ਮੈਨੂੰ ਸੀਤਾ ਨਾ ਕਹੋ, 1988.

ੲ. ਮਨਜੀਤ ਪਾਲ,
ਰੇਤ ਦਾ ਸਮੁੰਦਰ, 1985.

ਸ. ਵਨੀਤਾ,
ਸੁਪਨਿਆਂ ਦੀ ਪਗਡੰਡੀ, 1985.
ਹਰੀਆਂ ਛਾਵਾਂ ਦੀ ਕਬਰ, 1989.

ਹ. ਪਾਲ ਕੌਰ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਲਾਅਵਾਸੀ

ਕ. ਬਚਿੰਤ ਕੌਰ,

ਇਕ ਬਲੌਰੀ ਹੰਝੂ, 1987.

ਖ. ਕੁਲਦੀਪ ਗਿੱਲ,

ਅਧੂਰੀ ਕੈਨਵਸ, 1987.

ਮਨਜੀਤ ਟਿਵਾਣਾ

ਮਨਜੀਤ ਟਿਵਾਣਾ ਦੀਆਂ ਹੁਣ ਤਕ ਤਿੰਨ ਪੁਸਤਕਾਂ **ਇਲਹਾਮ, ਇਲਜ਼ਾਮ, ਉਨੀਂਦਾ ਵਰਤਮਾਨ** ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਹ ਲਗਭਗ ਡੇਢ ਦਹਾਕੇ ਤੋਂ ਕਵਿਤਾ ਦੇ ਖੇਤਰ ਵਿਚ ਸਾਧਨਾ ਕਰ ਰਹੀ ਹੈ। ਇਸੇ ਲਈ ਡਾ. ਸੁਤਿੰਦਰ ਸਿੰਘ ਨੂਰ ਨੇ ਉਸ ਨੂੰ ਸਮਕਾਲੀ ਕਵਿਤ੍ਰੀਆਂ 'ਚ (ਅੰਮ੍ਰਿਤਾ ਦੀ ਪੀੜ੍ਹੀ ਤੋਂ ਬਾਅਦ) "ਸਭ ਤੋਂ ਵੱਧ ਸਥਾਪਿਤ ਕਿਹਾ ਹੈ।[1] ਮਨਜੀਤ ਟਿਵਾਣਾ ਨੇ ਆਪਣੇ ਪਹਿਲੇ ਕਾਵਿ ਸੰਗ੍ਰਿਹ ਤੋਂ ਲੈ ਕੇ ਤੀਸਰੇ ਕਾਵਿ ਸੰਗ੍ਰਿਹ ਤਕ ਨਾਰੀ ਸੰਵੇਦਨਾ ਸੰਬੰਧੀ ਕਈ ਮਹੱਤਵਪੂਰਨ ਰਚਨਾਵਾਂ ਦੀ ਸਿਰਜਣਾ ਵੀ ਕੀਤੀ ਹੈ ਜਿਨ੍ਹਾਂ ਵਿਚੋਂ ਕਈ ਧਰਾਤਲਾਂ ਉੱਪਰ ਸ੍ਵੈ ਦੀ ਆਜ਼ਾਦੀ ਲਈ ਘੋਲ ਕਰਦੀ ਚੇਤੰਨ ਨਾਰੀ ਦਾ ਬਿੰਬ ਉਭਰਦਾ ਹੈ। ਮਨਜੀਤ ਟਿਵਾਣਾ ਆਪਣੇ ਆਲੇ ਦੁਆਲੇ ਪ੍ਰਤਿ ਚੇਤੰਨ ਇਸਤਰੀ-ਕਵੀ ਹੈ ਅਤੇ ਆਪਣੇ ਆਲੇ ਦੁਆਲੇ ਦੇ ਸਮਾਜਕ ਤੇ ਰਾਜਨੀਤਕ ਮਾਹੌਲ ਵਿੱਚੋਂ ਪੈਦਾ ਹੋਣ ਵਾਲੇ ਤਨਾਉ ਨੂੰ ਨਵੀਨ ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਪੇਸ਼ ਕਰਦੀ ਹੈ। ਏਥੇ ਇਹ ਸਪੱਸ਼ਟ ਕਰ ਦੇਣ ਦੀ ਜ਼ਰੂਰਤ ਹੈ ਕਿ ਅਨੋਖੇ ਬਿੰਬਾਂ ਤੇ ਪ੍ਰਤੀਕਾਂ ਦੀ ਵਰਤੋਂ ਕਰਨੀ ਉਸ ਦੀ ਕਵਿਤਾ ਦੀ ਵਿਸ਼ੇਸ਼ਤਾ ਹੈ ਅਤੇ ਉਸ ਦੀ ਪੁਸਤਕ **ਇਲਜ਼ਾਮ** ਉੱਪਰ ਸਰਸਰੀ ਨਜ਼ਰ ਮਾਰਿਆਂ ਵੀ ਬਹੁਤ ਸਾਰੇ ਅਨੋਖੇ ਬਿੰਬਾਂ ਜਿਵੇਂ ਸਿੰਗਾਂ ਵਾਲੀ ਬਤਖ਼, ਦੀਵਾਰ, ਰੁੱਖ, ਸ਼ੌਅਕੇਸ, ਕਾਲਾ ਤਾਜ ਮਹਲ, ਮਿੱਟੀ ਦੀ ਕਿਸ਼ਤੀ, ਅੱਗ ਦਾ ਘੋੜਾ, ਪਾਣੀ ਦੀ ਪੌੜੀ, ਆਦਿ ਆਕਰਸ਼ਣ ਦਾ ਕੇਂਦਰ ਬਣਦੇ ਹਨ। ਕਹਿਣ ਤੋਂ ਭਾਵ ਹੈ ਕਿ ਉਸ ਦੀਆਂ ਕਵਿਤਾਵਾਂ ਵਿਚ ਨਾਰੀ ਸੰਬੰਧੀ ਅਨੁਭਵ ਵਧੇਰੇ ਕਰਕੇ ਅਨੋਖੇ ਬਿੰਬਾਂ ਰਾਹੀਂ ਰੂਪਮਾਨ ਹੁੰਦਾ ਹੈ। ਉਸ ਨੇ ਪਿਆਰ ਤੇ ਰੁਮਾਂਸ ਦੇ ਵਿਸ਼ੇ ਬਾਰੇ ਵੀ ਨਜ਼ਮਾਂ ਲਿਖੀਆਂ ਹਨ, ਪਰੰਤੂ ਰਵਾਇਤੀ ਅੰਦਾਜ਼ ਵਿਚ ਨਹੀਂ। ਆਪਣੇ ਅੰਦਾਜ਼ ਤੇ ਦ੍ਰਿਸ਼ਟੀ ਸੰਬੰਧੀ ਟਿੱਪਣੀ ਕਰਦਿਆਂ **ਇਲਜ਼ਾਮ** ਪੁਸਤਕ ਦੀ ਭੂਮਿਕਾ ਵਿਚ ਉਸਨੇ ਲਿਖਿਆ ਹੈ :

> ਵੀਹਵੀਂ ਸਦੀ ਵਿਚ ਕਦਰਾਂ-ਕੀਮਤਾਂ ਦੇ ਟੁੱਟਣ ਨਾਲ ਲੋਕ ਸੁਪਨਿਆਂ ਵਿਚ ਜਿਊਣ ਦੀ ਜਗ੍ਹਾ ਕਠੋਰ ਸੱਚ ਵਿਚ ਜਿਊਂਦੇ ਨੇ। ਉਸ ਦਹਿਸ਼ਤੀ ਵਾਤਾਵਰਣ ਵਿਚ ਰੁਮਾਂਸ ਨਜ਼ਮਾਂ ਦਾ ਵਿਸ਼ਾ ਭਲਾ ਕਿਵੇਂ ਬਣ ਸਕਦੈ? ਵੱਧ ਤੋਂ ਵੱਧ ਰੁਮਾਂਸ ਤੇ ਵਿਅੰਗ ਹੋ ਸਕਦੇ।[2]

ਰੁਮਾਂਸ ਤੇ ਵਿਅੰਗ ਦੀ ਪ੍ਰਤਿਨਿਧ ਮਿਸਾਲ ਟਿਵਾਣਾ-ਕਾਵਿ ਵਿਚੋਂ ਵੇਖਣੀ ਹੋਵੇ ਤਾਂ "ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸਾ'' ਨਜ਼ਮ ਦੇ ਪਾਠ ਕੀਤਾ ਜਾ ਸਕਦਾ ਹੈ ਜਿਸ ਵਿਚ ਉਹ ਪਿਆਰ ਦੀ ਅਵਸਥਾ ਵਿਚਲੇ ਖੂਬਸੂਰਤ ਤੇ ਰੁਮਾਂਟਿਕ ਫਿਕਰਿਆਂ ਦੇ ਖੋਖਲੇਪਨ ਨੂੰ ਪ੍ਰਗਟਾਉਂਦੀ ਹੋਈ ਉਨ੍ਹਾਂ ਨੂੰ ਭਾਵੁਕਤਾ-ਰਹਿਤ ਦਸਦੀ ਹੈ। ਰਵਾਇਤੀ ਵਿਸ਼ਿਆਂ ਦੀ ਰਵਾਇਤੀ ਢੰਗ ਨਾਲ ਪੇਸ਼ਕਾਰੀ ਨੂੰ ਉਂਜ ਵੀ ਉਹ ''ਟੋਭੇ ਵਿਚ ਖਲੋ ਕੇ ਬੇਹੇ ਪਾਣੀਆਂ ਦੀ ਗੱਲ ਕਰਨਾ'' ਦਸਦੀ ਹੈ, ਜਿਹੜਾ ਉਸ ਨੂੰ ਨਾਪਸੰਦ ਹੈ।[3]

ਕਵਿਤਾ ਲਿਖਣਾ ਟਿਵਾਣਾ ਦੀ ਨਜ਼ਰ ਵਿਚ ''ਇਕੱਲੇਪਨ ਤੋਂ ਬਚਣ ਦਾ ਹੀਲਾ ਹੈ'' ਜਾਂ ''ਆਪਣਾ ਗੁੱਸਾ ਕੱਢਣ ਦਾ ਤਰੀਕਾ''[4]। ਆਪਣੇ ਆਲੇ ਦੁਆਲੇ ਵਿਚਲੇ ਸਾਹਘੋਟੂ (ਵਿਸ਼ੇਸ਼ ਕਰਕੇ ਨਾਰੀ ਦੇ ਦ੍ਰਿਸ਼ਟੀਕੋਣ ਤੋਂ) ਵਾਤਾਵਰਣ ਪ੍ਰਤਿ ਟਿੱਪਣੀ ਕਰਦੇ ਹੋਏ ਉਸਨੇ ਲਿਖਿਆ ਹੈ :

> ਪਤਾ ਨਹੀਂ ਕਿਹੋ ਜਿਹੇ ਸਮੇਂ ਹਨ ਇਹ ਜਦੋਂ ਸਾਡੇ ਚੁਫੇਰੇ ਤੋਹਮਤਾਂ ਦੇ ਜਾਲ ਵਿਛੇ ਹਨ, ਰੁੱਖਾਂ ਦੇ ਪੱਤਿਆਂ ਦੀ ਥਾਂ ਸੰਪਾਂ ਦੀਆਂ ਜੀਭਾਂ ਹਨ, ਹਵਾ ਸਿਰਫ ਸਰਾਲ ਦੇ ਸਾਹ ਹਨ ਤੇ ਅਸੀਂ ਅਡੋਲ ਸਫਰ ਤੇ ਤੁਰਦੇ ਰਹਿਣਾ ਹੈ, ਕਿਉਂਕਿ ਤੁਰਨਾ ਆਪਣੇ ਆਪ ਵਿਚ ਧਰਮ ਹੈ।[5]

ਆਪਣੇ ਆਲੇ-ਦੁਆਲੇ ਪ੍ਰਤਿ ਤਿੱਖੀ ਚੇਤਨਾ ਰੱਖਦੀ ਹੋਈ ਇਹ ਲੇਖਿਕਾ ਆਪਣੀਆਂ ਨਜ਼ਮਾਂ ਵਿਚ ਵੀ ਚੇਤੰਨ ਨਾਰੀ ਨੂੰ ਪੇਸ਼ ਕਰਦੀ ਹੈ। ਉਹ ਨਾਰੀ ਆਪਣੇ ਆਲੇ ਦੁਆਲੇ ਵਿਚਲੇ ਸੰਕੀਰਣ ਰੀਤਾਂ ਰਿਵਾਜ਼ਾਂ ਤੋਂ ਭਲੀ ਭਾਂਤ ਵਾਕਿਫ ਹੈ ਤੇ ਇਨ੍ਹਾਂ ਨੂੰ ਤੋੜਣ ਲਈ ਸੰਘਰਸ਼ ਵੀ ਕਰਦੀ ਹੈ। ਉਸ ਦੇ ਇਸ ਸੰਘਰਸ਼ ਦੀ ਟੋਹ ''ਸ਼ੋਅਕੇਸ'' ਨਜ਼ਮ ਵਿਚੋਂ ਭਲੀ ਭਾਂਤ ਮਿਲ ਜਾਂਦੀ ਹੈ ਜਿਸ ਵਿਚ ਉਹ ਸ਼ੀਸ਼ੇ ਦੇ ਸ਼ੋਅਕੇਸ ਵਿਚ ਦਮਘੁਟ ਰਹੀ ਅਤੇ ਬਾਹਰ ਆਉਣ ਲਈ ਸੰਘਰਸ਼ ਕਰ ਰਹੀ ਨਾਰੀ ਦੇ ਬਿੰਬ ਨੂੰ ਉਜਾਗਰ ਕਰਦੀ ਹੈ। ਮਿਸਾਲ ਵਜੋਂ :

> ਕੁੜੀ ਕੱਚ ਦੀ ਬਣੀ ਹੋਈ ਸੀ
> ਤੇ ਮੁੰਡਾ ਮਾਸ ਦਾ
> ਕੁੜੀ ਨੇ ਮੁੰਡੇ ਵੱਲ ਵੇਖਿਆ
> ਤੇ ਕੱਚ ਦੇ ਮਾਸ ਨੂੰ ਕਿਹਾ :
> ਮੈਨੂੰ ਸਾਲਮ ਦੀ ਸਾਲਮ ਨਿਗਲ ਜਾਂ
> ਮੁੰਡੇ ਨੇ ਆਪਣੀ ਵੱਡੀ ਆਂਤੜੀ ਦੇ ਛੋਟੇ ਹਾਜ਼ਮੇ ਬਾਰੇ ਸੋਚਿਆ
> ਕੁੜੀ ਫਿਰ ਬੋਲੀ
> ''ਡਰਪੋਕ''
> ''ਘਟੋ ਘਟ ਮੈਨੂੰ ਸ਼ੋਅਕੇਸ ਤੋਂ ਮੁਕਤ ਕਰ
> ਸੜਕ ਤੇ ਰਖ, ਤੋੜ ਦੇ''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੈਰਾਂ ਨੇ ਚਮੜੀ ਦੇ ਨਾਜ਼ਕ ਹੋਣ ਬਾਰੇ ਸੋਚਿਆ
ਕੁੜੀ ਫਿਰ ਬੋਲੀ
"ਜੇ ਸੋਚਣਾ ਹੀ ਹੈ ਤਾਂ ਘਰ ਜਾ ਕੇ ਸੋਚ
ਸੜਕ ਤੇ ਤੇਰਾ ਕੀ ਕੰਮ
ਮੈਂ ਤਾਂ ਸ਼ੋਅਕੇਸ ਵਿਚ ਹੀ ਬੋਲਦੀ ਰਵਾਂਗੀ"
ਕੱਚ ਦੀ ਕੁੜੀ ਸ਼ੋਅ ਕੇਸ ਵਿਚ ਹੀ ਬੋਲਦੀ ਰਹੀ
ਮੁੰਡਾ ਮਾਸ ਦਾ ਸੜਕ ਤੇ ਖੜਾ ਸੋਚਦਾ ਰਿਹਾ ।[6]

ਟਿਵਾਣਾ-ਕਾਵਿ ਵਿਚ ਸਿਰਜਿਤ ਨਾਰੀ ਰੀਤਾਂ-ਰਿਵਾਜਾਂ ਦੀ ਕੈਦ ਤੇ ਸੰਕੀਰਣਤਾ ਪ੍ਰਤਿ ਚਤੰਨ ਹੋਣ ਸਦਕਾ ਪ੍ਰਚਲਿਤ ਰਿਵਾਜਾਂ ਦਾ ਵਿਰੋਧ ਤਾਂ ਕਰਦੀ ਹੈ, ਪਰ ਵਿਦਰੋਹ ਨਹੀਂ। ਉਸ ਉੱਪਰ ਇਸ ਸਭ ਕੁਝ ਦੀ ਜਕੜ ਏਨੀ ਪੱਕੀ-ਪੀਡੀ ਹੈ ਕਿ ਉਹ ਇਕ 'ਜਕੋਤਰੀ ਦਾ ਸ਼ਿਕਾਰ ਹੋ ਜਾਂਦੀ ਹੈ। ਮਿਸਾਲ ਵਜੋਂ "ਸੱਦਾ" ਨਜ਼ਮ ਦੀਆਂ ਨਿਮਨ ਅੰਕਿਤ ਪੰਗਤੀਆਂ ਵੇਖਣਯੋਗ ਹਨ :

ਰੀਤ
ਰਿਵਾਜ਼
ਜੇਲ
ਕੈਦ
ਤਿੱਥ
ਤਿਉਹਾਰ
ਮੈਂ ਲਛਮਣ-ਰੇਖਾ ਤੋੜ ਦਿਆਂ ਕਿ ਤੁਰ ਜਾਵਾਂ ?[7]

ਏਸੇ ਕਵਿਤਾ ਵਿਚ ਉਹ ਨਾਰੀ ਦੀ ਮਰਜ਼ੀ ਦੀ ਬਜਾਏ ਮਜਬੂਰੀ ਉੱਪਰ ਉਸਰੀ ਵਿਆਹ-ਪ੍ਰਬੰਧ ਦੀ ਸੰਸਥਾ ਦੇ ਖੋਖਲੇਪਨ ਉੱਪਰ ਵੀ ਵਿਅੰਗ ਕੱਸਦੀ :

ਕੁੜਮਾਈ
ਵਿਆਹ
ਸ਼ਗਨ
ਕੁਝ ਵੀ ਨਹੀਂ
ਮੈਂ ਮੱਥੇ ਬਿੰਦੀ ਲਾਵਾਂ ਕਿ ਤੁਰ ਜਾਵਾਂ ?[8]

ਉਸ ਨੂੰ ਇਹ ਸਭ ਕੁਝ ਅਸਲੋਂ ਫੋਕਟ ਤੇ ਅਰਥਹੀਣ ਪ੍ਰਤੀਤ ਹੁੰਦਾ ਹੈ। ਆਪਣੀ ਇਕ ਹੋਰ ਨਜ਼ਮ "ਸਿਰਫ਼" ਵਿਚ ਚਾਰ ਵੱਖ ਵੱਖ ਬਿੰਬਾਂ (ਬੁੱਤ, ਰੁੱਖ, ਮੋਮ ਤੇ ਮੌਤ) ਰਾਹੀਂ ਟਿਵਾਣਾ ਨਾਰੀ ਦੀ ਤ੍ਰਾਸਦਿਕ ਸਥਿਤੀ ਨੂੰ ਰੂਪਮਾਨ ਕਰਦੀ ਹੈ। ਇਨ੍ਹਾਂ ਚਾਰ ਬਿੰਬਾਂ ਰਾਹੀਂ ਉਹ ਇਕ ਪਾਸੇ ਆਲੇ-ਦੁਆਲੇ ਦੀ ਰੰਗੀਨੀ, ਪ੍ਰਕਿਰਤੀ ਦੇ ਖਿੜਾਓ, ਸਮੇਂ ਦੀ ਤੇਜ਼ ਚਾਲ ਤੇ ਧਾਰਮਿਕ ਰਹੁ-ਰੀਤਾਂ ਨੂੰ ਚਿਤਰਦੀ ਹੈ ਅਤੇ ਦੂਸਰੇ ਪਾਸੇ ਬੁੱਤ ਬਣੀ, ਰੋ ਰਹੀ, ਪਲ ਪਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੁਰ ਰਹੀ ਅਤੇ ਆਪਣੇ ਆਪ ਨਾਲ ਅੰਦਰ ਹੀ ਅੰਦਰ ਘੁਲ ਰਹੀ ਤਨਾਉਸ਼ੀਲ ਨਾਰੀ ਦੀ ਮਨੋਸਥਿਤੀ ਨੂੰ ਖੂਬਸੂਰਤੀ ਨਾਲ ਉਲੀਕਦੀ ਹੈ। ਟਕਰਾਵੇ ਬਿੰਬਾਂ ਨਾਲ ਸਿਰਜੀ ਇਸ ਨਜ਼ਮ ਦੀ ਹਰ ਪੰਗਤੀ ਨਾਰੀ ਦੀ ਮਾਨਸਿਕਤਾ ਵਿਚਲੇ ਦੁੱਖ, ਵਿਸ਼ਾਦ ਤੇ ਪੀੜਾ ਨੂੰ ਲਗਾਤਾਰ ਸੰਘਣਾ ਕਰੀ ਜਾਂਦੀ ਹੈ। ਕਵਿਤਾ ਇਸ ਪ੍ਰਕਾਰ ਹੈ :

ਪੱਖਾ ਚਲਦਾ ਹੈ
ਰੇਡੀਓ ਬੋਲਦਾ ਹੈ
ਸਿਰਫ ਉਹ ਚੁੱਪ ਹੈ
ਬੁੱਤ ਵਾਂਗ
ਬਾਰਸ਼ ਪੈਂਦੀ ਹੈ
ਫੁੱਲ ਹੱਸਦੇ ਨੇ
ਸਿਰਫ ਉਹ ਰੋ ਰਹੀ ਹੈ
ਰੁੱਖ ਵਾਂਗ
ਸੂਰਜ ਉਦੈ ਹੋਇਆ ਹੈ
ਵਕਤ ਚਲ ਰਿਹਾ ਹੈ
ਸਿਰਫ ਉਹ ਖੁਰ ਰਹੀ ਹੈ
ਮੋਮ ਵਾਂਗ
ਮੁਰਗੇ ਨੇ ਬਾਂਗ ਦਿੱਤੀ ਹੈ
ਗੁਰਦੁਆਰੇ ਵਿਚ ਪਾਠ ਹੋ ਰਿਹੈ
ਸਿਰਫ ਉਹ ਖੁਦ ਨਾਲ ਲੜ ਰਹੀ ਹੈ
ਮੌਤ ਵਾਂਗ।[9]

ਨਾਰੀ ਦੀ ਗਲਤ ਸਮਾਜਕ ਤੇ ਸਭਿਆਚਾਰਕ ਕੀਮਤਾਂ ਵਿਚ ਜਕੜੀ ਹੋਂਦ ਵਿਚਲੇ ਤਨਾਉ ਨੂੰ ਸਾਮ੍ਹਣੇ ਲਿਆਉਂਦੀ ਹੋਈ ਟਿਵਾਣਾ ਆਪਣੀਆਂ ਕਈ ਨਜ਼ਮਾਂ ਵਿਚ ਨਾਰੀ ਦੀ ਮਰਦ ਵਿਰੁਧ ਤਿੱਖੀ ਤੇ ਤਲਖ ਪ੍ਰਤਿਕਿਰਿਆ ਦਾ ਪ੍ਰਗਟਾਵਾ ਵੀ ਕਰਦੀ ਹੈ। ਇਸ ਪ੍ਰਤਿਰਿਆ ਦਾ ਸ਼ਿਕਾਰ ਹੋਈ ਨਾਰੀ "ਪਤੀ" ਨੂੰ ਇਕ ਭੇੜੀਏ ਦੇ ਰੂਪ ਵਿਚ ਦੇਖਦੀ ਹੈ :

ਪਤੀ ਇਕ ਭੁੱਖਾ ਭੇੜੀਆ ਹੈ
ਜੋ ਤੁਹਾਨੂੰ ਹੋਰ ਭੇੜੀਆਂ ਤੋਂ ਤਾਂ
ਬਚਾ ਲੈਂਦਾ ਹੈ
ਪਰ ਆਪ.....
ਪਹਿਲਾਂ ਤੁਹਾਨੂੰ ਆਪਣੇ ਜਬਾੜੇ 'ਚ ਅਟਕਾ ਕੇ
ਦਸਦਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਦੇਖ ਤੂੰ ਕਿੰਨੀ ਸੁਰਖਿਅਤ ਹੈ
ਮੈਂ ਤੈਨੂੰ ਖਾਂਦਾ ਨਹੀਂ'...[10]

ਜਦੋਂ ਲੇਖਿਕਾ ਇਨ੍ਹਾਂ ਪ੍ਰਤਿਕਿਰਿਆਮੂਲਕ ਵਿਚਾਰਾਂ ਨੂੰ ਸਾਮਾਨਯ ਤੇ ਸਰਵ ਵਿਆਪੀ ਸੱਚ (universal truth) ਵਜੋਂ ਪੇਸ਼ ਕਰਦੀ ਹੈ, ਤਾਂ ਉਸ ਦੀ ਦ੍ਰਿਸ਼ਟੀ ਵਿਚੋਂ ਸੰਤੁਲਨ ਗਾਇਬ ਹੋ ਜਾਂਦਾ ਹੈ। ਇਕ ਅੱਧ ਅਜਿਹੇ ਹੀ ਹੋਰ ਨੁਕਤੇ ਨੂੰ ਪੇਸ਼ ਕਰਕੇ ਇਹ ਨਜ਼ਮ ਆਪਣੇ ਸਿਖਰ-ਬਿੰਦੂ (climax point) ਉੱਪਰ ਉਸ ਵਕਤ ਪਹੁੰਚਦੀ ਹੈ ਜਦੋਂ ਇਹ ਪਹਿਲੀਆਂ ਪੰਗਤੀਆਂ ਵਿਚ ਪੇਸ਼ ਵਿਚਾਰ 'ਪਤੀ ਇਕ ਭੁੱਖਾ ਭੇੜੀਆ ਹੈ ਜੋ ਤੁਹਾਨੂੰ ਹੋਰ ਸਭ ਭੇੜੀਆਂ ਤੋਂ ਬਚਾ ਲੈਂਦਾ ਹੈ'' ਅੱਗੇ ਲੱਗਦੀਆਂ ਬਿੰਦੀਆਂ ਜਾਂ ਖਾਲੀ ਥਾਂ ਨੂੰ ਇਨ੍ਹਾਂ ਲਫ਼ਜ਼ਾਂ ''ਪਰ ਆਖਰ ਵਿਚ ਆਪ ਖਾ ਜਾਂਦਾ ਹੈ'' ਨਾਲ ਭਰ ਦੇਂਦੀ ਹੈ। ਕਵਿਤਾ ਵਿਚ ਉਸਾਰੀ ਗਈ ਤਲਖ਼ੀ ਤੇ ਕੁੜਿੱਤਣ ਪਤੀ ਤੋਂ ਆਰੰਭ ਹੋ ਕੇ ਸਮੁੱਚੀ ਮਰਦ ਜ਼ਾਤ ਪ੍ਰਤਿ ਤ੍ਰਿਸਕਾਰਭਰੀ ਪ੍ਰਤਿਕਿਰਿਆ ਉੱਪਰ ਜਾ ਕੇ ਸਮਾਪਤ ਹੋ ਕੇ ਜਾਂਦੀ ਹੈ। ਇਸਤਰ੍ਹਾਂ ਲੇਖਿਕਾ ਨਾਰੀ ਦੀ ਵੇਦਨਾ ਨੂੰ ਪੇਸ਼ ਕਰਦੀ ਕਰਦੀ ਪੱਛਮ ਦੀ ਨਾਰੀ-ਵਾਦੀ ਲਹਿਰ ਵਿਚਲੇ ਉਲਾਰ ਦਾ ਸ਼ਿਕਾਰ ਹੋ ਜਾਂਦੀ ਹੈ। ਪਰੰਤੂ ਅਜਿਹਾ ਉਲਾਰ ਉਸ ਦੀਆਂ ਰਚਨਾਵਾਂ ਵਿਚ ਅਪਵਾਦ ਮਾਤਰ ਹੀ ਹੈ।

ਆਪਣੀ ਨਿਕਟ ਅਤੀਤ ਵਿਚ ਛਪੀ ਪੁਸਤਕ **ਉਨੀਂਦਾ ਵਰਤਮਾਨ** ਵਿਚ ਉਸ ਨੇ ਨਾਰੀ ਦੇ ਉਨੀਂਦੇ ਵਰਤਮਾਨ ਨੂੰ ''ਵਿੰਡੋ-ਸ਼ੋਪਿੰਗ'', ''ਕੁੜੀਆਂ'', ''ਕਰੁੱਤਾਂ'' ਅਤੇ ''ਵਿਆਹ'' ਆਦਿ ਨਜ਼ਮਾਂ ਵਿਚ ਪੇਸ਼ ਕੀਤਾ ਹੈ। ਇਸ ਪੁਸਤਕ ਵਿਚਲੀ ਪਹਿਲੀ ਕਵਿਤਾ ''ਵਿੰਡੋ-ਸ਼ਾਪਿੰਗ'' ਕੁੜੀਆਂ ਦੀ ਉਸ ਸਥਿਤੀ ਬਾਰੇ ਹੈ, ਜੋ ਸ਼ਾਮ ਨੂੰ ਹੋਸਟਲ ਵਿਚੋਂ ਨਿਕਲ ਕੇ ਸੈਰ ਕਰਨ ਜਾਂਦੀਆਂ ਹਨ, ਦੋਸਤੀ ਦੀ ਵਿੰਡੋ-ਸ਼ਾਪਿੰਗ ਕਰਦੀਆਂ ਹਨ। ਮੁੰਡਿਆਂ ਨੂੰ ਵਿੰਡੋ ਸ਼ਾਪਿੰਗ ਵਾਂਗ ਮਾਪਦੀਆਂ ਤੋਲਦੀਆਂ ਹਨ, ਪਰ ਉਨ੍ਹਾਂ ਦੇ ਜਕੋਤਕੀ ਕਰਦਿਆਂ ਹੀ ਕੋਈ ਹੋਰ ਖ਼ਰੀਦ ਲਿਜਾਂਦਾ ਹੈ।''[11] ਮਿਸਾਲ ਵਜੋਂ :

ਕੁੜੀਆਂ ਸ਼ਾਮ ਨੂੰ ਸੈਰ ਕਰਦੀਆਂ
ਦੋਸਤੀ ਦੀ ਵਿੰਡੋ ਸ਼ਾਪਿੰਗ ਲਈ ਨਿਕਲ ਪੈਂਦੀਆਂ ਹਨ
ਕੋਈ ਮੁੰਡਾ ਸੂਟ ਦੇ ਪ੍ਰਿੰਟ ਵਾਂਗ ਵਧੀਆ ਲੱਗਦਾ ਹੈ
ਕਿਸੇ ਦੇ ਸੁਭਾਅ ਦੀ ਟੈਕਸਚਰ ਚੰਗੀ ਲੱਗਦੀ ਹੈ
ਪਰ ਸਿੰਥੈਟਿਕ ਕਪੜੇ ਵਾਂਗ ਸਾਹ ਘੋਟਣ ਵਾਲਾ
ਕੋਈ ਰੇਅਰ ਪ੍ਰਿੰਟ ਜਿਹਾ, ਜਿਸ ਨੂੰ ਜੱਕਾਂ ਤੱਕਾਂ ਕਰਦੀ
ਏਨੇ ਨੂੰ ਕੋਈ ਹੋਰ ਖ੍ਰੀਦ ਲਿਜਾਂਦਾ।[12]

ਇਸ ਸੰਤੁਲਿਤ ਕਵਿਤਾ ਵਿਚ ਉਹ ਵਸਤੂ-ਸਥਿਤੀ ਅਨੁਸਾਰ ਵਿੰਡੋ-ਸ਼ਾਪਿੰਗ ਦੇ ਮੈਟਾਫਰ ਰਾਹੀਂ ਆਧੁਨਿਕ ਮੁੰਡੇ-ਕੁੜੀਆਂ ਦੀ ਜ਼ਿਹਨੀਅਤ ਉੱਪਰ ਵਿਅੰਗ ਕਸਦੀ ਹੈ। ਕੁੜੀਆਂ ਉੱਪਰ ਇਹ ਵਿਅੰਗ ''ਜੱਕਾਂ ਤੱਕਾਂ'' ਰਾਹੀਂ ਰੂਪਮਾਨ ਹੁੰਦਾ ਹੈ ਤੇ ਮੁੰਡਿਆਂ ਉੱਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਕੋਈ ਹੋਰ ਖਰੀਦ ਲਿਜਾਂਦਾ" ਸ਼ਬਦਾਂ ਰਾਹੀਂ। ਇਨ੍ਹਾਂ ਸ਼ਬਦਾਂ ਰਾਹੀਂ ਉਹ ਇਕ ਪਾਸੇ ਰਿਸ਼ਤਿਆਂ ਵਿਚੋਂ ਗੁੰਮ ਗੁਆਚ ਰਹੇ ਸਨੇਹ ਤੇ ਮੋਹ ਵੱਲ ਸੰਕੇਤ ਕਰਦੀ ਹੈ ਤੇ ਦੂਜੇ ਪਾਸੇ ਅਜੋਕੇ ਯੁੱਗ ਵਿਚ ਰਿਸ਼ਤਿਆਂ ਦੀ ਪਛਾਣ ਲਈ ਪਨਪ ਰਹੀ ਬਾਜ਼ਾਰੂ ਤੇ ਮੁਨਾਫ਼ਾ-ਆਧਾਰਿਤ ਬਿਰਤੀ ਨੂੰ ਸਾਮ੍ਹਣੇ ਲਿਆਉਂਦੀ ਹੈ। ਜੱਕਾਂ ਤੱਕਾਂ ਅਤੇ ਕਿਸੇ ਹੋਰ ਦੇ ਖਰੀਦ ਲੈ ਜਾਣ ਪਿੱਛੋਂ ਇਹੋ ਬਿਰਤੀ ਕਾਰਜਸ਼ੀਲ ਹੈ। ਇੰਜ ਉਹ ਅਜੋਕੇ ਯੁੱਗ ਵਿਚ ਵਿਕਸ ਰਹੇ ਮਾਨਵੀ ਰਿਸ਼ਤਿਆਂ ਦੇ ਮਕਾਨਕੀ ਤੇ ਵਪਾਰਕ ਰੂਪ ਨੂੰ ਵਿਅੰਗਮਈ ਸੁਰ ਵਿਚ ਪੇਸ਼ ਕਰਦੀ ਹੈ। ਇਹ ਵਿਅੰਗਮਈ ਸੁਰ ਵੀ ਅਸਲ ਵਿਚ ਉਸ ਦੀ ਕਵਿਤਾ ਨੂੰ ਬੌਧਿਕ ਮੁਹਾਂਦਰਾ ਪ੍ਰਦਾਨ ਕਰਦੀ ਹੈ।

"ਕੁੜੀਆਂ" ਕਵਿਤਾ ਵਿਚ ਟਿਵਾਣਾ ਨੇ ਕੁੜੀਆਂ ਦੀ ਬਹੁਪਰਤੀ ਸ਼ਖ਼ਸੀਅਤ ਨੂੰ ਵੰਨ-ਸੁਵੰਨੇ ਬਿੰਬਾਂ ਜਿਵੇਂ 'ਲੰਮੇ ਰੂਟ ਦੀ ਬੱਸ, ਬਨਾਰਸੀ ਸਾੜੀ, ਸੁਨਿਹਿਰੀ ਫਰੇਮ ਵਿਚਲੀ ਰੰਗਦਾਰ ਤਸਵੀਰ, ਪੱਛੋਂ ਦੀ ਪੌਣ, ਰੰਗਦਾਰ ਤਿਤਲੀਆਂ, ਮੱਛੀਆਂ, ਚੰਦਨ ਦਾ ਬੂਟਾ, ਜ਼ਮੀਰ, ਬੇਗਮ ਅਖ਼ਤਾਰ ਦੀਆਂ ਗ਼ਜ਼ਲਾਂ ਅਤੇ ਮਾਂ ਦਾ ਹੌਕਾ' ਆਦਿ ਰਾਹੀਂ ਰੂਪਮਾਨ ਕੀਤਾ ਹੈ। ਆਧੁਨਿਕ ਕੁੜੀਆਂ ਦੇ ਇਸ ਬਹੁਪੱਖੀ ਚਰਿਤਰ ਨੂੰ ਉਭਾਰਨ ਵਾਲੇ ਬਿੰਬਾਂ ਪਿੱਛੇ ਵੀ ਕਈ ਥਾਂ ਵਿਅੰਗਮਈ ਸੁਰ ਦੀ ਝਲਕ ਦਿਖਾਈ ਦੇਂਦੀ ਹੈ। ਉਦਾਹਰਣ ਵਜੋਂ :

ਕੁਝ ਕੁੜੀਆਂ ਲੰਮੇ ਰੂਟ ਦੀ ਬਸ ਹੁੰਦੀਆਂ ਹਨ
ਜੋ ਨੇੜੇ ਤੇੜੇ ਦੀ ਸਵਾਰੀ ਨਹੀਂ ਚੁਕਦੀਆਂ
ਕੁਝ ਕੁੜੀਆਂ ਬਨਾਰਸੀ ਸਾੜੀਆਂ ਹੁੰਦੀਆਂ ਹਨ
ਜਿਨ੍ਹਾਂ ਨੂੰ ਇਕ ਵਾਰ ਵੇਖ ਕੇ ਹੀ ਜੀਅ ਭਰ ਜਾਂਦਾ ਹੈ।[13]

ਇਸ ਕਵਿਤਾ ਦੀ ਪ੍ਰਗਟਾਉ-ਵਿਧੀ ਪਰਿਭਾਸ਼ਾ ਦੀ ਹੈ ਅਤੇ ਇਸ ਪਰਿਭਾਸ਼ਾ-ਵਿਧੀ ਰਾਹੀਂ ਹੀ ਟਿਵਾਣਾ ਨਾਰੀ ਜ਼ਾਤੀ ਪ੍ਰਤੀ ਪ੍ਰਸੰਸਨੀ-ਸੁਰ ਵਿਚ ਕੋਈ ਗੱਲ ਕਹਿਣ ਦੀ ਬਜਾਏ ਉਸ ਪ੍ਰਤਿ ਆਲੋਚਨਾਤਮਕ ਸੁਰ ਨੂੰ ਅਪਣਾਉਂਦੀ ਹੈ। ਆਲੋਚਨਾ ਦੀ ਇਹ ਸੁਰ ਨਾਰੀ-ਕਾਵਿ ਵਿਚ ਘੱਟ ਹੀ ਸੁਣਾਈ ਦੇਂਦੀ ਹੈ।

ਮਨਜੀਤ ਟਿਵਾਣਾ ਆਪਣੀਆਂ ਕਈ ਛੋਟੀਆਂ ਕਵਿਤਾਵਾਂ ਵਿਚ ਵੱਖ ਵੱਖ ਚੀਜ਼ਾਂ ਦੀਆਂ ਪਰਿਭਾਸ਼ਾਵਾਂ ਜਿਵੇਂ ਦਿਨ, ਸ਼ਾਮ, ਰਾਤ, ਮੌਤ, ਧਰਤੀ ਆਦਿ ਰਾਹੀਂ ਨਾਰੀ ਦੀ ਕਰੁਣਾ-ਸਥਿਤੀ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਰੂਪਮਾਨ ਕਰਦੀ ਹੈ :

ਰਾਤ ਉਹ ਸਾਂਵਲੀ ਕੁੜੀ
ਜੋ ਦਿਨੇ ਦੋਸਤੀ ਦੀ ਇੰਤਜ਼ਾਰ 'ਚ
ਨਿਤ ਮਰਦੀ ਹੈ।[14]

ਮਿਸਾਲ ਵਜੋਂ, ਸ਼ਾਮ ਦਾ ਬਿੰਬ ਕਰੁਣਾਮਈ ਸਥਿਤੀ ਵਿਚ ਘਿਰੀ ਨਾਰੀ ਦੇ ਬਿੰਬ ਨਾਲ ਮੇਲ ਖਾਂਦਾ ਹੈ। ਉਹ ਸ਼ਾਮ ਨੂੰ ਉਸ ਵਿਜੋਗਣ ਇਸਤਰੀ ਦੀ ਆਰਤੀ ਵਜੋਂ ਰੂਪਮਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦੀ ਹੈ ਜੋ ਹੱਥ ਜੋੜੀ ਖੜੀ ਹੋਵੇ ਅਤੇ :

ਜਿਸ ਦੇ ਥਾਲ ਵਿਚ ਅਥਰੂ
ਚੰਨ ਤਾਰਿਆਂ ਵਾਂਗ ਜਗਮਗਾਉਂਦੇ ਹੋਣ ।[15]

ਕਈ ਵਾਰ ਉਸ ਦੀਆਂ ਕਵਿਤਾਵਾਂ ਮਾਨਵੀ ਰਿਸ਼ਤਿਆਂ ਵਿਚੋਂ ਪੈਦਾ ਹੁੰਦੀ ਨਿਰਾਸ਼ਾ ਤੇ ਵਿਸ਼ਾਦ ਨੂੰ ਉਭਾਰਦੀਆਂ ਹੋਈਆਂ ਤਰਸ ਦੇ ਭਾਵ ਨੂੰ ਜਗਾਉਂਦੀਆਂ ਪ੍ਰਤੀਤ ਹੁੰਦੀਆਂ ਹਨ। "ਕੁਰੂਤਾ" ਵਿਚ ਟਿਵਾਣਾ ਨੇ ਇਕ ਐਸੀ ਨਾਰੀ ਦੀ ਤ੍ਰਾਸਦ-ਮਾਨਸਿਕਤਾ ਦਾ ਬਿੰਬ ਸਿਰਜਿਆ ਹੈ ਜਿਹੜੀ ਪੁਰਸ਼ ਦਾ ਸਹਾਰਾ (ਪਿਤਾ, ਪਤੀ, ਭਰਾ ਆਦਿ ਕਿਸੇ ਵੀ ਸ਼ਕਲ ਵਿਚ) ਚਾਹੁੰਦੀ ਹੈ, ਪਰ ਉਸ ਨੂੰ ਇਹ ਸਹਾਰਾ ਪ੍ਰਾਪਤ ਨਹੀਂ ਹੁੰਦਾ ਅਤੇ ਮਰਦ ਦੇ ਸਹਾਰੇ ਦੀ ਅਣਹੋਂਦ ਸਦਕਾ ਉਹ ਅਸੁਰੱਖਿਅਤ ਮਹਿਸੂਸ ਕਰਦੀ ਹੈ। ਅਸੁਰੱਖਿਅਤਾ ਤੇ ਇਕੱਲਤਾ ਦੀ ਇਹ ਸਥਿਤੀ ਪੁਰਸ਼-ਪ੍ਰਧਾਨ ਸਮਾਜ ਵਿਚ ਉਸ ਲਈ ਬੋਝਲ ਬਣ ਜਾਂਦੀ ਹੈ ਕਿਉਂਕਿ ਹਰ ਰੁੱਤ, ਮੋੜ ਤੇ ਪੜਾਅ ਵਿਚੋਂ ਇਕੱਲਿਆਂ ਗੁਜ਼ਰਨਾ ਉਸ ਲਈ ਮੁਸ਼ਕਿਲ ਹੋ ਜਾਂਦਾ ਹੈ। ਜ਼ਿੰਦਗੀ ਦਾ ਹਰ ਮੋੜ ਤੇ ਪੜਾਅ ਉਸ ਲਈ ਨਵੇਂ ਕਿਸਮ ਦੇ ਸੰਕਟ ਤੇ ਤਨਾਉ ਨੂੰ ਜਨਮ ਦੇਂਦਾ ਹੋਇਆ ਉਸ ਨੂੰ ਆਪਣੀ ਉਮਰ ਨਾਲੋਂ ਕਿਤੇ ਵੱਧ ਸਿਆਣਾ ਤੇ ਗਹਿਰ ਗੰਭੀਰ ਬਣਾ ਦੇਂਦਾ ਹੈ। ਜ਼ਿੰਦਗੀ ਦੇ ਇਕ ਪੜਾਅ ਉੱਪਰ ਵਾਪਰਨ ਵਾਲੇ ਹਾਦਸੇ ਨੂੰ ਲੇਖਿਕਾ ਨੇ ਇਉਂ ਬਿਆਨ ਕੀਤਾ ਹੈ :

ਉਹ ਕੁੜੀ ਜਦੋਂ ਪੰਦਰਾਂ ਵਰ੍ਹਿਆਂ ਦੀ ਸੀ
ਤਾਂ ਉਮਰ ਦੇ ਕੱਚੇ ਬਨੇਰਿਆਂ ਤੇ
ਕਾਲਾ ਮੀਂਹ ਵਰ੍ਹਿਆ ਸੀ
ਉਦੋਂ ਉਹ ਇਕੋ ਰਾਤ 'ਚ ਹੀ
ਅਧਖੜ ਉਮਰ ਦੀ ਬਣ ਗਈ ਸੀ।[16]

ਸਭਿਆਚਾਰਕ ਰਿਸ਼ਤਿਆਂ ਵਿਚੋਂ ਪ੍ਰਾਪਤ ਹੁੰਦੇ ਮਰਦ ਦੇ ਸਹਾਰੇ ਦੀ ਅਣਹੋਂਦ ਵਿਚੋਂ ਪੈਦਾ ਹੋਈ ਅਸੁਰੱਖਿਆ ਦੀ ਭਾਵਨਾ ਨਾਰੀ ਲਈ ਨਿਰੰਤਰ ਵਿਸ਼ਾਦ, ਪੀੜਾ, ਬੇਚੈਨੀ, ਖਾਨਾ-ਬਦੋਸ਼ੀ, ਊਲ-ਜਲੂਲਤਾ ਅਤੇ ਖਾਮੋਸ਼ੀ ਦੇ ਭਾਵ ਪੈਦਾ ਕਰਦੀ ਹੈ। ਇਸ ਸਦਕਾ ਉਹ ਆਲੇ ਦੁਆਲੇ ਵਿਚ ਜੀਊਂਦੀ ਨਹੀਂ, ਸਗੋਂ ਉਸ ਨੂੰ ਬਰਦਾਸ਼ਤ ਹੀ ਕਰਦੀ ਹੈ। ਇਸ ਪ੍ਰਸੰਗ ਵਿਚ ਪੁਰਸ਼-ਪ੍ਰਧਾਨ ਸਮਾਜ ਵਿਚ ਪੁਰਸ਼ ਦੇ ਸਹਾਰੇ ਦੀ ਅਨਿਵਾਰਿਤਾ ਨੂੰ ਟਿਵਾਣਾ ਨੇ ਨਾਰੀ ਦੇ ਜੀਵਨ-ਵੇਰਵਿਆ ਰਾਹੀਂ ਪੇਸ਼ ਕੀਤਾ ਹੈ। ਇਸ ਪੇਸ਼ਕਾਰੀ ਵਿਚ ਨਾਰੀ ਦੀ ਇਸ ਗਹਿਰੀ ਵੇਦਨਾ ਦਾ ਅਹਿਸਾਸ ਛੁਪਿਆ ਹੋਇਆ ਹੈ ਕਿ ਉਸ ਦਾ ਆਲਾ ਦੁਆਲਾ ਤੇ ਜੀਵਨ ਮੁੱਲ ਏਨੇ ਸੁਖਾਵੇਂ ਨਹੀਂ ਕਿ ਉਹ ਇਕੱਲੀ ਜੀਵਨ ਬਸਰ ਕਰ ਸਕੇ। ਇਸ ਲਈ ਉਸ ਨੇ ਆਪਣੀ ਇਕ ਕਵਿਤਾ "ਵਿਆਹ" ਵਿਚ ਮਜਬੂਰੀ ਵਿਚੋਂ ਜਨਮ ਲੈਣ ਵਾਲੀ ਵਿਆਹ ਦੀ ਰਸਮ ਨੂੰ ਕਾਪੀ ਉੱਪਰ "ਜਿਲਦ ਬਨਾਉਣ"[17] ਨਾਲ ਤੁਲਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਤੀ ਹੈ। ਇੰਜ ਉਹ ਨਾਖੁਸ਼ਗੁਆਰ ਵਾਤਾਵਰਣ ਸਦਕਾ ਨਾਰੀ ਦੇ ਜੀਵਨ ਦੁਆਲੇ ਫੈਲੀ ਉਦਾਸੀ, ਨਿਰਾਸ਼ਾ ਤੇ ਪੀੜਾ ਨੂੰ ਵਸਤੂ-ਸਥਿਤੀ ਦੇ ਅਨੁਕੂਲ ਪ੍ਰਗਟਾਉਂਦੀ ਹੈ। ਇਹ ਠੀਕ ਹੈ ਕਿ ਇਸ ਵਸਤੂ-ਸਥਿਤੀ ਦਾ ਅਹਿਸਾਸ ਕਈ ਵਾਰ ਏਨਾ ਤੀਬਰ ਤੇ ਤੀਖਣ ਰੂਪ ਅਖ਼ਤਿਆਰ ਕਰ ਜਾਂਦਾ ਹੈ ਕਿ ਮਰਦ ਜ਼ਾਤ ਪ੍ਰਤਿ ਕੌੜੀ ਤੇ ਉਲਾਰ ਪ੍ਰਤੀਕਿਰਿਆ ਤਕ ਅਪੜ ਜਾਂਦਾ ਹੈ। ਉਂਜ ਉਹ ਵਧੇਰੇ ਕਰਕੇ ਨਾਰੀ-ਜੀਵਨ ਦੀ ਯਥਾਰਥਕ ਪੇਸ਼ਕਾਰੀ ਦੇ ਇਰਦ-ਗਿਰਦ ਹੀ ਵਿਚਰਦੀ ਹੈ।

ਅਮਰ ਜਉਤੀ

ਅਮਰ ਜਿਉਤੀ ਦੇ ਦੋ ਕਾਵਿ ਸੰਗ੍ਰਹਿ **ਮਾਰੂਥਲ ਵਿਚ ਤੁਰਦੇ ਪੈਰ** ਅਤੇ **ਮੈਨੂੰ ਸੀਤਾ ਨਾ ਕਹੋ** ਛਪ ਕੇ ਸਾਹਮਣੇ ਆਏ ਹਨ। ਦਰਅਸਲ ਜਿਉਤੀ ਨੇ ਆਪਣੀ ਪਹਿਲੀ ਰਚਨਾ ਵਿਚ ਹੀ ਨਾਰੀ ਦੀਆਂ ਸਮੱਸਿਆਵਾਂ ਤੇ ਵੇਦਨਾ ਦੀ ਪੇਸ਼ਕਾਰੀ ਪ੍ਰਤਿ ਵਚਨਬੱਧਤਾ ਦਾ ਜ਼ਿਕਰ ਕਰ ਦਿੱਤਾ ਸੀ। ਪਹਿਲੇ ਕਾਵਿ-ਸੰਗ੍ਰਹਿ ਦੀ ਭੂਮਿਕਾ ਵਿਚ ਉਸ ਨੇ ਆਧੁਨਿਕ ਯੁੱਗ ਵਿਚ ਵਿਚਰ ਰਹੀ ਨਾਰੀ ਦੀਆਂ ਵੱਖ ਵੱਖ ਕਿਸਮ ਦੀਆਂ ਸਮੱਸਿਆਵਾਂ ਵੱਲ ਟਿੱਪਣੀ ਦੀ ਪੱਧਰ ਉੱਪਰ ਇਸ਼ਾਰਾ ਕਰਦੇ ਹੋਏ ਲਿਖਿਆ ਹੈ :

> ਸੱਸੀ ਅਜੇ ਵੀ ਜ਼ਿੰਦਾ ਹੈ, ਕਿਤੇ ਰੋਟੀ ਦੀ ਭਾਲ ਵਿਚ ਤਪਦੇ ਮਾਰੂਥਲ ਵਿਚ ਤੁਰ ਰਹੀ ਹੈ, ਕਿਤੇ ਘਰ ਦਾ ਪਤਾ ਲੱਭ ਰਹੀ ਹੈ, ਕਿਤੇ ਹੱਕਾਂ ਲਈ ਜੂਝ ਰਹੀ ਹੈ, ਕਿਤੇ ਮਨ ਦੀਆਂ ਪੀੜਾਂ ਪੈਰਾਂ ਥੱਲੇ ਵਿਛਾ ਕੇ ਉਨ੍ਹਾਂ ਤੇ ਤੁਰ ਰਹੀ ਹੈ। ਘਰਾਂ ਦੇ, ਦਫ਼ਤਰਾਂ ਦੇ, ਸਮਾਜ ਦੇ, ਕਿੰਨੇ ਹੀ ਮਾਰੂਥਲ ਹਨ, ਉਹਦੇ ਪੈਰਾਂ ਥੱਲੇ ਤੇ ਖਵਰੇ ਕਿੰਨੇ ਹੋਰ ਵੀ। ਪਰ ਉਸ ਤੁਰਨਾ ਹੈ, ਸਾਰੀਆ ਪੀੜਾਂ ਸਹਿ ਕੇ ਛਾਲਿਆਂ ਨੂੰ ਚੁੰਮ ਕੇ।[18]

ਸਪੱਸ਼ਟ ਹੈ ਕਿ ਜ਼ਿੰਦਗੀ ਦੇ ਵੱਖ ਵੱਖ ਖੇਤਰਾਂ ਵਿਚ ਦੁਸ਼ਵਾਰੀਆਂ ਭਰਪੂਰ ਜੀਵਨ ਬਸਰ ਕਰ ਰਹੀ ਨਾਰੀ ਦੀਆਂ ਸਮੱਸਿਆਵਾਂ ਵਿਚ ਉਸ ਦੀ ਦਿਲਚਸਪੀ ਹੈ। ਉਸ ਦੀ ਕਵਿਤਾ ਨਾਰੀ ਦੀ ਵਿਸ਼ਾਦ-ਗ੍ਰਸਤ ਸਥਿਤੀ ਨੂੰ ਤਾਂ ਚਿਤਰਦੀ ਹੈ ਪਰੰਤੂ ਰੁਦਨ ਉੱਪਰ ਆ ਕੇ ਸਮਾਪਤ ਨਹੀਂ ਹੋ ਜਾਂਦੀ। **ਮਾਰੂਥਲ ਵਿਚ ਤੁਰਦੇ ਪੈਰ** ਸੰਗ੍ਰਹਿ ਦੀ ਭੂਮਿਕਾ ਵਿਚ ਉਸ ਨੇ ਜਿੱਥੇ ਟਿੱਪਣੀ ਦੀ ਪੱਧਰ ਉੱਪਰ ਇਹ ਲਿਖਿਆ ਹੈ ਕਿ "ਉਸ (ਨਾਰੀ) ਹਾਰਨਾ ਨਹੀਂ ਸਿੱਖਿਆ... ਕੇਵਲ ਤੁਰਨਾ ਸਿੱਖਿਆ ਹੈ...ਚਾਹੇ ਪੈਰਾਂ ਥੱਲੇ ਕਿੰਨੇ ਹੀ ਮਾਰੂਥਲ ਤੱਪਣ ਪਏ" ਉਥੇ ਅਜਿਹੇ ਭਾਵ ਨੂੰ ਪ੍ਰਗਟਾਉਂਦੀਆਂ ਬਹੁਤ ਸਾਰੀਆਂ ਕਵਿਤਾਵਾਂ ਦੀ ਰਚਨਾ ਵੀ ਕੀਤੀ ਹੈ। ਇਨ੍ਹਾਂ ਕਵਿਤਾਵਾਂ ਵਿਚ ਨਾਰੀ ਦੁੱਖਾਂ, ਪੀੜਾਂ, ਨਿਰਾਸ਼ਾ ਤੇ ਤਨਾਉ ਦੀ ਸਥਿਤੀ ਵਿਚੋਂ ਗੁਜ਼ਰਦੀ ਤਾਂ ਜ਼ਰੂਰ ਹੈ ਪਰੰਤੂ ਇਸ ਸਥਿਤੀ ਪ੍ਰਤਿ ਖਾਮੋਸ਼ੀ ਧਾਰਣ ਨਹੀਂ ਕਰਦੀ ਸਗੋਂ ਇਸ ਨੂੰ ਸਮਝਣ ਜਾਣਨ ਲਈ ਤਰਕ-ਵਿਤਰਕ ਦਾ ਸਹਾਰਾ ਲੈਂਦੀ ਹੈ। ਵਸਤੂ ਸਥਿਤੀ ਪ੍ਰਤਿ ਚੇਤੰਨ ਹੋਣ ਸਦਕਾ ਉਸ ਨੂੰ ਔਰਤ ਦੀ ਗਮਾਂ-ਦੁੱਖਾਂ ਭਰਪੂਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜ਼ਿੰਦਗੀ ਦਾ ਅਹਿਸਾਸ ਹੈ। "ਔਰਤ" ਕਵਿਤਾ ਵਿਚ ਉਹ ਲਿਖਦੀ ਹੈ :

ਮੈਂ ਔਰਤ
ਵਾਂਗ ਇਕ ਗੇਲੀ
ਗਮਾਂ ਦੁਖਾਂ ਅਹਿਸਾਨਾਂ ਦਿਆਂ
ਪਾਣੀਆਂ ਵਿਚ ਡੁਬਦੀ ਹੋਈ
ਤਾਂ ਜੋ
ਪੱਕੀ ਹੋ ਜਾਵਾਂ
ਤੇ ਫਿਰ
ਕਿਸੇ ਲੋੜੇ ਬੇਲੋੜੇ ਘਰ ਦੀ
ਛੱਤ ਬਣ ਜਾਵਾਂ।[19]

ਮਾਂ-ਪਿਉ, ਭੈਣ ਭਰਾਵਾਂ ਦੇ ਵਿਹੜੇ ਵਿਚ ਵਿਚਰਦੀ ਨਾਰੀ ਨੂੰ ਉਸ ਨੇ ਵੱਖ ਵੱਖ ਵੇਰਵਿਆਂ ਜਿਵੇਂ ਖੁਲ੍ਹੇ ਡੁਲ੍ਹੇ ਹਾਸੇ, ਖੁਲ੍ਹ ਖੁਲ੍ਹੇ ਵਿਹੜੇ, ਛਾਵਾਂ, ਵੀਰਾਂ ਦਾ ਮੋਹ, ਮਾਂ ਦਾ ਨਿੱਘ, ਸਹੇਲੀਆਂ ਦੀ ਮੁਹੱਬਤ ਅਤੇ ਬੇਪਰਵਾਹੀ ਆਦਿ ਰਾਹੀਂ ਚਿਤਰਿਆ ਹੈ ਪਰੰਤੂ ਬਚਪਨ ਦੀ ਉਸ ਬੇਫਿਕਰੀ ਦਾ ਦੌਰ ਗੁਜ਼ਰ ਜਾਣ ਉਪਰੰਤ ਨਾਰੀ ਜਿਵੇਂ ਖੁਸ਼ੀ ਨੂੰ ਤਰਸ ਜਾਂਦੀ ਹੈ। ਉਸਦਾ ਅਹਿਸਾਸ ਇਨ੍ਹਾਂ ਕਵਿਤਾਵਾਂ ਵਿਚ ਰੂਪਮਾਨ ਹੋਇਆ ਹੈ। ਨਾਰੀ ਦੀ ਤ੍ਰਾਸਦਿਕ ਸਥਿਤੀ ਨੂੰ ਦਿਖਾਉਣ ਲਈ ਕਵਿਤਰੀ ਦੇ ਧਿਆਨ ਦਾ ਕੇਂਦਰ ਬਿੰਦੂ ਵਧੇਰੇ ਕਰਕੇ ਕੰਮ-ਕਾਰ ਕਰ ਰਹੀ ਨਾਰੀ ਬਣੀ ਹੈ। ਕੰਮ ਕਾਰ ਤੇ ਆਲੇ-ਦੁਆਲੇ ਵਿਚੋਂ ਪੈਦਾ ਹੋਈ ਭਟਕਣਾ ਹੀ ਉਸ ਦਾ ਮੂੰਹ ਸੁਖਾਵੇਂ ਅਤੀਤ ਵੱਲ ਮੋੜਦੀ ਹੈ ਅਤੇ ਸੁਖਾਵੇਂ ਅਤੀਤ ਤੇ ਵਿਸੰਗਤੀਆਂ, ਕੁੜਿਤਣਾਂ ਭਰਪੂਰ ਵਰਤਮਾਨ ਨੂੰ ਇਕ ਦੂਜੇ ਦੇ ਟਾਕਰੇ ਵਿਚ ਰੱਖ ਕੇ ਉਸਾਰਦੀ ਹੈ। ਮਿਸਾਲ ਵਜੋਂ :

ਉਹ ਵਿਹੜਾ ਉਹ ਛਾਵਾਂ
ਮੈਂ ਅੱਜ ਪਈ ਭਾਲਦੀ
ਕੁੜੀਆਂ ਤੇ ਧਰੇਕਾਂ
ਦੀ ਸਮਝ ਮੈਨੂੰ ਆਂਵਦੀ।[20]

ਅਮਰ ਜਿਉਤੀ ਆਪਣੇ ਆਲੇ ਦੁਆਲੇ ਦੇ ਸਮਾਜਕ ਤੇ ਦਫ਼ਤਰੀ ਢਾਂਚੇ ਨੂੰ ਨਾਰੀ ਦੇ ਕੌਣ ਤੋਂ ਦੇਖਦੀ ਹੈ। ਨਾਰੀ ਦੇ ਕੌਣ ਤੋਂ ਇਸ ਪ੍ਰਬੰਧ ਦੀ ਤਹਿ ਹੇਠ ਕੰਮ ਕਰ ਰਹੀਆਂ ਅਣਸੁਖਾਵੀਆਂ ਤੇ ਨਾਰੀ ਵਿਰੋਧੀ ਕਦਰਾਂ ਕੀਮਤਾਂ ਦੀ ਅਸਲੀਅਤ ਨੂੰ ਸਾਮ੍ਹਣੇ ਲਿਆਉਂਦੀ ਹੈ। ਇਸ ਸਿਸਟਮ ਵਿਚ ਨਾਰੀ ਦੀ ਹੋ ਰਹੀ ਲੁੱਟ-ਖਸੁੱਟ, ਜ਼ੁਲਮ ਤੇ ਮਜਬੂਰੀਆਂ ਨੂੰ ਉਸ ਨੇ ਆਪਣੀ ਕਵਿਤਾ "ਕਥਾ" ਵਿਚ ਬੜੀ ਖੂਬਸੂਰਤੀ ਨਾਲ ਪੇਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੀਤਾ ਹੈ। ਇਸ ਕਵਿਤਾ ਵਿਚ ਉਸ ਨੇ ਇਤਿਹਾਸ ਦੀ ਗਤੀ ਤੇ ਉਸ ਗਤੀਸ਼ੀਲਤਾ ਵਿਚ ਨਾਰੀ ਦੀ ਸਥਿਤੀਸ਼ੀਲਤਾ ਦਾ ਬਿੰਬ ਪੇਸ਼ ਕੀਤਾ ਹੈ। ਜਿਵੇਂ ਮੱਧਕਾਲ ਵਿਚ ਨਾਰੀ ਦੀਆਂ ਭਾਵਨਾਵਾਂ ਨਾਲ ਰਾਜੇ-ਮਹਾਰਾਜੇ ਉਸ ਨੂੰ ਆਪਣੀ ਦਾਸੀ ਬਣਾ ਕੇ ਮਜ਼ਾਕ ਕਰਦੇ ਸਨ ਉਵੇਂ ਹੀ ਅੱਜ ਦਫ਼ਤਰਾਂ ਵਿਚ ਬੈਠੇ "ਕੁਝ ਬਾਸ" ਉਸ ਦੀ ਮਜਬੂਰੀ ਨਾਲ ਖਿਲਵਾੜ ਕਰਦੇ ਹਨ :

ਇਕ ਜਿਸਮ ਹੈ ਟੁਟਦਾ ਪਿਆ
ਹਰ ਰੋਜ਼ ਹੀ
ਦਿਨ ਵਿਚ ਕਈ ਵਾਰ ਵੀ
ਕੁਝ ਧੋਖੇ ਵਿਚ—
ਕੁਝ ਭੋਲੇਪਨ 'ਚ
ਕੁਝ ਨੌਕਰੀ ਲਈ—
ਤੇ ਰੋਟੀ ਦੀ ਖਾਤਰ—
ਕਈ ਜਿਸਮ ਨੇ ਟੁਟਦੇ ਪਏ
ਇਹ ਜਿਸਮ ਕੌਣ ਹਨ ?
ਇਹ ਯੁੱਗ ਦੇ ਰਾਜਿਆਂ ਦੀਆਂ
ਮਹਾਰਾਜਿਆਂ ਦੀਆਂ
ਦਾਸੀਆਂ
ਚਹੇਤੀਆਂ ਤੇ
ਰਾਣੀਆਂ ਦੇ ਜਿਸਮ—
ਤੇ ਦੋਸਤੋ ! ਕਥਾ ਅਜੇ ਜਾਰੀ ਹੈ।[21]

ਇਹ ਕਥਾ ਪੁਰਸ਼ ਪ੍ਰਧਾਨ ਸਮਾਜ ਵਿਚ ਆਰਥਿਕ ਹੀਨਤਾ ਸਦਕਾ ਘਰ ਦੀ ਚਾਰਦੀਵਾਰੀ ਵਿਚੋਂ ਰੋਟੀ-ਰੋਜ਼ੀ ਕਮਾਉਣ ਲਈ ਬਾਹਰ ਨਿਕਲੀ ਨਾਰੀ ਦੇ ਜਿਸਮ ਉੱਪਰ ਹੁੰਦੇ ਪ੍ਰਹਾਰ ਦੀ ਦਾਸਤਾਨ ਹੈ। ਭੋਲੇਪਣ ਤੇ ਮਜਬੂਰੀ ਵਿਚ ਜਕੜੀ ਕਾਰੋਬਾਰੀ ਨਾਰੀ ਦੀ ਸੰਕਟ-ਗ੍ਰਸਤ ਹੋਂਦ ਨੂੰ ਪੇਸ਼ ਕਰਨ ਦੇ ਨਾਲ ਨਾਲ ਲੇਖਿਕਾ ਨੇ ਅਜੋਕੇ ਯੁੱਗ ਦੇ ਅਖੌਤੀ ਕਵੀਆਂ ਉੱਪਰ ਵੀ ਵਿਅੰਗ ਕੱਸਿਆ ਹੈ ਜੋ ਨਾਰੀ ਦੀ ਸੰਕਟ-ਗ੍ਰਸਤ ਅਵਸਥਾ ਤੋਂ ਜਾਣੂ ਹੋਣ ਦੇ ਬਾਵਜੂਦ ਉਸ ਬਾਰੇ ਸੱਚੀ ਕਵਿਤਾ ਇਸ ਲਈ ਨਹੀਂ ਲਿਖ ਸਕਦੇ ਕਿਉਂਕਿ ਉਨ੍ਹਾਂ ਦੀ ਮਾਨਸਿਕਤਾ ਉੱਪਰ ਬਾਜ਼ਾਰੂ ਪ੍ਰਵਿਰਤੀਆਂ ਭਾਰੂ ਹਨ। ਉਸ ਦੀ ਕਵਿਤਾ "ਕਵੀ ਦੀ ਸ਼ਰਧਾਂਜਲੀ" ਇਕ ਪਾਸੇ ਅਜੋਕੇ ਕਵੀਆਂ ਦੀ ਜ਼ਿਹਨੀਅਤ ਉੱਪਰ ਵਿਅੰਗ ਕੱਸਦੀ ਹੈ ਅਤੇ ਦੂਸਰੇ ਪਾਸੇ ਅਜੋਕੇ ਸਮਾਜ ਵਿਚ ਨਾਰੀ ਦੀ ਸੰਕਟਸ਼ੀਲ ਅਵਸਥਾ ਦਾ ਚਿਤਰ ਪੇਸ਼ ਕਰਦੀ ਹੈ। ਇਨ੍ਹਾਂ ਚਿਤਰਾਂ ਵਿਚ ਘਰ ਦੀਆਂ ਬਰੂਹਾਂ ਤੇ ਦੇਰ ਰਾਤ ਤਕ ਸ਼ਰਾਬੀ ਪਤੀ ਦੀ ਇੰਤਜ਼ਾਰ ਕਰਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਤਨੀ ਦੀ ਤਰਸਯੋਗ ਸਥਿਤੀ ਦੇ ਵੇਰਵੇ ਵੀ ਹਨ, ਕੁੜੀ ਦੇ ਹੁਸਨ ਤੇ ਹੁਸਨ ਤੇ ਲੱਗੇ ਨਿਰਦੋਸ਼ ਇਲਜ਼ਾਮਾਂ ਦਾ ਜ਼ਿਕਰ ਵੀ, ਜ਼ਲਾਲਤ ਦੀ ਜ਼ੂਨ ਹੰਢਾ ਰਹੀ ਇਕ ਅਮੀਰ ਵਿਅਕਤੀ ਦੀ ਸੋਹਣੀ ਨੌਕਰਾਣੀ ਦੀ ਦਾਸਤਾਨ ਵੀ ਅਤੇ ਮਜਬੂਰ ਸਟੈਨੋ ਸੈਕਟਰੀ ਦੀ ਸਾਹਬ ਅੱਗੇ ਵਿਕਦੀ ਅਜ਼ਮਤ ਦੀ ਦਰਦ-ਭਰੀ ਕਹਾਣੀ ਵੀ। ਇਸਤਰ੍ਹਾਂ ਇਸ ਕਵਿਤਾ ਵਿਚ ਨਾਖੁਸ਼ਗਵਾਰ ਮਾਹੌਲ ਵਿਚ ਰੋਜ਼ਗਾਰ ਲਈ ਭਟਕ ਰਹੀ ਅਤੇ ਆਪਣੀ ਮਜਬੂਰੀਆਂ ਦੀ ਸਤਾਈ ਹੋਈ ਨਾਰੀ ਦੀ ਮਨੋ-ਪੀੜਾ ਦੇ ਵਿਭਿੰਨ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ।

ਜਿਵੇਂ ਕਿ ਅਸੀਂ ਆਰੰਭ ਵਿਚ ਹੀ ਜ਼ਿਕਰ ਕੀਤਾ ਹੈ, ਜਿਉਤੀ ਦੀ ਕਾਵਿ-ਰਚਨਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਨਾਰੀ ਦੀ ਆਤਮ-ਪੀੜਾ ਨੂੰ ਚਿਤਰਦੀ ਹੋਈ ਕੇਵਲ ਨਿਰਾਸ਼ਾ ਤੇ ਤਰਸ ਦੀਆਂ ਭਾਵਨਾਵਾਂ ਦੇ ਵੇਗ ਵਿਚ ਹੀ ਨਹੀਂ ਖੁਰ ਜਾਂਦੀ ਸਗੋਂ ਇਸ ਤੋਂ ਅਗਾਂਹ, ਚੇਤਨਾ ਤਕ ਸਰਕਦੀ ਹੈ। ਇਹ ਨੁਕਤਾ ਉਸ ਦੇ ਦੂਜੇ ਕਾਵਿ ਸੰਗ੍ਰਹਿ **ਮੈਨੂੰ ਸੀਤਾ ਨਾ ਕਹੋ** ਉੱਪਰ ਵਧੇਰੇ ਢੁੱਕਦਾ ਹੈ। ਇਸ ਸੰਗ੍ਰਹਿ ਵਿਚੋਂ ਜਾਗ੍ਰਿਤ ਤੇ ਚੇਤਨ ਨਾਰੀ-ਹੋਂਦ ਦੇ ਦੀਦਾਰ ਹੁੰਦੇ ਹਨ, ਜਿਸ ਨੂੰ ਪੁਰਖ-ਪ੍ਰਧਾਨ ਸਮਾਜਕ ਸਭਿਆਚਾਰਕ ਮਾਹੌਲ ਦੇ ਭਿੰਨ ਭਿੰਨ ਸੰਦਰਭਾਂ ਵਿਚ ਰੱਖ ਕੇ ਪ੍ਰਸਤੁਤ ਕੀਤਾ ਗਿਆ ਹੈ। ਨਾਰੀ-ਪੁਰਖ ਸੰਬੰਧਾਂ ਦੀਆਂ ਪਰੰਪਰਗਤ ਕੀਮਤਾਂ ਨੂੰ ਨਕਾਰਨ ਤੇ ਰੱਦ ਕਰਨ ਵਾਲੀ ਇਹ ਚੇਤਨ ਨਾਰੀ ਸਮਾਨਤਾ ਦੇ ਮਾਨਵੀ ਧਰਾਤਲ ਉੱਪਰ ਖਲੋ ਕੇ ਤਰਕ-ਵਿਤਰਕ ਦਾ ਰਸਤਾ ਅਖਤਿਆਰ ਕਰਦੀ ਪ੍ਰਤੀਤ ਹੁੰਦੀ ਹੈ। ਮਿਸਾਲ ਵਜੋਂ :

ਮੈਨੂੰ ਸੀਤਾ ਨਾ ਕਹੋ
ਮੈਂ ਜ਼ਿੰਦਗੀ ਦੀ
ਅਗਨੀ ਪਰੀਖਿਆ ਦੇਣ ਤੋਂ ਪਹਿਲਾਂ
ਆਪਣੇ ਹਮਸਫਰ ਸੰਗ
ਦਲੀਲ ਨਾਲ
ਗੱਲ ਕਰਨੀ ਹੈ।[22]

ਇਸ ਸੰਗ੍ਰਹਿ ਵਿਚਲੀਆਂ ਹੋਰ ਵੀ ਕਈ ਕਵਿਤਾਵਾਂ ਜਿਵੇਂ "ਮੁਕਤੀ" "ਨਹੀਂ ਉਡੀਕ ਰਾਮ ਦੀ", "ਕੌਣ ਬੁੱਧ ਸੀ", "ਉਹ ਇਕ ਨਿੱਕਾ ਬੱਚਾ ਨਹੀਂ" ਅਤੇ "ਜਸ਼ਨ" ਆਦਿ ਨਾਰੀ ਦੀ ਵੇਦਨਾ ਤੇ ਚੇਤਨਾ ਦੀ ਗੱਲ ਕਰਦੀਆਂ ਹਨ ਅਤੇ ਪੁਰਖ ਨੂੰ ਤਰਕਸ਼ੀਲ ਰੂਪ ਵਿਚ ਮੁਖਾਤਿਬ ਹਨ। ਇਨ੍ਹਾਂ ਕਵਿਤਾਵਾਂ ਦੀ ਪਾਤਰ ਬਣੀ ਨਾਰੀ ਅਹੱਲਿਆ ਵਾਂਗ ਹਜ਼ਾਰਾਂ ਸਾਲ ਤਕ ਬੁੱਤ ਬਣਕੇ ਨਹੀਂ ਉਡੀਕਣਾ ਚਾਹੁੰਦੀ, ਉਸ ਨੂੰ ਸੀਤਾ ਬਣ ਕੇ ਵਿਚਰਣਾ ਵੀ ਨਾਪਸੰਦ ਹੈ ਸਗੋਂ ਉਹ ਤਾਂ ਗੌਤਮ ਬੁੱਧ ਦੀ ਨਹੀਂ ਨਿੱਕੇ ਰਾਹੁਲ ਦੀ ਪਾਲਣਾ ਕਰਨ ਲਈ ਕੱਲੀ ਕਾਰੀ ਰਹਿ ਗਈ। ਯਸ਼ੋਧਰਾ ਦੀ ਵਿਥਿਆ ਸੁਣਾਉਣੀ ਚਾਹੁੰਦੀ ਹੈ। ਉਹ ਉਸ ਵਸਤੂ-ਸਥਿਤੀ ਤੋਂ ਭਲੀ ਭਾਂਤ ਵਾਕਿਫ ਹੈ ਜਿਸ ਵਿਚ ਨਾਰੀ ਧੀ ਜੰਮਣ ਦਾ ਸੰਤਾਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੰਢਾਉਂਦੀ ਹੈ, ਬੇਕਸੂਰ ਹੋਣ ਤੇ ਵੀ ਕਸੂਰਵਾਰ ਗਿਣੀ ਜਾਂਦੀ ਹੈ ਅਤੇ ਸਾਰੀ ਉਮਰ ਹਉਕਿਆਂ-ਹਾਵਿਆਂ ਦੀ ਜੂਨ ਭੋਗਦੀ ਹੈ ਪਰੰਤੂ ਉਸ ਦਾ ਮੁੱਲ ਇਕ ਖਿਡੌਣੇ ਤੋਂ ਵੱਧ ਨਹੀਂ ਹੁੰਦਾ/ਪੈਂਦਾ :

ਕਾਸ਼ ! ਮੈਂ ਇਕ ਖਿਡੌਣਾ ਨਹੀਂ
ਕਿਸੇ ਨਿੱਕੇ ਬੱਚੇ ਦਾ
ਦਿਲ ਪਰਚਾਂਦੀ
ਉਹਦੇ ਦਿਲ ਚੋਂ ਉੱਠੀ
ਰੱਬ ਵਰਗੀ ਖੁਸ਼ੀ
ਉਹਦੇ ਚਿਹਰੇ ਤੇ
ਹੱਸਦਿਆਂ ਵੇਖਦੀ
ਖਿਆਲ ਆਇਆ
ਮੈਂ ਇਕ
ਮਹਿਜ਼ ਖਿਡੌਣਾ ਹੀ ਹਾਂ
ਪਰ ਇਕ ਨਿੱਕਾ ਬੱਚਾ ਨਹੀਂ ।[23]

ਅਮਰ ਜਿਉਤੀ ਕਾਵਿ ਦੀ ਵਿਸ਼ੇਸ਼ਤਾ ਭਾਰਤੀ ਮਿਥਿਹਾਸ/ਇਤਿਹਾਸ ਨਾਲ ਸੰਬੰਧਿਤ ਨਾਰੀ ਪਾਤਰਾਂ ਸੀਤਾ, ਅਹੱਲਿਆ, ਅਤੇ ਯਸ਼ੋਧਰਾ ਆਦਿ ਦੇ ਸਮਾਨਾਂਤਰ ਅੱਜ ਦੀ ਚੇਤਨ ਨਾਰੀ ਦਾ ਬਿੰਬ ਪੇਸ਼ ਕਰਨ ਵਿਚ ਹੈ । ਉਸ ਦਾ ਕਥਨ ਵੀ ਹੈ :

ਮੈਂ ਵਕਤ ਨਾਲ ਅੱਖਾਂ ਮਿਲਾ ਕੇ ਤੁਰਨਾ ਹੈ, ਅੱਖਾਂ ਝੁਕਾ ਕੇ ਨਹੀਂ ਤੇ ਮੇਰੀ ਮੁਕਤੀ ਦਾ ਰਾਹ ਜ਼ਿੰਦਗੀ ਦੇ ਸੂਲਾਂ ਭਰੇ ਰਾਹਾਂ ਵਿਚੋਂ ਲੰਘਦਿਆਂ ਹੀ ਤਲਾਸ਼ ਹੋਣਾ ਹੈ, ਇਸ ਵਾਸਤੇ ਮੇਰੇ ਪੈਰਾਂ ਥੱਲੇ ਚਾਹੇ ਜ਼ਿੰਦਗੀ ਦੇ ਦੁੱਖਾਂ, ਸੁੱਖਾਂ ਦੇ ਕੰਡੇ ਵਿਛੇ ਹੋਣ ਜਾਂ ਤਪਦੇ ਮਾਰੂਥਲ ਹੋਣ, ਜ਼ਖਮਾਂ ਤੇ ਛਾਲਿਆਂ ਦੀ ਪ੍ਰਵਾਹ ਨਾ ਕਰਕੇ ਤੁਰਨਾ ਹੈ ਤੇ ਬੇਬਾਕ ਇਸ ਹੁੰਮਸ ਭਰੇ ਮੌਸਮ ਵਿਚ ਵਰ੍ਹਨਾ ਹੈ ।[24]

ਇੰਜ ਉਹ ਨਾਰੀ ਦੇ ਸੰਤਾਪੇ ਤੇ ਤਨਾਉ-ਗ੍ਰਸਤ ਅਤੀਤ ਤੋਂ ਵੀ ਵਾਕਿਫ਼ ਹੈ, ਉਸ ਦੇ ਸੰਕਟ ਭਰਪੂਰ ਵਰਤਮਾਨ ਤੋਂ ਵੀ ਅਤੇ ਉਸ ਦੀ ਭਵਿੱਖਾਰਥੀ ਮੁਕਤੀ ਲਈ ਦਰਕਾਰ ਯਤਨਾਂ ਤੋਂ ਵੀ । ਅਤੀਤ, ਵਰਤਮਾਨ ਤੇ ਭਵਿਖ ਦੇ ਤੀਹਰੇ ਰਿਸ਼ਤੇ ਵਿਚ ਬੱਝੀ ਹੋਣ ਸਦਕਾ ਹੀ ਉਸ ਦੀ ਕਾਵਿ-ਰਚਨਾ ਆਤਮ-ਪੀੜਾ ਦੇ ਬਿੰਦੂ ਉੱਪਰ ਸਮਾਪਤ ਨਹੀਂ ਹੁੰਦੀ ਸਗੋਂ ਨਾਰੀ ਦੇ ਮਾਂ ਬਣ ਸਕਣ ਦੀ ਸ਼ਕਤੀ ਉੱਪਰ ਮਾਣ ਕਰਦੀ ਹੈ, ਜਸ਼ਨ ਮਨਾਉਂਦੀ ਹੈ । ਉਹ ਚੇਤਨਾ ਦੇ ਚਾਨਣ ਨਾਲ ਨਾਰੀ ਨੂੰ ਉਸ ਦੀ ਵਰਤਮਾਨ ਸੰਕਟ-ਗ੍ਰਸਤ ਹੋਣੀ ਤੋਂ ਮੁਕਤੀ ਦਿਵਾਉਣ ਦੀ ਪ੍ਰੇਰਣਾ ਦੇਣ ਵਾਲੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨਜੀਤ ਪਾਲ

ਮਨਜੀਤ ਪਾਲ ਦੀ ਕਾਵਿ-ਰਚਨਾ **ਰੇਤ ਦਾ ਸਮੁੰਦਰ** ਵੀ "ਔਰਤ ਹਾਂ" ਦੇ ਅਹਿਸਾਸ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। "ਇਸ ਕਾਵਿ ਸੰਗ੍ਰਹਿ ਦੀਆਂ ਨਜ਼ਮਾਂ ਵਿਚ ਮੁੱਖ ਤੌਰ 'ਤੇ ਜਾਗ੍ਰਿਤ ਨਾਰੀ ਦੀ ਸ੍ਵੈ-ਚੇਤਨਾ ਦਾ ਦੀਦਾਰ ਹੁੰਦਾ ਹੈ ਜਿਸ ਨੂੰ ਪੁਰਖ-ਪ੍ਰਧਾਨ ਸਮਾਜਕ ਮਾਹੌਲ ਦੇ ਭਿੰਨ ਭਿੰਨ ਸੰਦਰਭਾਂ ਵਿਚ ਰੱਖ ਕੇ ਪ੍ਰਸਤੁਤ ਕੀਤਾ ਗਿਆ ਹੈ। ਇਸਤਰੀ-ਪੁਰਖ ਸੰਬੰਧਾਂ ਦੇ ਰਵਾਇਤੀ ਮੁੱਲਾਂ ਨੂੰ ਨਕਾਰਨ ਅਤੇ ਰੱਦ ਕਰਨ ਵਾਲੀ ਇਹ ਚੇਤਨਾ ਮਰਦ ਦੇ ਖਿਲਾਫ਼ ਉਲਾਰ ਵਿਦਰੋਹ ਦਾ ਰੂਪ ਨਹੀਂ ਧਾਰਦੀ ਸਗੋਂ ਸਮਾਨਤਾ ਅਤੇ ਪਛਾਣ ਦੇ ਮਾਨਵੀ ਧਰਾਤਲ ਨੂੰ ਤਲਾਸ਼ ਕਰਨ ਵੱਲ ਰੁਚਿਤ ਦਿਖਾਈ ਦੇਂਦੀ ਹੈ।"[25] ਸਮਾਨਤਾ ਮਾਨਵੀ ਧਰਾਤਲਾਂ ਦੀ ਤਲਾਸ਼ ਦੇ ਬਿੰਦ ਉੱਪਰ ਖਲੋਕੇ ਹੀ ਉਸ ਨੇ ਅਜਿਹੇ ਬੋਲਾਂ ਦੀ ਸਿਰਜਣਾ ਕੀਤੀ ਹੈ :

ਮੁਹੱਬਤ ਜਿਨ੍ਹਾਂ ਦਾ ਕਸਬ ਹੈ
ਇਥੇ ਹੀ ਕਿਤੇ
ਇਸੇ ਧਰਤੀ 'ਤੇ
ਉਸ ਸ਼ਹਿਰ ਦਾ ਘਰ ਘਰ ਮੰਦਰ ਹੈ
ਅਤੇ ਹਰ ਸ਼ਹਿਰ ਵਾਸੀ ਅਰਧ ਨਾਰੀਸ਼ਵਰ।
ਬਚਪਨ ਤੋਂ ਹੀ ਉਸ ਸ਼ਹਿਰ ਨੂੰ
ਹਰ ਰੋਜ ਹਰ ਘੜੀ ਲੱਭਦੀ ਹਾਂ।[26]

ਇਨ੍ਹਾਂ ਪੰਗਤੀਆਂ ਵਿਚ ਅਰਧ ਨਾਰੀਸ਼ਵਰ ਸ਼ਬਦ ਦੀ ਵਰਤੋਂ ਇਸਤਰੀ-ਪੁਰਸ਼ ਬਰਾਬਰੀ ਦੇ ਨੁਕਤੇ ਤੋਂ ਕੀਤੀ ਗਈ ਹੈ। ਹਿੰਦੂ ਮਿਥਿਹਾਸ ਵਿਚ ਇਸ ਸ਼ਬਦ ਦੀ ਵਰਤੋਂ ਸ਼ਿਵ ਜੀ ਉਸ ਰੂਪ ਵਿਚ ਕੀਤੀ ਜਾਂਦੀ ਹੈ ਜਿਸ ਦਾ ਅੱਧਾ ਸਰੀਰ ਪੁਰਸ਼ ਦਾ ਸੀ ਤੇ ਅੱਧਾ ਇਸਤਰੀ ਦਾ ਹੈ। ਇਸ ਰੂਪ ਨੂੰ ਆਦਰਸ਼ਕ, ਪ੍ਰਮਾਣਕ ਅਤੇ ਪਰਮਾਤਮਾ ਦਾ ਰੂਪ ਹੀ ਪ੍ਰਵਾਨ ਕੀਤਾ ਜਾਂਦਾ ਹੈ। ਮਨਜੀਤ ਪਾਲ ਸਾਡੀ ਚੇਤਨਾ ਦਾ ਮੁਖ ਹਿੰਦੂ ਮਿਥਿਹਾਸ ਵੱਲ ਮੋੜਦੀ ਹੈ ਜਿਸ ਵਿਚ ਅਰਧ ਨਾਰੀਸ਼ਵਰ ਦੀ ਧਾਰਣਾ ਪ੍ਰਚਲਿਤ ਸੀ। ਵੈਦਿਕ ਯੁੱਗ ਵਿਚ ਨਾਰੀ ਨੂੰ ਪੁਰਸ਼ ਦੀ ਅਰਧਾਂਗਨੀ ਕਿਹਾ ਜਾਂਦਾ ਸੀ ਅਤੇ ਕਿਸੇ ਵੀ ਪ੍ਰਕਾਰ ਦੀ ਸਮਾਜਕ-ਧਾਰਮਿਕ ਰਸਮ ਉਸ ਦੀ ਸ਼ਮੂਲੀਅਤ ਬਗੈਰ ਅਧੂਰੀ ਸਮਝੀ ਜਾਂਦੀ ਸੀ। ਇੰਜ ਇਕ ਪਾਸੇ ਲੇਖਿਕਾ ਨਾਰੀ ਲਈ ਆਦਰਸ਼ਕ ਸਥਿਤੀ ਦੀ ਕਲਪਨਾ ਕਰਦੀ ਹੈ ਅਤੇ ਨਾਲ ਹੀ ਨਾਲ ਵਸਤੂ-ਸਥਿਤੀ ਦੀ ਘੋਖ-ਪੜਤਾਲ ਵੀ ਕਰਦੀ ਹੈ।

ਅਜੋਕੇ ਸਮਾਜ ਵਿਚ ਵਿਚਰਦੀ ਨਾਰੀ ਜਿਸ ਪ੍ਰਕਾਰ ਦੀਆਂ ਸਮੱਸਿਆਵਾਂ, ਸੰਕਟਾਂ ਤੇ ਤਨਾਉ ਦਾ ਸ਼ਿਕਾਰ ਹੈ ਉਸ ਨੂੰ ਉਸ ਨੇ ਬਾਰ ਬਾਰ ਆਪਣੀਆਂ ਨਜ਼ਮਾਂ ਵਿਚ ਬਿਆਨ ਕੀਤਾ ਹੈ ਪਰੰਤੂ ਉਸ ਦੀ ਵੱਖਰਤਾ ਇਸ ਗੱਲ ਵਿਚ ਹੈ ਕਿ ਉਹ ਅਨੁਭਵ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੇਸ਼ ਕਰਨ ਦੀ ਬਜਾਏ ਕਥਨ ਦੀ ਪੱਧਰ ਉੱਪਰ ਸਮੁੱਚੀ ਸਥਿਤੀ ਬਾਰੇ ਟਿੱਪਣੀਆਂ ਅੰਕਿਤ ਕਰਦੀ ਹੈ। ਇੰਜ ਉਸ ਦੀਆਂ ਨਜ਼ਮਾਂ ਕਥਨ-ਸ਼ੈਲੀ ਵਿਚ ਢਲੀਆਂ ਹੋਈਆਂ ਹਨ। "ਉਹ ਕੇਵਲ ਮਰਦ ਦੇ ਸੰਸਾਰ ਨੂੰ ਅਸਵੀਕਾਰ ਕਰਨ ਦੀ ਥਾਵੇਂ ਸਾਰੀ ਸਥਿਤੀ ਦਾ ਬੌਧਿਕ-ਵਿਸ਼ਲੇਸ਼ਣ ਕਰਨ ਦਾ ਯਤਨ ਕਰਦੀ ਹੈ। ਉਸ ਦੀ ਭਾਸ਼ਾ ਵੀ ਬੌਧਿਕ-ਵਿਸ਼ਲੇਸ਼ਣ ਦੀ ਹੈ। ਇਸ ਭਾਸ਼ਾ ਰਾਹੀਂ ਉਹ 'ਰੋਣੇ-ਧੋਣੇ ਦੀ ਭਾਵੁਕਤਾ' ਦਾ ਜ਼ਿਕਰ ਕਰਦਿਆਂ ਵੀ ਉਸ ਤੋਂ ਬਾਹਰ ਰਹਿਣ ਦਾ ਯਤਨ ਕਰਦੀ ਹੈ; ਕਿਉਂਕਿ ਬੌਧਿਕ-ਵਿਸ਼ਲੇਸ਼ਣ ਤੇ ਭਾਵੁਕਤਾ ਵਿਚ ਅਜਿਹਾ ਰਲਾ ਮਿਲਾ ਨਹੀਂ ਕੀਤਾ ਜਾ ਸਕਦਾ।"[27] ਸ਼ਾਇਦ ਵਸਤੂ ਸਥਿਤੀ ਨੂੰ ਆਲੋਚਨਾਤਮਕ-ਦ੍ਰਿਸ਼ਟੀ ਰਾਹੀਂ ਵੇਖਣ ਲਈ ਉਸ ਨੂੰ ਇਹ ਸ਼ੈਲੀ ਹੀ ਅਧਿਕ ਕਾਰਗਰ ਪ੍ਰਤੀਤ ਹੁੰਦੀ ਹੈ। ਮਿਸਾਲ ਵਜੋਂ "ਮੁਕਤੀ ਛਿਣ" ਕਵਿਤਾ ਵਿਚ ਉਸ ਨੇ ਲਿਖਿਆ ਹੈ :

ਲੋਕੀਂ ਕਹਿੰਦੇ
ਔਰਤ ਜਦ ਵੀ ਗੱਲ ਕਰਦੀ
ਅਕਸਰ ਹੰਝੂਆਂ ਦੀ ਹੀ ਗੱਲ ਹੁੰਦੀ
ਹਾਵੇ ਵਿਗੋਚਿਆਂ 'ਚੋਂ ਬਾਹਰ ਆ ਨਾ ਸਕਦੀ
ਤੇ ਇਹ ਰੋਣਾ-ਧੋਣਾ ਭਾਵੁਕਤਾ ਹੈ
ਬੁੱਧੀਜੀਵ ਭਾਵ-ਨਿਰਲੇਪ ਹੁੰਦਾ
ਔਰਤ ਹਾਂ.....[28]

ਇੰਜ ਇਹ ਸ਼ਾਇਰੀ ਅਜੋਕੇ ਯੁੱਗ ਵਿਚ ਵਿਚਰਦੀ ਨਾਰੀ ਦੀ ਦੁਖਾਂਤਕ ਤੇ ਤਨਾਉ-ਭਰਪੂਰ ਸਥਿਤੀ ਦੀ ਪੇਸ਼ਕਾਰੀ ਪ੍ਰਤੀ ਅਚੇਤ ਜਾਂ ਸੁਚੇਤ ਪੱਧਰ ਉੱਪਰ ਵਚਨਬੱਧ ਨਜ਼ਰੀਂ ਪੈਂਦੀ ਹੈ। ਇਸ ਸੰਗ੍ਰਹਿ ਵਿਚਲੀਆਂ ਕੁਝ ਕਵਿਤਾਵਾਂ ਜਿਵੇਂ "ਮੁਕਤੀ ਛਿਣ", "ਸਿਮਰਤੀ", "ਵਿਸ਼ਵਾਸ", "ਚੁੱਪ ਕੁੜੀ", "ਬਾਗੀ", "ਕਿਹੜਾ ਪੜਾਅ", "ਅੰਤਰਾਲ", "ਆਸਵੰਤ", ਅਤੇ "ਮੁਹੱਬਤ ਦਾ ਅਰਥ" ਆਦਿ ਇਕ ਪਾਸੇ ਅਜੋਕੇ ਸਮਾਜ ਵਿਚ ਜਾਗ੍ਰਿਤ ਨਾਰੀ ਦੀ ਚੇਤਨਾ ਨੂੰ ਪੇਸ਼ ਕਰਨ ਵਾਲੀਆਂ ਹਨ ਅਤੇ ਦੂਜੇ ਪਾਸੇ ਵਸਤੂ-ਸਥਿਤੀ ਉੱਪਰ ਟਿੱਪਣੀਆਂ ਤੇ ਟਕੋਰਾਂ ਕਰਨ ਵਾਲੀਆਂ ਹਨ। ਇਨ੍ਹਾਂ ਵਿਚ ਕਿਧਰੇ ਸਮਾਜਕ-ਸਭਿਆਚਾਰਕ ਮੁੱਲਾਂ ਵਿਚ ਨੱਪੀ-ਨੂੜੀ ਨਾਰੀ ਦੀ ਸਥਿਤੀ ਦਾ ਬਿਆਨ ਹੈ (ਮੁਕਤੀ ਛਿਣ), ਕਿਧਰੇ ਉਸ ਨਾਰੀ ਦੀ ਹੋਣੀ ਦਾ ਜ਼ਿਕਰ ਜੋ ਚੁੱਪ ਚਾਪ ਦੁੱਖ ਸਹਿੰਦੀ ਤੇ ਆਪਣੀ ਪੀੜ ਨੂੰ ਬੋਲ ਦੇਣ ਤੋਂ ਝਿਜਕਦੀ ਹੈ ਪਰੰਤੂ ਉਸ ਦੀ ਇਸ ਅਧੀਨਗੀ ਦੇ ਬਾਵਜੂਦ ਉਸ ਨੂੰ ਸਮਾਜਕ-ਪ੍ਰਵਾਨਗੀ ਹਾਸਲ ਨਹੀਂ ਹੁੰਦੀ (ਵਿਸ਼ਵਾਸ), ਕਿਧਰੇ ਆਪਣੇ ਦੁੱਖਾਂ ਤਕਲੀਫ਼ਾਂ ਨੂੰ ਅਣਗੌਲਿਆ ਕਰ ਦੂਸਰਿਆਂ ਦੀ ਖੁਸ਼ੀ ਨੂੰ ਪਹਿਲ ਦੇਣ ਦੇ ਬਾਵਜੂਦ ਅਨੁਕੂਲ ਵਾਤਾਵਰਣ ਤੋਂ ਵਿਰਵੀ ਨਾਰੀ ਦੀ ਪੀੜਾ ਦਾ ਜ਼ਿਕਰ ਹੈ (ਚੁੱਪ ਕੁੜੀ), ਕਿਧਰੇ ਮਨੁੱਖ ਦੀ ਉਸ ਉਲਾਰ ਦ੍ਰਿਸ਼ਟੀ ਉੱਪਰ ਤਿੱਖੀ ਟਿੱਪਣੀ ਹੈ ਜੋ ਨਾਰੀ ਦੇ ਜਿਸਮ ਤੋਂ ਅਗਾਂਹ ਨਹੀਂ ਸਰਕਦੀ (ਕਿਹੜਾ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੜਾਅ) ਅਤੇ ਕਿਧਰੇ ਨਾਰੀ ਦੇ ਵਿਅਕਤੀ ਵਜੋਂ ਪਛਾਣੇ ਜਾਣ ਦੀ ਤੀਬਰ ਇੱਛਾ ਪੇਸ਼ ਹੋਈ ਹੈ (ਬਾਗੀ ਤੇ ਆਸਵੰਤ)। ਉਹ ਥੀਮਿਕ ਬਿੰਦੂ ਜਿਨ੍ਹਾਂ ਦੇ ਆਲੇ ਦੁਆਲੇ ਮਨਜੀਤ ਪਾਲ ਦੀ ਕਵਿਤਾ ਘੁੰਮਦੀ ਹੈ, ਇਸ ਪ੍ਰਕਾਰ ਹੈ :

ੳ. ਨਾਰੀ ਨਾਲ ਬੇਇਨਸਾਫ਼ੀ ਉਸ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਅਤੇ ਇਹ ਬੇਇਨਸਾਫ਼ੀ ਪੀੜ੍ਹੀ ਦਰ ਪੀੜ੍ਹੀ ਅਗਾਂਹ ਵਧ ਰਹੀ ਹੈ।

ਅ. ਉਸ ਨੂੰ ਕਦੀ ਵੀ ਜ਼ਿੰਦਗੀ ਵਿਚ ਅਨੁਕੂਲ ਹਾਲਾਤ ਪ੍ਰਾਪਤ ਨਹੀਂ ਹੁੰਦੇ ਸਗੋਂ ਉਸ ਨੂੰ ਤਾਂ ਹਮੇਸ਼ਾਂ ਹਾਲਾਤਾਂ ਅਨੁਸਾਰ ਢਲਣਾ ਜਾਂ ਸਮਝੌਤਾ ਕਰਨਾ ਪੈਂਦਾ ਹੈ।

ੲ. ਔਰਤ ਨੂੰ ਸਰੀਰ ਜਾਂ ਤਨ ਤੋਂ ਵੱਧ ਕੁਝ ਨਹੀਂ ਸਮਝਿਆ ਜਾਂਦਾ।

ਸ. ਇਸ ਅਤਿਆਚਾਰ ਜਾਂ ਅਨਾਚਾਰ ਪ੍ਰਤੀ ਨਾਰੀ ਨੂੰ ਸੁਚੇਤ ਹੋਣਾ ਚਾਹੀਦਾ ਹੈ।

ਹ. ਉਸ ਨੂੰ ਨਾਰੀ ਦੀ ਬਜਾਏ ਵਿਅਕਤੀ ਵਜੋਂ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ।

ਇਨ੍ਹਾਂ ਥੀਮਿਕ-ਬਿੰਦੂਆਂ ਵਿਚੋਂ ਵੀ ਲੇਖਿਕਾ ਦਾ ਬਲ ਨਾਰੀ ਨੂੰ ਪ੍ਰਾਪਤ ਹੁੰਦੇ ਪ੍ਰਤਿਕੂਲ ਵਾਤਾਵਰਣ, ਉਸ ਵਿਚੋਂ ਜਨਮਦੀ ਸਮਝੌਤਾਵਾਦੀ ਬਿਰਤੀ ਅਤੇ ਨਾਰੀ ਨੂੰ ਸਰੀਰ ਜਾਂ ਤਨ ਸਮਝਣ ਵਾਲੀ ਪੁਰਸ਼ ਦੀ ਇਕ ਪਾਸੜ ਅਤੇ ਉਲਾਰ ਬਿਰਤੀ ਉੱਪਰ ਵਧੇਰੇ ਹੈ। ਮਿਸਾਲ ਵਜੋਂ :

ੳ. ਇਕ ਵਾਰ ਉਹ ਚੁਪ ਕੁੜੀ
ਬਹੁਤ ਉੱਚੀ ਰੋਈ ਸੀ
ਫੇਰ ਸੁਣਿਆ ਉਹ ਅਕਸਰ ਰੋਂਦੀ ਸੀ
ਤੇ ਹੁਣ ਤਾਂ ਉਸ ਨੂੰ ਰੋਣਾ ਵੀ ਭੁਲ ਗਿਆ ਹੈ
ਹਾਲਾਤ ਕਦੀ ਵੀ ਅਨੁਕੂਲ ਨਹੀਂ ਹੁੰਦੇ
ਹਾਲਾਤ ਵਿਚ ਢਲਣਾ ਪੈਂਦਾ ਹੈ
ਹਾਂ ਕਈ ਵਾਰ ਹਾਲਾਤ ਨਾਲ
ਸਮਝੌਤਾ ਵੀ ਤਾਂ ਕਰ ਨਹੀਂ ਹੁੰਦਾ।[29]

ਅ. ਔਰਤ ਕੇਵਲ ਤਨ ਨਹੀਂ
ਸੁੰਦਰਤਮ ਚੰਦ ਉਭਾਰਾਂ ਵਾਲਾ
ਕੋਈ ਵੀ ਔਰਤ ਕੇਵਲ ਤਨ ਨਹੀਂ।[30]

ੲ, ਨਾਰੀ ਤਨ ਨੰਗਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜ ਵੀ ਨਾਰੀ ਤਨ ਦਾ
ਨੰਗੇਜ਼ ਹੀ ਉਸ ਦਾ ਅਸਤਿਤਵ ਕਿਉਂ
ਨਾਰੀ ਤਨ ਲਈ
ਕਿਸੀ ਵੀ ਸਭਿਅਤਾ
ਕਿਸੀ ਵੀ ਸੰਸਕ੍ਰਿਤੀ ਕੋਲ
ਵਸਤਰ ਕਾਫ਼ੀ ਨਹੀਂ ।[31]

ਸ. ਬੰਦਾ ਲਿੰਗ ਤੋਂ ਕੁਝ ਹੋਰ ਵੀ ਹੈ
ਨਗਨ ਯਥਾਰਥ ਬੋਧ ਕਿ ਤਨ
ਕੇਵਲ ਨਾਰੀ ਹੈ ਜਦ ਹੁੰਦਾ
ਜੀਭ ਥਥਲਾਉਂਦੀ
ਸੈਆਂ ਜਨਮ ਛਿਣ ਵਿਚ ਹੀ ਪੁਗ ਜਾਂਦੇ ਹਨ
ਸਭਿਅਤਾ ਦਾ ਇਹ ਪੜਾਅ
ਬੰਦਾ ਖੜਾ ਕਿੱਥੇ ਹੈ
ਤੁਹਾਥੋਂ ਨਿਰਣਾ ਹੁੰਦਾ ਹੈ ।[32]

ਪ੍ਰਤਿਕੂਲ ਵਾਤਾਵਰਣ ਵਿਚ ਸਮਝੌਤਾਵਾਦੀ ਬਿਰਤੀ ਨਾਲ ਭਟਕਣਾ-ਭਰਪੂਰ ਜੀਵਨ ਬਸਰ ਕਰ ਰਹੀ ਨਾਰੀ ਦੀ ਸਥਿਤੀ ਨੂੰ ਬਿਆਨ ਕਰਦੀ ਹੋਈ ਕਈ ਵਾਰ ਉਹ ਉੱਚੀ ਸੁਰ ਵਿਚ ਵੀ ਗੱਲ ਕਰਦੀ ਹੈ । ਜਿਵੇਂ :

ਚੀਣਾ ਚੀਣਾ ਹੋ ਕੇ ਸਹਿ ਜਾਣਾ
ਅਤਿਆਚਾਰ ਅਨਾਦਰ
ਅਨਾਚਾਰ ਹੈ
ਖੰਡ ਖੰਡ ਹੋ ਕੇ ਵਿਛੜ ਜਾਣਾ ਕੋਈ ਅਕਲਮੰਦੀ ਨਹੀਂ ।[33]

ਇਸ ਤਰ੍ਹਾਂ ਦੀ ਉੱਚੀ ਸੁਰ ਅਪਨਾਕੇ ਨਾਰੀ ਦੀ ਵਰਤਮਾਨ ਸੰਕਟਾਂ ਭਰਪੂਰ ਜ਼ਿੰਦਗੀ ਦਾ ਜ਼ਿਕਰ ਕਰਦੀ ਹੋਈ ਕਵਿਤਰੀ ਉਸ ਨੂੰ ਆਪਣੇ ਹੱਕਾਂ ਪ੍ਰਤਿ ਚੇਤਨ ਤੇ ਜਾਗਰੂਕ ਕਰਦੀ ਹੈ । ਉਹ ਉਨ੍ਹਾਂ ਵਰਤਮਾਨ ਸਮਾਜਕ ਮੁੱਲਾਂ ਤੇ ਉਲਾਰ ਮਾਨਵ-ਦ੍ਰਿਸ਼ਟੀ ਉੱਪਰ ਬਾਰ ਬਾਰ ਵਿਅੰਗ ਕਰਦੀ ਹੈ ਜਿਨ੍ਹਾਂ ਵਿਚੋਂ ਨਾਰੀ ਦੇ ਸਖਣੇ ਤਨ ਨੂੰ ਸਵੀਕ੍ਰਿਤੀ ਮਿਲੀ ਹੈ । ਇਸ ਤਰ੍ਹਾਂ ਮਨਜੀਤ ਪਾਲ ਦੀ ਸ਼ਾਇਰੀ ਵਿਚ ਸਿਰਜਿਤ ਨਾਰੀ ਦਾ ਸੁਪਨਾ ਨਾਰੀ ਦੀ ਥਾਵੇਂ ਇਕ ਵਿਅਕਤੀ ਵਜੋਂ ਸਵੀਕਾਰੇ ਜਾਣਾ ਹੈ ।

ਵਨੀਤਾ

ਵਨੀਤਾ ਦਾ ਪਹਿਲਾ ਕਾਵਿ ਸੰਗ੍ਰਹਿ **ਸੁਪਨਿਆਂ ਦੀ ਪਗਡੰਡੀ** ਉੱਨੀ ਸੌ ਪਚਾਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਪ੍ਰਕਾਸ਼ਿਤ ਹੋਇਆ ਅਤੇ ਦੂਸਰਾ ਕਾਵਿ ਸੰਗ੍ਰਹਿ **ਹਰੀਆਂ ਛਾਵਾਂ ਦੀ ਕਬਰ** ਉੱਨੀ ਸੌ ਉਨਾਨਵੇਂ ਵਿਚ। ਇਨ੍ਹਾਂ ਦੋਹਾਂ ਕਾਵਿ-ਸੰਗ੍ਰਹਿਆਂ ਵਿਚੋਂ ਕਵਿਤਰੀ ਦੀ ਤੀਬਰ ਨਾਰੀ-ਸੰਵੇਦਨਾ ਦੀ ਟੋਹ ਮਿਲਦੀ ਹੈ। ਉਸ ਦੀਆਂ ਕਾਵਿ-ਪੁਸਤਕਾਂ ਦੇ ਨਾਂ ਪ੍ਰਤੀਕਮਈ ਹਨ ਅਤੇ ਦੋਵੇਂ ਗੁੱਝੇ ਢੰਗ ਨਾਲ ਨਾਰੀ ਲਈ ਅਣਸੁਖਾਵੇਂ ਤੇ ਪ੍ਰਤਿਕੂਲ ਵਾਤਾਵਰਣ ਪ੍ਰਤਿ ਸੰਕੇਤ ਆਪਣੇ ਅੰਦਰ ਸਮੋਈ ਬੈਠੇ ਪ੍ਰਤੀਤ ਹੁੰਦੇ ਹਨ। ਨਾਰੀ ਦੀ ਸੁਪਨਿਆਂ ਦੀ ਪਗਡੰਡੀ ਉੱਪਰ ਤੁਰਨ ਦੀ ਲੋਚਾ ਪ੍ਰਾਪਤ ਮੁੱਲਾਂ ਪ੍ਰਤਿ ਉਸ ਦੀ ਅਸੰਤੁਸ਼ਟੀ ਦੀ ਪ੍ਰਤੀਕ ਵੀ ਹੈ ਅਤੇ ਨਵੇਂ ਤੇ ਅਨੁਕੂਲ ਮੁੱਲ ਸਿਰਜਣ ਦੀ ਲੋਚਾ ਦੀ ਵੀ। **ਹਰੀਆਂ ਛਾਵਾਂ ਦੀ ਕਬਰ** ਵੀ ਨਾਰੀ ਦੀ ਵਿਰੋਧਾਭਾਸੀ ਸਥਿਤੀ ਨੂੰ ਆਪਣੇ ਘੇਰੇ ਵਿਚ ਲਿਆਉਂਦੀ ਹੈ। "ਹਰੀਆਂ ਛਾਵਾਂ" ਪ੍ਰਾਪਤ ਪਦਾਰਥਕ ਸਹੂਲਤਾਂ ਦੀਆਂ ਪ੍ਰਤੀਕ ਹਨ ਪਰੰਤੂ ਇਸ ਐਸ਼ ਆਰਾਮ ਨੂੰ ਉਹ "ਕਬਰ" ਨਾਲ ਤੁਲਨਾਉਂਦੀ ਹੈ। ਕਬਰ ਨਾਲ ਇਸ ਲਈ ਕਿਉਂਕਿ ਇਹ ਸਭ ਕੁਝ ਨਾਰੀ ਦੀ ਇੱਛਾ ਜਾਂ ਮਰਜ਼ੀ ਦੀ ਬਜਾਏ ਉਸ ਦੀ ਮਜਬੂਰੀ ਉੱਪਰ ਉਸਰਿਆ ਹੁੰਦਾ ਹੈ। ਇਕ ਢੰਗ ਨਾਲ ਉਹ ਸਾਡੀ ਵਿਆਹ-ਪ੍ਰਣਾਲੀ ਨੂੰ ਆਪਣੇ ਵਿਅੰਗ ਦਾ ਵਿਸ਼ਾ ਬਣਾਉਂਦੀ ਹੈ।

ਵਨੀਤਾ ਆਪਣੀ ਸ਼ਾਇਰੀ ਵਿਚ ਦਿਸਦੇ ਯਥਾਰਥ ਦੀ ਕਰੂਰਤਾ, ਕਠੋਰਤਾ ਅਤੇ ਉਸ ਵਿਚੋਂ ਪੈਦਾ ਹੋਣ ਵਾਲੀ ਪੀੜਾ, ਚੁਭਨ ਤੇ ਤਨਾਉ ਨੂੰ ਪੇਸ਼ ਕਰਦੀ ਹੈ। ਇਸ ਸਭ ਕੁਝ ਦਾ ਸੰਦਰਭ ਵਧੇਰੇ ਕਰਕੇ ਨਾਰੀ ਹੀ ਰਹਿੰਦਾ ਹੈ। ਡਾ. ਬਲਜੀਤ ਕੌਰ ਨੇ ਇਸ ਨੂੰ ਵੇਦਨਾ ਤੇ ਵਿਸ਼ਾਦ ਦਾ ਅਹਿਸਾਸ ਕਹਿੰਦੇ ਹੋਏ ਬੜੀ ਢੁਕਵੀਂ ਟਿੱਪਣੀ ਪੇਸ਼ ਕੀਤੀ ਹੈ :

> ਵੇਦਨਾ ਤੇ ਵਿਸ਼ਾਦ ਦਾ ਅਹਿਸਾਸ ਸਾਡੇ ਸਮਾਜ ਵਿਚ ਵਿਚਰ ਰਹੀ ਚੇਤਨ ਤੇ ਸੰਵੇਦਨਸ਼ੀਲ ਔਰਤ ਦੀ ਹੋਣੀ ਹੈ, ਜਿਸ ਨਾਲ ਉਸ ਨੂੰ ਆਪਣੇ ਜੀਵਨ ਰਾਹ ਦੇ ਹਰ ਕਦਮ ਉੱਤੇ ਦੋ ਚਾਰ ਹੋਣਾ ਪੈਂਦਾ ਹੈ। ਆਪਣੀ ਸੁਭਾਵਿਕ ਢਲਣਸ਼ੀਲਤਾ ਅਤੇ ਜਰਨਸ਼ੀਲਤਾ ਵੱਸ ਉਹ ਇਸ ਨੂੰ ਜਰਦੀ ਤਾਂ ਹੈ, ਪਰ ਅਮਲ ਵਿਚ ਉਹ ਅੰਦਰ ਹੀ ਅੰਦਰ ਤਿਲ ਤਿਲ ਭੁਰਦੀ ਤੇ ਖੁਰਦੀ ਰਹਿੰਦੀ ਹੈ। ਉਸ ਦੇ ਅੰਦਰ ਦੀ ਚੀਖਾਹਟ ਉਸ ਦੇ ਆਪਣੇ ਕੰਨਾਂ ਦੀ ਵਲਗਣ ਤੋਂ ਬਾਹਰ ਨਹੀਂ ਜਾਂਦੀ।[34]

ਵਨੀਤਾ ਨੇ ਭਾਵੇਂ ਨਾਰੀ ਦੀ ਜਨਮ ਜਨਮ ਤੋਂ ਸਰਾਪੀ ਹੋਂਦ ਬਾਰੇ ਵੀ ਕਵਿਤਾਵਾਂ ਲਿਖੀਆਂ ਹਨ ਪਰੰਤੂ ਉਸ ਦਾ ਪ੍ਰਮੁੱਖ ਬਲ ਅਣਚਾਹੇ ਵਿਆਹ ਤੇ ਉਸ ਪਿਛੋਂ ਪੈਦਾ ਹੋਈ ਵਿਸ਼ਾਦ ਭਰਪੂਰ ਸਥਿਤੀ ਉੱਪਰ ਵਧੇਰੇ ਹੈ। ਮਰਜ਼ੀ ਦੀ ਬਜਾਏ ਮਜਬੂਰੀ ਦੀ ਬੁਨਿਆਦ ਉੱਪਰ ਉਸਰੇ ਵਿਆਹ-ਪ੍ਰਬੰਧ ਉੱਪਰ ਟਿੱਪਣੀ ਕਰਦੀ ਹੋਈ ਉਹ "ਵਿਆਹ" ਕਵਿਤਾ ਵਿਚ ਲਿਖਦੀ ਹੈ।

ਇਸ਼ਕ ਦਾ ਅਭਿਮੰਨਯੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੱਕਰਵਿਊ ਵਿਚ ਘੁੰਮਦਾ ਰਿਹਾ
ਵਿਆਹਮ ਨੂੰ ਤੋਂ ਪਹਿਰੇਦਾਰੀਆਂ ਪਾਲਦਾ ਰਿਹਾ
ਲਾਸ਼ਾਂ ਦਾ ਜੋੜਾ
ਬੰਦ ਕਮਰਿਆਂ 'ਚ ਠਰਦਾ ਰਿਹਾ ।[35]

ਮਜਬੂਰੀ ਵਿਚ ਦੱਬ-ਘੁੱਟ ਕੇ ਬਸਰ ਕੀਤੇ ਜਾ ਰਹੇ ਜੀਵਨ ਵਿਚੋਂ ਢਲਣਸ਼ੀਲਤਾ ਤੇ ਜਰਨਸ਼ੀਲਤਾ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਇਸ ਅਵਸਥਾ ਵਿਚ ਪੁਰਸ਼ ਵਲੋਂ ਉਸ ਪ੍ਰਤਿ ਜਦੋਂ ਕਦੇ ਵੀ ਬੇਵਿਸ਼ਵਾਸੀ ਦੀ ਭਾਵਨਾ ਪ੍ਰਗਟਾਈ ਜਾਂਦੀ ਹੈ ਤਾਂ ਔਰਤ ਕਦੇ ਵੀ ਉਸ ਦੀ ਸਫ਼ਾਈ ਪੇਸ਼ ਨਹੀਂ ਕਰਦੀ। ਬੇਵਿਸ਼ਵਾਸੀ ਦੀ ਅਵਸਥਾ ਵਿਚ ਉਹ ਆਪ ਨਿਰੰਤਰ ਖੁਰਦੀ ਹੈ, ਉਸ ਦੀ ਹੋਂਦ ਨਿਰੰਤਰ ਚੀਣਾ ਚੀਣਾ ਹੁੰਦੀ ਹੈ। ਕੁਝ ਇਸੇ ਕਿਸਮ ਦੀ ਅਵਸਥਾ ਨੂੰ ਵਨੀਤਾ ਨੇ ਆਪਣੀ ਕਵਿਤਾ "ਵਹਿਮ ਦਾ ਪਰਛਾਵਾਂ" ਵਿਚ ਪਕੜਣ ਦਾ ਯਤਨ ਕੀਤਾ ਹੈ :

ਤੇਰੇ ਵਹਿਮ ਦੇ ਪਰਛਾਵੇਂ ਨੇ
ਮੇਰੇ ਅਸਤਿਤਵ ਦੇ ਸ਼ੀਸ਼ੇ ਨੂੰ
ਚਕਨਾਚੂਰ ਕੀਤਾ
ਤੇ ਉਸ ਦੀਆ ਕੰਕਰਾਂ
ਮੇਤੀ ਹੋਂਦ ਦੇ ਕੂਲੇ ਮਾਸ ਵਿਚ ਖੁਭ ਕੇ
ਮੇਰੀ ਹੋਂਦ ਨੂੰ ਲਹੂ ਲੁਹਾਨ ਕਰ ਰਹੀਆਂ
ਪਰ.....
ਲਹੂ ਵਗਦਾ ਨਹੀਂ
ਸਿਰਫ਼ ਸਿੰਮਦਾ ਹੈ ।[36]

ਵਨੀਤਾ ਦੀਆਂ ਨਜ਼ਮਾਂ ਵਿਚ ਕੁਝ ਥਾਵਾਂ ਉੱਪਰ ਨਾਰੀ ਆਪਣੇ ਹੀ ਅੰਦਰ ਝਾਕਦੀ ਹੋਈ ਕਈ ਪ੍ਰਸ਼ਨਾਂ ਦੇ ਰੂਬਰੂ ਹੁੰਦੀ ਤੇ ਰਿਸ਼ਤਿਆਂ ਦੀ ਅਰਥਹੀਨਤਾ ਦਾ ਅਨੁਭਵ ਕਰਦੀ ਹੈ, ਕਿਧਰੇ ਇਨ੍ਹਾਂ ਸਭਿਆਚਾਰਕ ਰਿਸ਼ਤਿਆਂ ਵਿਚੋਂ ਉਸ ਨੂੰ ਓਪਰੇਪਨ ਜਾਂ ਬਨਾਵਟ ਦੀ ਝਲਕ ਪੈਂਦੀ ਹੈ ਅਤੇ ਕਿਧਰੇ ਉਹ ਇਕੱਲ ਤੇ ਭਟਕਣ ਦੇ ਡੂੰਘੇ ਸਾਗਰ ਵਿਚ ਗਰਕ ਹੋਈ ਦਿਖਾਈ ਦੇਂਦੀ ਹੈ। ਇਨ੍ਹਾਂ ਕਵਿਤਾਵਾਂ ਵਿਚਲਾ ਪ੍ਰਪੁੱਖ ਤਨਾਉ ਤਾਂ ਆਰਥਿਕ ਖੁਸ਼ਹਾਲੀ ਤੇ ਜ਼ਿਹਨੀ ਅਸੰਤੁਸ਼ਟੀ ਦਾ ਹੀ ਹੈ ਪਰੰਤੂ ਕਈ ਥਾਵਾਂ ਉੱਪਰ ਲੇਖਿਕਾ ਨੇ ਅਜੋਕੇ ਪੁਰਸ਼-ਪ੍ਰਧਾਨ ਸਮਾਜ ਵਿਚ ਨਾਰੀ ਲਈ ਅਸੁਰੱਖਿਅਤ ਤੇ ਅਣਸੁਖਾਵੇਂ ਮਾਹੌਲ ਸੰਬੰਧੀ ਵੀ ਨਜ਼ਮਾਂ ਲਿਖੀਆਂ ਹਨ। ਮਿਸਾਲ ਵਜੋਂ "ਸੜਕਾਂ" ਕਵਿਤਾ ਨੂੰ ਦੇਖਿਆ ਜਾ ਸਕਦਾ ਹੈ :

ਸ਼ਹਿਰ ਤਾਂ ਇਨ੍ਹਾਂ ਚੀਤਿਆਂ ਦਾ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਰਿਆ ਪਿਆ ਹੈ ।

ਕੁਝ ਚੀਤੇ ਕੱਲ-ਮੁਕੱਲੀ ਔਰਤ ਦਾ
ਖੂਨ ਪੀਂਦੇ ਤੇ ਮਾਸ ਨੋਚਦੇ ਨੇ ।
ਓਹਨਾਂ ਦੀਆਂ ਲੋਥਾਂ ਤੇ
ਅਜੇ ਵੀ ਪੰਜਿਆਂ ਦੇ ਨਿਸ਼ਾਨ ਬਾਕੀ ਨੇ ।[37]

ਹਰੀਆਂ ਛਾਵਾਂ ਦੀ ਕਬਰ ਪੁਸਤਕ ਵਿਚਲਾ ਪ੍ਰਮੁੱਖ ਤਨਾਉ ਵੀ ਪਦਾਰਥਕ ਖੁਸ਼ਹਾਲੀ ਤੇ ਮਾਨਸਿਕ ਅਸੰਤੁਸ਼ਟੀ ਵਿਚੋਂ ਹੀ ਆਪਣੀ ਹੋਂਦ ਗ੍ਰਹਿਣ ਕਰਦਾ ਹੈ । ਇਨ੍ਹਾਂ ਕਵਿਤਾਵਾਂ ਵਿਚ ਵੀ ਨਾਰੀ ਦੇ ਕਿਸੇ ਅਣਚਾਹੇ ਮਰਦ ਨਾਲ ਵਿਆਹ ਸੰਬੰਧਾਂ ਵਿਚ ਨਰੜੇ ਜਾਣ ਪਿਛੋਂ ਪੈਦਾ ਹੋਈ ਸੁੰਞ ਤੇ ਆਤਮ-ਗਿਲਾਨੀ ਦੀਆਂ ਭਾਵਨਾਵਾਂ ਨੂੰ ਅਭਿਵਿਅਕਤੀ ਪ੍ਰਾਪਤ ਹੋਈ ਹੈ । ਕਈ ਥਾਵਾਂ ਉੱਪਰ ਤਾਂ ਉਸਨੂੰ ਇਹ ਸਭ ਢੋਂਗ ਤੋਂ ਵੱਧ ਕੁਝ ਵੀ ਪ੍ਰਤੀਤ ਨਹੀਂ ਹੁੰਦਾ ਤੇ ਇਸ ਨੂੰ ਉਹ ਨਾਰੀ ਦੀ ਹੋਂਦ-ਸਥਿਤੀ ਦੇ ਪ੍ਰਗਟਾਵੇ ਲਈ ਕਈ ਕਵਿਤਾਵਾਂ ਵਿਚ ਆਪਣੇ ਤਿੱਖੇ ਵਿਅੰਗ ਦਾ ਵਿਸ਼ਾ ਵੀ ਬਣਾਉਂਦੀ ਹੈ । ਜਿਵੇਂ ਕਿ "ਚੈੱਕ" ਕਵਿਤਾ ਦੀਆਂ ਨਿਮਨ-ਅੰਕਿਤ ਪੰਗਤੀਆਂ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ :

ਮੈਨੂੰ ਲੱਗਾ ਮੈਂ ਕੈਸਾ ਚੈੱਕ ਹਾਂ
ਮਾਪਿਆਂ ਨੇ ਸਾਈਨ ਕੀਤਾ
ਤੇ ਸਹੁਰਿਆਂ ਨੇ ਕੈਸ਼ ਕਰਵਾ ਲਿਆ
ਇਕ ਦਾ ਭਾਰ
ਦੂਜੇ ਦੀ ਅਮਾਨਤ
ਉਨ੍ਹਾਂ ਦਾ ਕੀਮਤੀ ਸੰਦੂਕ
ਤੇ ਮੇਰਾ ਵਜੂਦ ਕਾਗਜ਼ ਵਾਂਗ
ਹਸਤਾਖਰ ਹੋ ਕੇ ਰਸੀਦ ਹੋ ਗਿਆ ।[38]

ਵਨੀਤਾ ਕਿਧਰੇ ਵਸਤੂ-ਸਥਿਤੀ ਦਾ ਬੌਧਿਕ ਵਿਸ਼ਲੇਸ਼ਣ ਕਰਦੀ ਹੈ ਤੇ ਕਿਧਰੇ ਉਸ ਸੰਬੰਧੀ ਭਾਵੁਕ ਤੇ ਵੇਦਨਾ-ਭਰਪੂਰ ਟਿੱਪਣੀਆਂ ਉਚਾਰਦੀ ਹੈ । ਉਸ ਵਲੋਂ ਸਿਰਜਿਤ ਨਾਰੀ ਨਾਰੀ ਹੋਣ ਦਾ ਜਸ਼ਨ ਨਹੀਂ ਮਨਾਉਂਦੀ ਸਗੋਂ ਗਲਤ ਸਮਾਜਕ ਕੀਮਤਾਂ ਦਾ ਸੰਤਾਪ ਭੋਗਦੀ ਹੈ । ਪਿਆਰ ਦੀ ਬੁਨਿਆਦ ਤੋਂ ਸੱਖਣੇ ਪਤੀ ਦੇ ਵਿਹੜੇ ਨੂੰ ਉਹ ਪਿੰਜਰੇ ਸਮਾਨ ਦਸਦੀ ਹੈ, ਜਿਸ ਵਿਚ ਨਾਰੀ ਜਿਊਂਦੀ ਨਹੀਂ, ਬੱਸ ਐਵੇਂ ਹੀ ਗੁਜ਼ਰ-ਬਸਰ ਕਰਦੀ ਹੈ । ਅਜਿਹੇ ਸੰਬੰਧਾਂ ਵਿਚ ਬਹੁਤਾ ਕੁਝ ਸਮਝੌਤੇ ਤੇ ਮਜਬੂਰੀ ਉੱਪਰ ਟਿੱਕਿਆ ਹੁੰਦਾ ਹੈ :

ਇਹ ਤੇਰਾ ਮੇਰਾ ਸਾਥ ਨਹੀਂ
ਮਜਬੂਰੀ ਹੈ ਵਕਤ ਦੀ
ਇਹ ਮੇਰੇ ਮਨ ਦੇ ਜਜ਼ਬੇ ਦੀ ਤਰਲਤਾ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਝੌਤਾ ਹੈ ਹਾਲਾਤ ਦਾ
ਪੜ੍ਹ ਸਕਦੀ ਹਾਂ ਸਿਰਫ ਤੇਰੀਆਂ ਅੱਖਾਂ 'ਚ
ਨਫਰਤ ਦਾ ਜ਼ਹਿਰ
ਜਾਣਦੀ ਹਾਂ ਤੇਰੇ ਮਿੱਠੇ ਬੋਲਾਂ ਦੀ ਮਿਠਾਸ ਵਿਚ
ਛੁਪਿਆ ਡੰਗ
ਫਿਰ ਵੀ ਤੇਰਾ ਮੇਰਾ ਇਹ ਸਾਥ
ਮੇਰੇ ਮਨ ਦੇ ਜਜ਼ਬਿਆਂ ਦੀ ਤਰਲਤਾ ਨਹੀਂ ।[39]

ਵਨੀਤਾ ਜਿਥੇ ਆਪਣੀ ਪਹਿਲੀ ਪੁਸਤਕ ਵਿਚ ਪ੍ਰਮਾਣਕ ਰਿਸ਼ਤਿਆਂ ਦੀ ਤਲਾਸ਼ ਕਰਦੀ, ਆਪਣੀ ਹੋਂਦ ਅਤੇ ਰਿਸ਼ਤਿਆਂ ਦੀ ਸਚਾਈ ਉੱਪਰ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। "ਕੌਣ ਹਾਂ" ਉਥੇ ਉਹ ਘਰ ਵਿਚਲੀ ਦਿੱਸਦੀ ਪਦਾਰਥਕ ਖੁਸ਼ਹਾਲੀ ਰਾਹੀਂ ਘਰ ਅੰਦਰਲੇ ਘਰ ਅਰਥਾਤ ਮਨ ਦੀ ਵੀਰਾਨੀ ਤੇ ਬੇਅਬਾਦੀ ਉਤੋਂ ਵੀ ਪਰਦਾ ਹਟਾਉਂਦੀ ਹੈ। ਇੰਜ ਨਾਰੀ ਦੀ ਦਿਸਦੀ ਖੁਸ਼ਹਾਲੀ ਤੇ ਆਬਾਦੀ ਪਿੱਛੇ ਲੁਕੀ ਉਸ ਦੀ ਬਰਬਾਦੀ ਤੇ ਬਦਹਾਲੀ ਨੂੰ ਉਹ ਅਸਲੋਂ ਵਿਰੋਧੀ ਸਥਿਤੀਆਂ ਦੇ ਅੱਗੇ ਪਿੱਛੇ ਰੱਖ ਕੇ ਚਿਤਰਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਸਿਰਜਿਤ ਨਾਰੀ ਅੰਦਰ ਵੀ ਇਕ ਸੁਪਨਾ ਜਾਂ ਖਾਹਿਸ਼ ਸਾਹ ਲੈਂਦੀ ਦੇਖੀ ਜਾ ਸਕਦੀ ਹੈ ਜਿਹੜੀ ਜ਼ਿੰਦਗੀ ਦੇ ਕੁਝ ਪਲਾਂ ਨੂੰ ਆਪਣੀ ਮਰਜ਼ੀ ਤੇ ਇੱਛਾ ਅਨੁਸਾਰ ਜਿਊਣਾ ਲੋਚਦੀ ਹੈ। ਪਰੰਤੂ ਉਹ ਸੰਸਕਾਰਾਂ ਦੀਆਂ ਸਲਾਖਾਂ ਵਿਚ ਏਨੀ ਬੁਰੀ ਤਰ੍ਹਾਂ ਜਕੜੀ ਹੋਈ ਹੈ ਕਿ ਉਸ ਨੂੰ ਬਾਹਰ ਦੇ ਆਜ਼ਾਦ ਮਾਹੌਲ ਤੇ ਪ੍ਰਕਿਰਤਕ ਖੁਲ੍ਹ ਦਾ ਅਹਿਸਾਸ ਤਾਂ ਹੁੰਦਾ ਹੈ, ਅੰਦਰ ਬਾਗੀ ਤੇ ਵਿਦਰੋਹੀ ਖਿਆਲ ਪੈਦਾ ਵੀ ਹੁੰਦੇ ਹਨ ਪਰ "ਸੰਸਕਾਰਾਂ ਦੀਆਂ ਸਲਾਖਾਂ" ਦੀ ਮਜਬੂਤੀ ਅੱਗੇ ਉਸ ਦੀ ਕੋਈ ਪੇਸ਼ ਨਹੀਂ ਜਾਂਦੀ :

ਇਕ ਬਹੁਤ ਵੱਡਾ ਘਰ
ਜਿਵੇਂ ਜੇਲ ਘਰ ਵਿਚ ਇਕ ਕੋਠੜੀ
ਕੋਠੜੀ ਵਿਚ ਮੈਂ
ਅਤੇ ਮੇਰੀ "ਮੈਂ" ਵਿਚ ਮੇਰੇ ਬਾਗੀ ਖਿਆਲ
... .
ਮੇਰੇ ਖੰਭਾਂ ਵਿਚ ਫਰਕਦੀ ਉਡਾਣ
ਕੁਤਰ ਦਿੱਤੀ ਜਾਂਦੀ ਸੰਸਕਾਰਾਂ ਦੀ ਕੈਂਚੀ ਨਾਲ ।[40]

ਸੰਸਕਾਰਾਂ ਦੀਆਂ ਸਲਾਖਾਂ ਵਿਚ ਜਕੜੀ ਇਹ ਨਾਰੀ ਚੇਤਨ ਵੀ ਹੈ, ਹੋਂਦ ਦੇ ਇਸ ਸੰਕਟ ਵਿਚੋਂ ਬਾਹਰ ਨਿਕਲਣ ਲਈ ਦ੍ਰਿੜ ਇਰਾਦਾ ਵੀ ਰੱਖਦੀ ਹੈ ਅਤੇ ਉਸ ਅੰਦਰ "ਚੁੰਝ ਨਾਲ ਇਕ ਸੂਹਾ ਖ਼ਾਬ ਆਪਣੀ ਤਲੀ ਉੱਤੇ ਚੁੱਕਣ" ਦੀ ਲੋਚਾ ਵੀ ਹੈ। ਇੰਜ ਇਹ ਸਿਰਜਿਤ ਨਾਰੀ ਚੇਤਨ ਤੇ ਆਸ਼ਾਵਾਦੀ ਅਵਸਥਾ ਵਿਚ ਵਿਚਰਦੀ ਪ੍ਰਤੀਤ ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ. ਪਾਲ ਕੌਰ

ਡਾ. ਪਾਲ ਕੌਰ ਰਚਿਤ ਕਾਵਿ-ਸੰਗ੍ਰਹਿ **ਖਲਾਅਵਾਸੀ** ਨਾਰੀ ਸੰਵੇਦਨਾ ਦੇ ਦ੍ਰਿਸ਼ਟੀਕੋਣ ਇਕ ਮਹੱਤਵਪੂਰਣ ਰਚਨਾ ਹੈ ਕਿਉਂਕਿ ਇਹ ਵੀ ਨਾਰੀ ਦੇ ਵਰਤਮਾਨ ਸਭਿਆਚਾਰਕ ਰਿਸ਼ਤਿਆਂ ਨਾਲ ਅੰਤਰਕਿਰਿਆ ਵਿਚ ਆਉਣ ਪਿੱਛੋਂ ਪੈਦਾ ਹੋਣ ਵਾਲੇ ਤਨਾਉ ਨੂੰ ਚਿਤਰਦੀ ਹੈ। ਇਸ ਸੰਗ੍ਰਹਿ ਵਿਚਲੀਆਂ ਬਹੁਤੀਆਂ ਕਵਿਤਾਵਾਂ ਇਸੇ ਥੀਮ ਨੂੰ ਸਮਰਪਿਤ ਹਨ। ਇਸ ਪ੍ਰਸੰਗ ਵਿਚ ਵਿਸ਼ੇਸ਼ ਰੂਪ ਵਿਚ ਜ਼ਿਕਰਯੋਗ ਕਵਿਤਾਵਾਂ ਹਨ : "ਪੈੜ ਵਿਹੂਣੀ ਸੱਸੀ", "ਗੁਨਾਹਗਾਰ", "ਮੈਂ ਤੇ ਮੈਂ", "ਬੇਮੁਕਤ ਭਟਕਣ", "ਮੇਰਾ ਕਮਰਾ", "ਸਿਫਰ", "ਕੰਧ ਵਿਚ ਠੁਕੀ ਪੋਟਰੇਟ", "ਸੰਤਾਪ", "ਉਲਾਂਭਾ ਦਰ ਉਲਾਂਭਾ", "ਆਖਿਰ ਤਾਂ", "ਅਣਜੰਮੀ ਮਾਂ", "ਆਪਣੀਆਂ ਲਾਸਾਂ ਆਪਣੇ ਨਾਂ", "ਬੋਹੜ", "ਖਾਰੂਦ ਦੀ ਖਾਮੋਸ਼ੀ ਤਕ" ਅਤੇ "ਪਾਰਾ ਪਾਰਾ" ਆਦਿ। ਲੇਖਿਕਾ ਦਾ ਪ੍ਰਮੁੱਖ ਬਲ ਨਾਰੀ ਦੇ ਵਿਸ਼ਾਦ ਤੇ ਦੁਖਾਂਤ ਉੱਪਰ ਹੈ ਅਤੇ ਇਸ ਸਭ ਕੁਝ ਦਾ ਕਾਰਣ ਐਸਾ ਸਮਾਜ ਹੈ ਜੋ ਨਾਰੀ ਦੇ ਪ੍ਰਸੰਗ ਵਿਚ ਵਿਤਕਰਿਆਂ ਭਰਪੂਰ ਹੈ। ਇਨ੍ਹਾਂ ਕਵਿਤਾਵਾਂ ਵਿਚ ਪੇਸ਼ ਨਾਰੀ ਸਭਿਆਚਾਰਕ ਰਿਸ਼ਤਿਆਂ, ਮੁੱਲਾਂ, ਪਰੰਪਰਾਵਾਂ ਅਤੇ ਪੁਰਸ਼-ਪ੍ਰਧਾਨ ਸਮਾਜ ਦੇ ਜ਼ੁਲਮਾਂ ਨੂੰ ਨਾ ਸਿਰਫ਼ ਅਪ੍ਰਵਾਨ ਹੀ ਕਰਦੀ ਹੈ ਬਲਕਿ ਉਨ੍ਹਾਂ ਦਾ ਖੁਲ੍ਹੇਆਮ ਵਿਰੋਧ ਵੀ ਕਰਦੀ ਹੈ। ਆਪਣੇ ਵਿਦਰੋਹੀ ਤੇ ਸੰਦੇਹਸ਼ੀਲ ਸੁਭਾਅ ਸਦਕਾ ਉਹ ਆਪਣੇ ਆਲੇ ਦੁਆਲੇ ਤੋਂ ਟੁੱਟ ਜਾਂਦੀ ਹੈ।

ਡਾ. ਪਾਲ ਕੌਰ ਨੇ ਨਾਰੀ ਦੇ ਦੁੱਖ, ਸੰਤਾਪ, ਵਿਸ਼ਾਦ ਅਤੇ ਤਨਾਉ ਨੂੰ ਇਕ ਨਾ ਟਾਲੀ ਜਾਣ ਵਾਲੀ ਹੋਣੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਹੋਣੀ ਦੇ ਵਾਪਰਨ ਦੇ ਕਾਰਣ ਦੈਵੀ ਨਹੀਂ ਸਗੋਂ ਸਭਿਆਚਾਰਕ ਹਨ। ਉਸ ਵਲੋਂ ਸਿਰਜਿਤ ਨਾਰੀ ਇਸ ਸਭ ਕੁਝ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ ਪਰੰਤੂ ਸਭਿਆਚਾਰਕ ਕੀਮਤਾਂ ਦੀ ਪਕੜ ਤੇ ਜਕੜ ਏਨੀ ਮਜ਼ਬੂਤ ਹੈ ਕਿ ਉਹ ਇਨ੍ਹਾਂ ਤੋਂ ਆਜ਼ਾਦ ਨਹੀਂ ਹੋ ਸਕਦੀ। ਇੰਜ ਸਭਿਆਚਾਰਕ ਕੀਮਤਾਂ ਦੀ ਪਕੜ ਤੇ ਜਕੜ ਵਿਚ ਤਨਾਉ ਤੇ ਦੁਖਾਂਤ ਭੋਗ ਰਹੀ ਨਾਰੀ ਦੇ ਜੀਵਨ ਦੇ ਵਿਭਿੰਨ ਪਹਿਲੂ ਉਸ ਦੇ ਕਾਵਿ ਵਿਚ ਵੱਖ ਵੱਖ ਰੂਪਾਂ ਵਿਚ ਸਾਮ੍ਹਣੇ ਆਉਂਦੇ ਹਨ। ਇਹ ਪਹਿਲੂ ਇਸ ਪ੍ਰਕਾਰ ਹਨ :

ੳ. ਪ੍ਰਚਲਿਤ ਸਾਂਸਕ੍ਰਿਤਕ ਮੁੱਲਾਂ ਅਨੁਸਾਰ ਨਾਰੀ ਨੂੰ ਜੀਊਣ ਦਾ ਹੀ ਹੱਕ ਨਹੀਂ ਕਿਉਂਕਿ ਉਸ ਦੇ ਵਿਅਕਤਿਤਵ ਦੇ ਕਿਸੇ ਵੀ ਪਹਿਲੂ ਨੂੰ ਸਮਾਜ ਸੁਖਾਵੀਂ ਨਜ਼ਰ ਨਾਲ ਨਹੀਂ ਵੇਖਦਾ। ਇਸ ਲਈ ਉਸਦਾ ਨਾਰੀ ਹੋਣਾ ਹੀ ਉਸ ਨੂੰ ਆਪਣੇ ਸਭ ਦੁੱਖਾਂ ਦਾ ਕਾਰਣ ਪ੍ਰਤੀਤ ਹੁੰਦਾ ਹੈ।

ਅ. ਉਸ ਤੋਂ ਘਰ/ਪਰਿਵਾਰ/ਸਮਾਜ ਵਿਚ ਹਰ ਸ਼ੈਅ ਨੂੰ ਪਰਦੇ ਵਿਚ ਰੱਖਣ ਜਾਂ ਲੁਕਾਉਣ ਦੀ ਤਵੱਕੋ ਵੀ ਕੀਤੀ ਜਾਂਦੀ ਹੈ ਅਤੇ ਇਸ ਲਈ ਬਹੁਤੀ ਵਾਰ ਉਸ ਨੂੰ ਮਜਬੂਰ ਕੀਤਾ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੲ. ਸਮਾਜ ਵਿਚ ਰਹਿੰਦਿਆਂ ਨਾਰੀ ਨੂੰ ਓਪਰੇਪਨ ਤੇ ਇਕੱਲਤਾ ਦਾ ਤੀਬਰ ਅਹਿਸਾਸ ਹੁੰਦਾ ਹੈ। ਇਸ ਸੰਤਾਪ ਨੂੰ ਭੋਗ ਰਹੀ ਉਹ ਆਪਣੇ ਆਪ ਨੂੰ ਖਲਾਅਵਾਸੀ ਅਨੁਭਵ ਕਰਦੀ ਹੈ।

ਸ. ਇਹ ਇਕੱਲ ਉਸ ਦੀ ਸ੍ਵੈ-ਇੱਛਾ ਵਿਚੋਂ ਨਹੀਂ ਨਿਕਲਦੀ ਉਸ ਉੱਪਰ ਜਬਰੀ ਠੋਸੀ ਜਾਂਦੀ ਹੈ, ਇਸ ਲਈ ਇਸ ਵਿਚ ਪੀੜਾ ਤੇ ਵਿਦਰੋਹ ਦੇ ਤੱਤ ਸਮੋਏ ਹੁੰਦੇ ਹਨ।

ਹ. ਔਰਤ ਘਰ ਬਣਾਉਂਦੀ ਹੈ ਪਰੰਤੂ ਉਸ ਵਿਚੋਂ ਹੀ ਉਸ ਨੂੰ ਅਪਣੱਤ ਦੀ ਮਹਿਕ ਨਹੀਂ ਆਉਂਦੀ। ਘਰ ਦੀ ਨਿਰਮਾਤਾ ਹੋਣ ਦੇ ਬਾਵਜੂਦ ਉਹ ਆਪਣੇ ਆਪ ਨੂੰ ਬੇਘਰ ਮਹਿਸੂਸ ਕਰਦੀ ਹੈ।

ਕ. ਨਾਰੀ ਨਾਲ ਬਚਪਨ ਤੋਂ ਹੀ ਵਿਤਕਰਾ ਸ਼ੁਰੂ ਹੋ ਜਾਂਦਾ ਹੈ। ਉਸ ਦੇ ਜਨਮ ਮਰਨ ਨੂੰ ਖਬਲ ਦੇ ਉੱਗਣ ਨਾਲ ਤੁਲਨਾ ਦਿੱਤੀ ਗਈ ਹੈ, ਜਿਸ ਨੂੰ ਮਾਲੀ ਜਨਮ ਸਮੇਂ ਹੀ ਪੁੱਟ ਦੇਣ ਦਾ ਇੱਛੁਕ ਹੁੰਦਾ ਹੈ। ਵਿਤਕਰਿਆਂ ਦਾ ਸਫਰ ਉਸ ਦੇ ਜਨਮ ਸਮੇਂ ਤੋਂ ਆਰੰਭ ਹੋ ਕੇ ਉਸ ਦੇ ਸਮੁੱਚੇ ਜੀਵਨ ਦੇ ਆਰ ਪਾਰ ਫੈਲ ਜਾਂਦਾ ਹੈ।

ਡਾ. ਪਾਲ ਕੌਰ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਵੀ ਹੈ ਕਿ ਉਹ ਨਾਰੀ ਦੇ ਸੰਤਾਪ ਤੇ ਹੋਣੀ ਨੂੰ ਇਤਿਹਾਸਕ ਪਰਿਪੇਖ ਵਿਚ ਪ੍ਰਸਤੁਤ ਕਰਦੀ ਹੈ। ਇਸ ਇਤਿਹਾਸਕ ਪਰਿਪੇਖ ਦੀ ਪੇਸ਼ਕਾਰੀ ਰਾਹੀਂ ਉਹ ਸਮੁੱਚੇ ਸਭਿਆਚਾਰਕ ਪ੍ਰਬੰਧ ਦੀ ਪਛਾਣ ਵੱਲ ਰੁਚਿਤ ਹੈ। ਉਸ ਨੂੰ ਆਪਣੇ ਦੁਖਾਂਤ ਦੇ ਬੀਜ ਆਪਣੇ ਵਿਰਸੇ ਵਿਚ ਚਿਰਾਂ ਤੋਂ ਪ੍ਰਚਲਿਤ ਗਲਤ ਕੀਮਤਾਂ ਵਿਚੋਂ ਲੱਭਦੇ ਹਨ। ਅਤੀਤ ਤੋਂ ਲੈ ਕੇ ਵਰਤਮਾਨ ਅਤੇ ਅੱਗੋਂ ਭਵਿੱਖ ਵਿਚ ਸਰਕਣ ਲਈ ਤਤਪਰ ਇਹ ਗਲਤ ਕੀਮਤਾਂ ਦਾ ਢਾਂਚਾ ਹੀ ਨਾਰੀ ਅੰਦਰ ਅਜਨਬੀਅਤ ਅਤੇ ਸ੍ਵੈ-ਗਿਲਾਨੀ ਦੇ ਅਹਿਸਾਸ ਪੈਦਾ ਕਰਦਾ ਹੈ। ਉਸ ਨੂੰ ਆਪਣੀ ਹੋਂਦ ਵਰ ਨਹੀਂ ਸਗੋਂ ਸਰਾਪ, ਪ੍ਰਾਪਤੀ ਨਹੀਂ ਸਗੋਂ ਫਿਟਕਾਰ ਅਤੇ ਰਸਤਾ ਨਹੀਂ ਸਗੋਂ ਰੁਕਾਵਟ ਪ੍ਰਤੀਤ ਹੋਣ ਲੱਗ ਪੈਂਦੀ ਹੈ। ਇਸ ਸਭ ਕੁਝ ਪ੍ਰਤਿ ਤਿੱਖੀ ਚੇਤਨਾ ਰੱਖਣ ਸਦਕਾ ਹੀ ਇਹ ਪੁਸਤਕ ਪੁਰਸ਼ ਪ੍ਰਧਾਨ ਸਮਾਜ ਵਿਚਲੀਆਂ ਗਲਤ ਕਦਰਾਂ ਕੀਮਤਾਂ ਨੂੰ ਹੀ ਵਿਅੰਗਮਈ ਢੰਗ ਨਾਲ ਸਮਰਪਿਤ ਕੀਤੀ ਗਈ ਹੈ। ਜਿਵੇਂ ਕਿ ਸਮਰਪਣੀ ਸ਼ਬਦਾਂ ਤੋਂ ਹੀ ਸਪੱਸ਼ਟ ਹੈ :

ਉਨ੍ਹਾਂ ਦੇ ਨਾਂ...
ਜਿਨ੍ਹਾਂ ਨੇ ਜ਼ਮੀਨ ਤੋਂ ਜਲਾਵਤਨ ਕੀਤਾ।

ਇਹ ਉਹ ਲੋਕ/ਮੁੱਲ ਹਨ ਜਿਨ੍ਹਾਂ ਨੇ ਨਾਰੀ ਨੂੰ ਜੀਵਨ ਜਿਊਣ ਤੇ ਮਾਣਨ ਦਾ ਹੱਕ ਨਹੀਂ ਦਿੱਤਾ। ਨਾਰੀ ਦੀ ਤ੍ਰਾਸਦੀ ਦੇ ਬੀਜ ਲੱਭਦੀ ਹੋਈ ਉਹ ਵਿਅਕਤੀ ਤੋਂ ਵਰਤਾਰੇ ਦੇ ਧੁਰ ਡੂੰਘ ਤੱਕ ਅਪੜਣ ਵਾਲੀ ਦ੍ਰਿਸ਼ਟੀ ਰੱਖਦੀ ਹੈ ਮਿਸਾਲ ਵਜੋਂ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀ ਜਨਮ ਭੂਮੀ ਦੀਆਂ ਸੜਕਾਂ
ਕਦੋਂ ਦੀਆਂ
ਮੇਰੇ ਪੈਰਾਂ ਨੂੰ ਝਲਣੋਂ ਇਨਕਾਰੀ ਨੇ
ਤੇ ਉਦੋਂ ਤੋਂ ਹੀ ਮੇਰੇ ਪੈਰਾਂ ਦੇ ਖੰਜਰ
ਹਵਾਵਾਂ ਨੂੰ ਕਤਲ ਕਰ ਰਹੇ ਹਨ ।[41]

ਜਾਂ

ਪਰ ਅਜੇ ਮੁੱਕੀ ਨਹੀਂ
ਮੇਰੇ ਨੈਣਾਂ ਦੀ
ਰੌਸ਼ਨੀ ਦੀ ਭਾਲ ।[42]

ਗਲਤ ਕੀਮਤਾਂ ਵਿਚਲੇ ਸੰਤਾਪ ਨੂੰ ਭੋਗਦੀ ਹੋਈ ਉਹ ਵਿਅਕਤੀ ਅਤੇ ਉਸ ਦੇ ਮਾਧਿਅਮ ਰਾਹੀਂ ਸਮੁੱਚੇ ਵਰਤਾਰੇ ਨੂੰ ਨਾਰੀ ਦੀ ਦੇਣ ਦਾ ਜ਼ਿਕਰ ਵੀ ਕਰਦੀ ਹੈ, ਜਿਸ ਵਿਚ ਉਹ ਪੁਰਸ਼ ਦੇ ਘਰ ਨੂੰ ਬਣਾਉਂਦੀ ਹੈ ਪਰੰਤੂ ਇਸ ਇਤਿਹਾਸਕ ਦੇਣ ਦੇ ਬਾਵਜੂਦ :

ਪਰ ਮੈਂ
ਅਜੇ ਵੀ ਆਪਣੇ ਕਮਰੇ ਦੀ
ਛੱਤ ਦੀਆਂ ਨੁਕਰਾਂ 'ਚ
ਜਾਲੇ ਵਾਂਗ ਲਟਕ ਰਹੀ ਹਾਂ।[43]

ਘਰ ਬਣਾਉਣਾ ਅਸਲ ਵਿਚ ਨਾਰੀ ਦੀ ਜੀਵਨ-ਜੀਊਣ ਦੀ ਲੋਚਾ ਦਾ ਹੀ ਪ੍ਰਤੀਕ ਹੈ। ਘਰ ਬਣਾ ਕੇ ਉਸ ਵਿਚ "ਛੱਤ ਦੀਆਂ ਨੁੱਕਰਾਂ ਵਿਚ ਜਾਲੇ ਵਾਂਗੂ ਲਟਕਣਾ" ਉਸਦੀ ਦੁਖਾਂਤਕ ਵਸਤੂ-ਸਥਿਤੀ ਹੈ । ਇਸ ਵਸਤੂ-ਸਥਿਤੀ ਸਦਕਾ ਹੀ ਗਲਤ ਨੈਤਿਕ ਤੇ ਸਭਿਆਚਾਰਕ ਕੀਮਤਾਂ ਸਦਕਾ ਉਸ ਨੂੰ ਆਪਣੀ ਹੋਂਦ ਦੇ ਸਰਾਪੇ ਹੋਣ ਦਾ ਅਹਿਸਾਸ ਹੁੰਦਾ ਹੈ :

ਮੈਂ ਜ਼ਮੀਨ ਤੇ ਤੁਰੀ
ਤਾਂ ਮਿੱਟੀ ਜ਼ਖਮੀ ਹੋਈ
ਖਲਾਅ 'ਚ ਤੁਰੀ ਹਾਂ
ਤਾਂ ਹਵਾਵਾਂ ਜ਼ਖਮੀ ਨੇ ।[44]

ਦੁੱਖਾਂ ਤੇ ਪੀੜਾਂ ਦੀ ਦਲਦਲ ਵਿਚ ਫਸੀ ਇਸ ਨਾਰੀ ਨੂੰ ਵਾਤਾਵਰਣ ਦੇ ਸੁਧਾਰਨ ਦੀ ਆਸ ਤੇ ਉਮੀਦ ਬਹੁਤ ਘੱਟ ਲੱਗਦੀ ਹੈ। ਸਮਾਜ ਦਾ ਅਜੇ ਵੀ ਨੀਵੀਂ ਨਜ਼ਰ ਵਾਲੀ ਦੱਬੀ ਘੁੱਟੀ ਨਾਰੀ ਨੂੰ ਹੀ ਚੰਗਾ ਸਮਝਣਾ ਇਸ ਗੱਲ ਦਾ ਪ੍ਰਮਾਣ ਹੈ। ਵਿਤਕਰਿਆਂ ਤੇ ਬੇਇਨਸਾਫ਼ੀਆਂ ਦਾ ਜਨਮ ਨਾਰੀ ਦੇ ਜਨਮ ਦੇ ਨਾਲ ਹੀ ਹੁੰਦਾ ਹੈ ਅਤੇ ਇਹ ਵਿਤਕਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜੇ ਵੀ ਨਾਰੀ ਦੇ ਵਿਸ਼ਾਦ ਦਾ ਕਾਰਣ ਹਨ। ਅਜੇ ਵੀ ਕੁੜੀ ਦੇ ਜੰਮਣ ਉੱਪਰ ਖੁਸ਼ੀ ਮਨਾਉਣ ਦੀ ਥਾਂ ਸੋਗ ਦਾ ਵਾਤਾਵਰਣ ਛਾ ਜਾਂਦਾ ਹੈ। ਇਸ ਕਰੁਣਾਮਈ ਸਥਿਤੀ ਦਾ ਪ੍ਰਗਟਾਵਾ ਪਾਲ ਕੌਰ ਨੇ ਆਪਣੀ "ਗੁਨਾਹਗਾਰ" ਕਵਿਤਾ ਵਿਚ ਕੀਤਾ ਹੈ ਜਿਸ ਦੀਆਂ ਕੁਝ ਪੰਗਤੀਆਂ ਪ੍ਰਸਤੁਤ ਹਨ :

ਸੁਣਿਆਂ ਏ ਕਿ ਜਦੋਂ ਮੈਂ ਜੰਮੀ ਸਾਂ
ਤਾਂ ਮੈਨੂੰ ਵੇਖ ਕੇ
ਕਿਸੇ ਨੇ ਮੂੰਹ ਫੇਰ ਲਿਆ ਸੀ
ਤੇ ਜਿਵੇਂ ਕਹਿੰਦੇ ਨੇ ਕਿ ਬੱਚਾ ਇੱਕੀ ਦਿਨਾਂ ਵਿਚ
ਪਿਉ ਦੀ ਪੱਗ ਪਛਾਣ ਲੈਂਦਾ ਹੈ
ਮੈਂ ਪਿੱਠ ਪਛਾਣ ਲਈ ਸੀ।[45]

ਜਾਂ

ਪਰ ਮੈਂ ਤਾਂ ਇਕ ਕਿਆਰੀ ਵਿਚ
ਕਿਸੇ ਖੱਬਲ ਵਾਂਗ ਉੱਗ ਪਈ ਹਾਂ
ਮਾਲੀ ਨੇ ਜਦੋਂ ਵੀ ਚਾਹਿਆ
ਮੈਨੂੰ ਪੁੱਟ ਕੇ ਸੁੱਟਣ ਵਿਚ ਕੋਈ ਕਸਰ ਨਹੀਂ ਛੱਡੀ ..
ਪੌਦਿਆਂ ਨੂੰ ਗੋਡੀ ਦੇਂਦਿਆਂ
ਮੇਰੇ ਅੰਗ ਜ਼ਖਮੀ ਵੀ ਹੋ ਜਾਂਦੇ...
ਪੀੜ ਨਾਲ ਕੁਰਲਾ ਉੱਠਦੀ
ਪਰ ਮੈਂ ਦੰਦਾਂ ਥੱਲੇ ਜੀਭ ਦੇ ਕੇ
ਅੱਥਰੂ ਅੱਥਰੂ ਹੋਈ ਪਈ ਰਹਿੰਦੀ
ਜੀਭ ਮੇਰੀ ਬੇਬੋਲ ਸੀ
ਤੇ ਅੱਥਰੂਆਂ ਦੀ ਜ਼ਬਾਨ ਕਿਸੇ ਨਹੀਂ ਸਮਝੀ।[46]

ਸਪੱਸ਼ਟ ਹੈ ਕਿ ਪਾਲ ਕੌਰ ਨੇ ਆਪਣੀਆ ਕਵਿਤਾਵਾਂ ਵਿਚ ਬੇਇਨਸਾਫੀਆਂ ਤੇ ਵਿਤਕਰਿਆਂ ਦੇ ਫਲਸਰੂਪ ਪੈਦਾ ਹੋਣ ਵਾਲੇ ਤਨਾਉ ਤੇ ਦੁਖਾਂਤ ਨਾਲ ਗ੍ਰਸਤ ਨਾਰੀ ਦੇ ਬਿੰਬ ਪੇਸ਼ ਕੀਤੇ ਹਨ। ਇਸ ਦੁਖਾਂਤ ਦੇ ਕਾਰਣਾਂ ਦੀ ਭਾਲ ਵਿਚ ਨਿਕਲਦੀ ਉਹ ਇਤਿਹਾਸ ਨੂੰ ਫਰੋਲਦੀ ਤੇ ਸੰਕਟਾਂ ਤੇ ਤਕਲੀਫ਼ਾਂ ਦੀਆਂ ਜੜ੍ਹਾਂ ਢੂੰਡਦੀ ਹੈ। ਉਸ ਨੇ ਨਾਰੀ ਦੀ ਇਸ ਬੇਇਨਸਾਫੀਆਂ ਭਰਪੂਰ ਸਮਾਜ ਵਿਚ ਸਕਾਰਾਤਮਕ ਹੋਂਦ ਤੇ ਦੇਣ ਦਾ ਵੀ ਜ਼ਿਕਰ ਕੀਤਾ ਹੈ ਤੇ ਉਸ ਦੀ ਜਿਊਣ ਦੀ ਲੋਚਾ ਦਾ ਵੀ। ਪਰੰਤੂ ਨਾਰੀ ਦੇ ਯਤਨਾਂ ਅਤੇ ਲੋਚਾ ਦੇ ਬਾਵਜੂਦ ਉਸ ਦੇ ਸੁਪਨੇ ਸਾਕਾਰ ਨਹੀਂ ਹੁੰਦੇ ਸਗੋਂ ਬੁਰੀ ਤਰ੍ਹਾਂ ਨਾਲ ਤਿੜਕਦੇ ਹਨ! ਸੁਪਨਿਆਂ ਦੇ ਤਿੜਕਣ ਵਿਚੋਂ ਹੀ ਨਾਰੀ ਦੀ ਭਟਕਣ, ਇਕੱਲ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਾਨਸਿਕ ਖਲਾਅ ਦੀ ਭਾਵਨਾ ਜਨਮ ਲੈਂਦੀ ਹੈ। ਇਸ ਲਈ ਨਾਰੀ ਲਈ ਨਾਰੀ ਹੋਣਾ ਸ੍ਵੈ ਗਿਲਾਨੀ ਤੇ ਸੰਤਾਪ ਦਾ ਕਾਰਣ ਹੋ ਨਿਬੜਦਾ ਹੈ ਅਤੇ ਉਸ ਨੂੰ ਆਪਣਾ ਆਪਾ ਹੀ ਇਕ ਬੋਝ, ਇਕ ਸਰਾਪ, ਜਾਂ ਜਾਲਾ ਪ੍ਰਤੀਤ ਹੋਣ ਲੱਗ ਪੈਂਦਾ ਹੈ। ਜੇਕਰ ਉਹ ਪ੍ਰਤਿਕੂਲ ਸਭਿਆਚਾਰਕ ਕੀਮਤਾਂ ਦਾ ਵਿਰੋਧ ਕਰਦੀ ਹੈ ਤਾਂ ਸਮਾਜ ਉਸ ਨੂੰ ਕੋੜਕੂ ਸਮਝਣਾ ਸ਼ੁਰੂ ਕਰ ਦੇਂਦਾ ਹੈ। ਇੰਜ ਉਹ ਨਿਰੰਤਰ ਅੰਦਰ ਵੱਲ ਨੂੰ ਮੁੜਦੀ ਹੈ ਅਤੇ ਗੁਲਾਮੀ, ਭਟਕਣ ਅਤੇ ਜ਼ੁਲਮ ਤੋਂ ਬਚਣ ਲਈ ਆਦਰਸ਼ਕ ਸੁਪਨੇ ਬੁਣਦੀ ਹੈ, ਅਨੁਕੂਲ ਵਾਤਾਵਰਣ ਦੀ ਕਲਪਨਾ ਕਰਦੀ ਹੈ, ਬਨਾਵਟ ਤੇ ਢੋਂਗ ਰਹਿਤ ਰਿਸ਼ਤਿਆਂ ਦੀ ਤਲਾਸ਼ ਦਾ ਸੁਪਨਾ ਲੈਂਦੀ ਹੈ। ਕੁਲ ਮਿਲਾ ਕੇ ਡਾ. ਪਾਲ ਕੌਰ ਨੇ ਨਾਰੀ ਦੇ ਨਾਰੀ ਹੋਣ ਸਦਕਾ ਪੈਦਾ ਹੋਣ ਵਾਲੇ ਸੰਕਟ, ਸਮੱਸਿਆਵਾਂ ਤੇ ਸੁਪਨਿਆਂ ਨੂੰ ਬਾਖੂਬੀ ਚਿਤਰਿਆ ਹੈ।

ਬਚਿੰਤ ਕੌਰ

ਬਚਿੰਤ ਕੌਰ ਨੇ ਆਪਣੀ ਰਚਨਾ **ਇਕ ਬਲੌਰੀ ਹੰਝੂ** (1987) ਵਿਚ ਅਜੋਕੇ ਯੁੱਗ ਵਿਚ ਸੰਤਾਪ ਭੋਗ ਰਹੀ ਨਾਰੀ ਦੇ ਜੀਵਨ ਦੇ ਬਿੰਬ ਪੇਸ਼ ਕੀਤੇ ਹਨ। ਨਾਰੀ ਦੀ ਹੋਣੀ ਤੇ ਉਸ ਨਾਲ ਹੁੰਦੀ ਵਧੀਕੀ ਨੂੰ ਉਹ ਕਰੁਣਾ ਦੀ ਸੁਰ ਵਿਚ ਪੇਸ਼ ਕਰਦੀ ਹੈ। "ਜਿਵੇਂ ਲਾਗੀ ਦੀ ਥਾਲੀ ਵਿਚ ਪਈ ਜੂਠ ਮੈਂ ਹੀ ਹੋਵਾਂ" ਵਰਗੀ ਆਤਮਪੀੜਾ ਨੂੰ ਪੇਸ਼ ਕਰਦੀਆਂ ਕਾਵਿ ਪੰਗਤੀਆਂ ਉਸ ਦੀ ਸਿਰਜਣਾ ਵਿਚ ਥਾਂ-ਪਰ-ਥਾਂ ਖਿੱਲਰੀਆਂ ਹੋਈਆਂ ਹਨ। ਉਹ ਆਪਣੇ ਧਿਆਨ ਦਾ ਕੇਂਦਰ ਬਿੰਦੂ ਨਾ-ਬਰਾਬਰੀ ਨਾਲ ਭਰੇ-ਪੂਰੇ ਗਲਤ ਤੇ ਅਸਾਵੇਂ ਸਮਾਜਕ ਮੁੱਲਾਂ ਨੂੰ ਹੀ ਬਣਾਉਂਦੀ ਹੈ। ਇਨ੍ਹਾਂ ਮੁੱਲਾਂ ਸਦਕਾ ਹੀ ਉਸ ਨੂੰ ਨਾਰੀ ਦਾ ਨਾਰੀ ਹੋਣਾ ਕਿਸੇ ਸਰਾਪ ਤੋਂ ਘੱਟ ਨਹੀਂ ਲੱਗਦਾ ਤੇ ਇਸੇ ਲਈ ਉਹ ਲਿਖਦੀ ਹੈ :

> ਕਾਸ਼ ! ਮੇਰੀ ਜੰਮਦਿਆਂ ਹੀ ਕੋਈ
> ਸੰਘੀ ਘੁਟ ਦਿੰਦਾ।[47]

ਨਾਬਰਾਬਰੀ ਭਰੇ ਸਮਾਜਕ-ਮੁੱਲਾਂ ਦੇ ਕੌੜੇ ਅਹਿਸਾਸ ਦਾ ਪ੍ਰਗਟਾਵਾ ਕਰਨ ਦੇ ਨਾਲ ਨਾਲ ਉਸ ਦੀ ਕਾਵਿ ਸਿਰਜਣਾ ਸੰਤਾਪ ਤੋਂ ਅੱਗੇ ਸੁਪਨੇ ਤਕ ਦਾ ਸਫਰ ਤੈਅ ਕਰਦੀ ਹੈ, ਐਸਾ ਸੁਪਨਾ ਜਿਹੜਾ ਭਵਿੱਖ ਵਿਚ ਮੁੱਲ-ਵਿਧਾਨ ਦੇ ਬਦਲਣ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਅਮਰ ਜਿਉਤੀ ਵਾਂਗ ਨਾਰੀ ਦੀਆਂ ਸਮੱਸਿਆਵਾਂ, ਉਸ ਦੀ ਦੋਹਰੀ-ਜ਼ਿੰਮੇਵਾਰੀ ਤੇ ਉਸ ਵਿਚੋਂ ਉਪਜਣ ਵਾਲੇ ਤਨਾਉ ਸੰਬੰਧੀ ਬਚਿੰਤ ਕੌਰ ਨੇ ਵੀ ਨਜ਼ਮਾਂ ਲਿਖੀਆਂ ਹਨ। ਨਾਰੀ ਇਸ ਦੋਹਰੀ ਜ਼ਿੰਮੇਵਾਰੀ ਨੂੰ ਨਿਭਾਉਂਦੀ ਹੋਈ ਜਿਨ੍ਹਾਂ ਸਕਟਾਂ, ਸਮੱਸਿਆਵਾਂ ਤੇ ਬੇਬਸੀ ਦਾ ਸ਼ਿਕਾਰ ਹੁੰਦੀ ਹੈ, ਉਸ ਨੂੰ ਉਸ ਨੇ ਜ਼ੁਬਾਨ ਦਿੱਤੀ ਹੈ :

> ਪਰ ਮੇਰੀ ਬੇਬਸੀ ਦੇਖੋ
> ਪਲ ਕੁ ਪਤਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਝ ਘੜੀਆਂ ਲਈ ਸਬਾਡੀਨੇਟ
ਤੇ ਪਲ ਭਰ ਲਈ ਮਾਂ ਹੁੰਦੀ ਹਾਂ ।[48]

ਇੰਜ ਉਸ ਦੀ ਸਿਰਜਣਾ ਵੀ ਨਾਰੀ ਦੇ ਨਾਰੀ ਹੋਣ ਵਿਚੋਂ ਪੈਦਾ ਹੋਣ ਵਾਲੇ ਸੰਕਟਾਂ, ਗਲਤ ਤੇ ਨਾਬਰਾਬਰੀ ਭਰਪੂਰ ਸਮਾਜਕ ਮੁੱਲਾਂ ਅਤੇ ਘਰੇਲੂ ਤੇ ਦਫ਼ਤਰੀ ਜਿੰਮੇਵਾਰੀ ਨਿਭਾਉਣ ਸਦਕਾ ਪੈਦਾ ਹੋਣ ਵਾਲੀਆਂ ਨਾਰੀ ਦੀਆਂ ਮਾਨਸਿਕ ਪਰੇਸ਼ਾਨੀਆਂ ਨੂੰ ਆਪਣੀ ਸਿਰਜਣਾ ਦਾ ਧੁਰਾ ਥਾਪਦੀ ਹੈ। ਕਈ ਵਾਰ ਇਸ ਰਚਨਾ ਉੱਪਰ ਨਾਰੀ-ਪੀੜਾ ਦੇ ਪ੍ਰਦਰਸ਼ਨ ਦੀ ਸੁਰ ਭਾਰੀ ਹੋ ਜਾਂਦੀ ਹੈ।

ਕੁਲਦੀਪ ਗਿੱਲ

ਕੁਲਦੀਪ ਗਿੱਲ ਦੀ ਰਚਨਾ **ਅਧੂਰੀ ਕੈਨਵਸ** ਵੀ ਨਾਰੀ ਸੰਵੇਦਨਾ ਦੇ ਕੋਣ ਤੋਂ ਧਿਆਨ ਦੀ ਮੰਗ ਕਰਦੀ ਹੈ। ਇਸ ਰਚਨਾ ਵਿਚ ਨਾਰੀ ਨਾਲ ਹੁੰਦੀਆਂ ਵਧੀਕੀਆਂ, ਉਸ ਦੇ ਜਜ਼ਬਿਆਂ ਦੇ ਕਤਲ, ਵਧੀਕੀਆਂ ਵਿਚੋਂ ਪੈਦਾ ਹੁੰਦੀ ਭਟਕਣਾ, ਮਹਿਰੂਮੀਅਤ ਦਾ ਅਹਿਸਾਸ, ਇਕੱਲਤਾ, ਵਿਜੋਗ ਅਤੇ ਉਦਾਸੀ ਆਦਿ ਭਾਵਨਾਵਾਂ ਪ੍ਰਗਟ ਹੋਈਆਂ ਹਨ। ਇਸ ਤੋਂ ਇਲਾਵਾ ਪੂਰਨਤਾ, ਤ੍ਰਿਪਤੀ, ਸਕੂਨ, ਖੁਸ਼ੀ ਤੇ ਪ੍ਰਾਪਤੀ ਦੀ ਤਲਾਸ਼ ਵਿਚ ਭਟਕਦੀ ਨਾਰੀ ਵੀ ਇਸ ਰਚਨਾ ਵਿਚੋਂ ਵੇਖਣ ਨੂੰ ਮਿਲਦੀ ਹੈ। ਪਰੰਪਰਾ ਤੇ ਸੰਸਕਾਰਾਂ ਵਿਚ ਜਕੜੀ ਨਾਰੀ ਇਸ ਕਾਵਿ ਵਿਚ ਕਰੂਰ ਸਮਾਜਕ ਮੁੱਲਾਂ ਤੇ ਹਾਦਸਿਆਂ ਦਾ ਸ਼ਿਕਾਰ ਹੈ ਅਤੇ ਭਾਵੂਕ ਪੱਧਰ ਉੱਪਰ ਅਤ੍ਰਿਪਤ ਅਹਿਸਾਸਾਂ ਦੇ ਤਨਾਉ ਨੂੰ ਭੋਗਦੀ ਹੈ।

ਉਸ ਦੀਆਂ ਕੁਝ ਕਵਿਤਾਵਾਂ ਵਿਚ ਪੇਸ਼ ਹੋਏ ਜਜ਼ਬਿਆਂ ਦੇ ਪਿੱਛੇ ਅਤੀਤ ਵਿਚ ਕਿਸੇ ਅਤਿ ਪਿਆਰੇ ਵਿਅਕਤੀ ਦੇ ਵਿਛੜ ਜਾਣ ਦਾ ਅਹਿਸਾਸ ਕਾਰਜਸ਼ੀਲ ਹੈ। ਇਸ ਸੁਪਨਮਈ ਅਪ੍ਰਾਪਤੀ ਸਦਕਾ ਹੀ ਉਹ ਇਕੱਲਤਾ, ਸੂੰਞ ਤੇ ਭਟਕਣਾ ਦਾ ਅਨੁਭਵ ਕਰਦੀ ਹੈ। "ਗੁਆਚੇ ਹਮਸਫਰ" ਦੀ ਤਲਾਸ਼ ਇਨ੍ਹਾਂ ਕਵਿਤਾਵਾਂ ਵਿਚਲੀ ਉਭਰਵੀਂ ਥੀਮਿਕ ਇਕਾਈ ਹੈ। ਮਿਸਾਲ ਵਜੋਂ "ਅਧੂਰੀ ਕੈਨਵਸ" ਕਵਿਤਾ ਵਿਚ ਉਹ ਲਿਖਦੀ ਹੈ :

ਰੋਜ਼ ਦੀ ਤਰ੍ਹਾਂ
ਪਹਾੜੀ ਵੱਲ ਤੁਰ ਪੈਂਦੀ ਹਾਂ
ਸ਼ਾਮ ਦਾ ਕਤਲ ਕਰਨ ਵਾਸਤੇ
ਜਿੱਥੇ ਮੇਰਾ ਹਮਸਫ਼ਰ ਗੁਆਚਿਆ ਸੀ
ਉੱਥੇ ਬੈਠ ਕੈਨਵਸ ਉੱਤੇ ਉਲੀਕਦੀ ਹਾਂ
ਆਪਣੇ ਅਤੀਤ ਦੀਆਂ ਪਰਛਾਈਆਂ ਨੂੰ
ਆਪਣੇ ਜਿਸਮ ਦੇ ਰੰਗਾ ਦਾ ਮਿਸ਼ਰਣ ਬਣਾ
ਰੰਗਦੀ ਹਾਂ ਉਹਨਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਿਆਨ ਨਾਲ ਦੇਖਦੀ ਹਾਂ
ਇਕ ਰੰਗ ਦੀ ਕਮੀ ਹੈ ਕੈਨਵਸ ਉੱਤੇ
ਉਲੀਕੀਆਂ ਹੋਈਆਂ ਮੇਰੇ ਅਤੀਤ ਦੀਆਂ ਪਰਛਾਈਆਂ ਲਈ ।[49]

ਵਿਜੋਗ ਤੇ ਸੱਖਣੇਪਨ ਦੇ ਇਸ ਅਹਿਸਾਸ ਨੂੰ ਉਹ ਆਪਣੀਆਂ ਕਈ ਹੋਰ ਕਵਿਤਾਵਾਂ ਵਿਚ ਵੀ ਚਿਤਰਦੀ ਹੈ । "ਆਖਰੀ ਅਲਵਿਦਾ", "ਹਨੇਰੀਆਂ ਗੁਫਾਵਾਂ ਵਿਚ ਭਟਕਦਾ ਵਜੂਦ", "ਇੰਤਜ਼ਾਰ ਇਕ ਮਸੀਹ ਦੀ" "ਤੇਰੀ ਉਡੀਕ ਵਿਚ ਹਾਂ", "ਸਹਿਕਦੇ ਪਲ" "ਲਛਮਣ ਰੇਖਾ", "ਅੰਤਰਾਲ" ਆਦਿ ਕਵਿਤਾਵਾਂ ਉਪਰੋਕਤ ਭਾਵ ਤੇ ਪ੍ਰਭਾਵ ਨੂੰ ਹੀ ਨਿਰੰਤਰ ਗੂੜਾ ਤੇ ਪੱਕਾ ਕਰਦੀਆਂ ਹਨ । ਇਹ ਕਵਿਤਾਵਾਂ ਅਤੀਤ ਵਿਚ ਗੁੰਮੀ ਕਿਸੇ ਸ਼ੈਅ ਲਈ ਹੇਰਵੇ ਨੂੰ ਪੇਸ਼ ਕਰਦੀਆਂ ਹੋਈਆਂ ਵਰਤਮਾਨ ਵਿਚ ਉਸ ਦੀ ਗੈਰ ਹਾਜ਼ਰੀ ਸਦਕਾ ਵਿਆਪੀ ਸੁੰਞ ਨੂੰ ਉਲੀਕਦੀਆਂ ਅਤੇ ਭਵਿੱਖ ਵਿਚ ਉਸ ਦੀ ਤਲਾਸ਼ ਵਿਚ ਵਿਅਸਤ ਰਹਿਣ ਦੀਆਂ ਭਾਵਨਾਵਾਂ ਨਾਲ ਓਤਪੋਤ ਹਨ । ਅਤੀਤ ਵਿਚ ਗਵਾਚੀ ਕਿਸੇ ਅਤਿ ਪਿਆਰੀ ਸ਼ੈਅ ਸਦਕਾ ਹੀ ਉਸਨੂੰ ਇਹ ਜ਼ਿੰਦਗੀ ਸੰਘਣੇ ਕਾਲੇ ਦੁੱਖਾਂ ਦੀ ਰਾਤ ਪ੍ਰਤੀਤ ਹੁੰਦੀ ਹੈ । ਕੁਲਦੀਪ-ਕਾਵਿ ਵਿਚ ਮਹਿਰੂਮੀਅਤ ਦੇ ਇਸ ਇਹਸਾਸ ਦੀ ਸ਼ਿੱਦਤ ਨੂੰ ਦੇਖਦੇ ਹੋਏ ਡਾ. ਹਰਿਭਜਨ ਸਿੰਘ ਨੇ ਸਿਫ਼ਤੀ-ਟਿੱਪਣੀ ਕਰਦੇ ਹੋਏ ਲਿਖਿਆ ਹੈ :

> ਕੁਲਦੀਪ ਦੀ ਕਵਿਤਾ ਕੋਝ ਦੇ ਬਦਲੇ ਸੁਹਜ, ਦੁਖ ਦੇ ਬਦਲੇ ਆਨੰਦ ਦਾ ਵਣਜ ਵਿਹਾਜਦੀ ਨਜ਼ਰ ਆਉਂਦੀ ਹੈ... ਇਹ ਕਵਿਤਾਵਾਂ ਮੈਨੂੰ ਬੜੀਆਂ ਹਸੀਨ ਜਾਪੀਆਂ ਹਨ ਪਰ ਮਨ ਉਦਾਸ ਹੁੰਦਾ ਹੈ ਕਿ ਇਸ ਹੁਸਨ ਤਕ ਪਹੁੰਚਣ ਲਈ ਬੰਦੇ ਨੂੰ ਕਿੰਨੇ ਰੋਹੜੂ ਦਰਿਆਵਾਂ ਥਾਣੀ ਲੰਘਣਾ ਪੈਂਦਾ ਹੈ ।[50]

ਇਸ ਕਾਵਿ ਵਿਚ ਨਾਰੀ ਦੇ ਨਾਰੀਤਵ ਦੀ ਅਵਿਵਿਅਕਤੀ ਅਸਲੋਂ ਨਵੇਕਲੇ ਅੰਦਾਜ਼ ਵਿਚ ਹੋਈ ਹੈ । ਉਹ ਆਪਣੀਆਂ ਕਵਿਤਾਵਾਂ ਵਿਚ ਉਸ ਸੂਖਮ ਅਹਿਸਾਸ ਨੂੰ ਫੜਦੀ ਹੈ ਜਿਸ ਤਹਿਤ ਸੜਕ ਤੋਂ ਗੁਜ਼ਰਦੀ ਹਰ ਨਾਰੀ ਉਪਰੋਂ ਮਰਦ ਦੀਆਂ ਨਜ਼ਰਾਂ ਗੁਜ਼ਰਦੀਆਂ ਹਨ ਅਤੇ ਉਹ ਬੜੀ ਔਖੀ ਤੇ ਤੰਗ ਮਹਿਸੂਸ ਕਰਦੀ ਹੈ । ਉਸ ਨੂੰ ਸੜਕ ਯਾਨੀ ਸਮਾਜ ਵਿਚੋਂ ਆਪਣੀ ਦ੍ਰਿਸ਼ ਬਣੀ ਹੋਂਦ ਤਾਂ ਲੱਭਦੀ ਹੈ ਪਰੰਤੂ ਆਪਣੀ ਮਾਨਵੀ ਹੋਂਦ ਨਹੀਂ ਲੱਭਦੀ । ਇਸੇ ਲਈ ਨਾਰੀ ਹੋਣਾ ਉਸ ਨੂੰ ਦੁਖਦਾਈ ਅਹਿਸਾਸ ਪ੍ਰਤੀਤ ਹੁੰਦਾ ਹੈ ਅਤੇ ਉਹ ਆਪਣੇ ਆਪ ਨੂੰ ਅਸਲੋਂ ਨਿਮਾਣੀ, ਨਿਤਾਣੀ, ਮਹਿਸੂਸ ਕਰਦੀ ਹੈ । ਉਸ ਨੂੰ ਆਲਾ ਦੁਆਲਾ ਸੁਖਾਵਾਂ ਨਹੀਂ ਲਗਦਾ ਬਲਕਿ ਉਹ ਤਾਂ "ਸ਼ਹਿਰਾਂ ਵਿਚ ਫੈਲੀਆਂ ਜ਼ਹਿਲੀਆਂ ਹਵਾਵਾਂ" ਨੂੰ ਪੂਰੀ ਤੀਖਣਤਾ ਨਾਲ ਅਨੁਭਵ ਕਰਦੀ ਹੈ ਅਤੇ ਉਸ ਨੂੰ ਆਪਣੇ ਚੌਤਰਫੀ "ਚਾਂਦੀ-ਰੰਗੀ ਧੁੱਪ ਦੇ ਲਾਲਚੀ" ਦਿਖਾਈ ਦੇਂਦੇ ਹਨ । "ਏਕ ਪਿਤਾ ਏਕਸ ਕੇ ਹਮ ਬਾਰਿਕ" ਕਵਿਤਾ ਵਿਚ ਉਸ ਨੇ ਲਿਖਿਆ ਹੈ :

ਅਜ ਫਿਰ ਸੂਹੀ ਸਰਘੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਂਦੀ ਰੰਗੀ ਧੁੱਪ ਦੇ ਲਾਲਚੀਆਂ
ਸੂਰਜ ਦੀ ਚੁਆਤੀ ਲਾਈ
ਅਜ ਫਿਰ ਨਾਲ ਹਵਾਵਾਂ
ਜੰਗਲਾਂ ਬਲਾਤਕਾਰ ਕੀਤਾ
ਫਿਰ ਕਈ ਰੂਹਾਂ ਸਰਾਪੀਆਂ
ਬੁੱਲਾਂ ਵਿਚ ਪੀੜਾਂ ਘੁੱਟੀ
ਅਚਾਨਕ ਹੋਇਆ ਹਾਦਸਾ
ਸੰਘੋ ਹੇਠ ਨਿਗਲਿਆ ।[51]

ਕਿਹਾ ਜਾ ਸਕਦਾ ਹੈ ਕਿ ਉਹ ਨਾਰੀ ਦੀ ਦ੍ਰਿਸ਼-ਬਣੀ ਹੋਂਦ ਨੂੰ ਵੀ ਚਿਤਰਦੀ ਹੈ ਉਸ ਨੂੰ ਪ੍ਰਾਪਤ ਹੁੰਦੇ ਵਿਹੁਲੇ ਮਾਹੌਲ ਨੂੰ ਵੀ ਅਤੇ ਉਸ ਨਾਲ ਵਾਪਰਦੇ ਨਾਖੁਸ਼ਗੁਆਰ ਹਾਦਸਿਆਂ ਨੂੰ ਵੀ ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਉੱਪਰ ਕਿਹਾ ਜਾ ਸਕਦਾ ਹੈ ਕਿ ਚਰਚਾ-ਅਧੀਨ ਇਸਤਰੀ-ਕਵੀਆਂ ਦੀਆਂ ਕਾਵਿ-ਰਚਨਾਵਾਂ ਇਸਤਰੀ ਦੀ ਵਰਤਮਾਨ ਸਮਾਜ ਵਿਚ ਦਸ਼ਾ ਤੇ ਦਿਸ਼ਾ ਦੇ ਕਾਵਿਕ-ਰੂਪਾਂਤਰਣ ਵੱਲ ਰੁਚਿਤ ਹਨ । ਮਨਜੀਤ ਟਿਵਾਣਾ ਆਪਣੇ ਆਲੇ ਦੁਆਲੇ ਪ੍ਰਤਿ ਚੇਤੰਨ ਇਸਤਰੀ ਲੇਖਿਕਾ ਹੈ ਅਤੇ ਆਪਣੇ ਸਮਾਜਕ ਤੇ ਰਾਜਨੀਤਕ ਮਾਹੌਲ ਵਿਚੋਂ ਪੈਦਾ ਹੋਣ ਵਾਲੇ ਤਨਾਉ ਨੂੰ ਨਵੀਨ ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਪੇਸ਼ ਕਰਦੀ ਹੈ । ਉਸ ਦੀਆਂ ਰਚਨਾਵਾਂ ਵਿਚੋਂ ਕਈ ਧਰਾਤਲਾਂ ਉਪਰ ਸ੍ਵੈ ਦੀ ਆਜ਼ਾਦੀ ਲਈ ਘੋਲ ਕਰਦੀ ਚੇਤਨ ਨਾਰੀ ਦਾ ਬਿੰਬ ਉਭਰਦਾ ਹੈ । ਉਸ ਨੇ ਪਿਆਰ ਤੇ ਰੁਮਾਂਸ ਬਾਰੇ ਵੀ ਗੌਰ ਰਵਾਇਤੀ ਅੰਦਾਜ਼ ਵਿਚ ਕਾਵਿ-ਸਿਰਜਣਾ ਕੀਤੀ ਹੈ । ਉਸ ਦੁਆਰਾ ਸਿਰਜਿਤ ਨਾਰੀ ਆਪਣੇ ਚੌਗਿਰਦੇ ਵਿਚ ਪੱਸਰੇ ਸੰਕੀਰਣ, ਖੋਖਲੇ ਅਤੇ ਅਰਥਹੀਣ ਰੀਤੀ ਰਿਵਾਜਾਂ ਤੋਂ ਵਾਕਿਫ਼ ਹੈ ਅਤੇ ਇਨ੍ਹਾਂ ਨੂੰ ਤੋੜਣ ਲਈ ਸੰਘਰਸ਼ ਵੀ ਕਰਦੀ ਹੈ । ਵਸਤੂ ਸਥਿਤੀ ਪ੍ਰਤਿ ਤਿੱਖੀ ਚੇਤਨਾ ਸਦਕਾ ਉਸ ਦੀ ਸਿਰਜਣਾ ਵਿਚ ਪ੍ਰਚਲਿਤ ਮੁੱਲਾਂ ਦਾ ਵਿਰੋਧ ਤਾਂ ਹੈ, ਪਰ ਉਨ੍ਹਾਂ ਦੇ ਖਿਲਾਫ਼ ਵਿਦਰੋਹ ਨਹੀਂ । ਗਲਤ ਸਮਾਜਕ ਤੇ ਸਭਿਆਚਾਰਕ ਕੀਮਤਾਂ ਵਿਚ ਜਕੜੀ ਨਾਰੀ ਦੀ ਹੋਂਦ ਵਿਚਲੇ ਤਨਾਉ ਨੂੰ ਸਾਮ੍ਹਣੇ ਲਿਆਉਂਦੀ ਹੋਈ ਟਿਵਾਣਾ ਆਪਣੀਆਂ ਕਈ ਨਜ਼ਮਾਂ ਵਿਚ ਨਾਰੀ ਦੀ ਮਰਦ ਵਿਰੁੱਧ ਕੌੜੀ ਪ੍ਰਤਿਕਿਰਿਆਂ ਨੂੰ ਵੀ ਪੇਸ਼ ਕਰਦੀ ਹੈ । ਕਈ ਥਾਂ ਇਹ ਨਜ਼ਮਾਂ ਮਰਦ ਪ੍ਰਤਿ ਇਕ ਵਿਸ਼ੇਸ਼ ਪ੍ਰਕਾਰ ਦੀ ਕੁੜਿੱਤਣ ਦਾ ਪ੍ਰਗਟਾਵਾ ਵੀ ਕਰਦੀਆਂ ਹਨ । ਇਸੇ ਕੁੜਿਤਣ ਤੇ ਕੌੜੀ ਪ੍ਰਤਿਕਿਰਿਆ ਦੀ ਸ਼ਿਕਾਰ ਹੋਈ ਉਹ ਪਤੀ ਨੂੰ ਭੇੜੀਏ ਦੇ ਰੂਪ ਵਿਚ ਪੇਸ਼ ਕਰਦੀ ਹੈ । ਜਦੋਂ ਉਹ ਇਨ੍ਹਾਂ ਵਿਚਾਰਾਂ ਨੂੰ ਸਾਮਾਨਯ ਤੇ ਸਰਵ-ਵਿਆਪੀ ਸੱਚ ਵਜੋਂ ਪੇਸ਼ ਕਰਦੀ ਹੈ ਤਾਂ ਉਸ ਦੀ ਦ੍ਰਿਸ਼ਟੀ ਇਕ ਅਸੰਤੁਲਨ ਵਿਚ ਗੁਆਚ ਜਾਂਦੀ ਹੈ । ਉਸ ਨੇ ਆਪਣੀਆਂ ਕਈ ਕਵਿਤਾਵਾਂ ਵਿਚ ਅਜੋਕੇ ਮੁੰਡੇ ਕੁੜੀਆਂ ਦੀ ਜ਼ਿਹਨੀਅਤ ਉੱਪਰ ਵੀ ਵਿਅੰਗ ਕੀਤਾ ਹੈ । ਉਹ ਇਕ ਪਾਸੇ ਮਨੁੱਖੀ ਰਿਸ਼ਤਿਆਂ ਵਿਚੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁੰਮ-ਗੁਆਚ ਰਹੇ ਸਨੇਹ ਤੇ ਮੋਹ ਨੂੰ ਪ੍ਰਗਟਾਉਂਦੀ ਹੈ ਤੇ ਨਾਲ ਹੀ ਨਾਲ ਅਜੋਕੇ ਯੁੱਗ ਵਿਚ ਪਨਪ ਰਹੀ ਬਜ਼ਾਰੂ ਤੇ ਮੁਨਾਫ਼ਾ-ਆਧਾਰਿਤ ਬਿਰਤੀ ਨੂੰ ਸਾਮ੍ਹਣੇ ਲਿਆਉਂਦੀ ਹੈ। ਉਸ ਦੀ ਕਵਿਤਾ ਦੀ ਮੂਲ ਸੁਰ ਵਿਅੰਗ ਦੀ ਹੈ ਜਿਹੜੀ ਉਸ ਦੀ ਸ਼ਾਇਰੀ ਨੂੰ ਬੌਧਿਕ ਮੁਹਾਂਦਰਾ ਪ੍ਰਦਾਨ ਕਰਦੀ ਹੈ। ਉਹ ਸਰਮਾਏਦਾਰੀ ਦੇ ਇਸ ਦੌਰ ਵਿਚ ਨਾਰੀ ਜਾਤੀ ਪ੍ਰਤਿ ਪ੍ਰਸੰਸਨੀ ਸੁਰ ਵਿਚ ਕੋਈ ਗੱਲ ਕਹਿਣ ਦੀ ਬਜਾਏ ਉਸ ਪ੍ਰਤਿ ਅਜੇਹੀ ਆਲੋਚਨਾਤਮਕ ਵਿਧੀ ਅਪਣਾਉਂਦੀ ਹੈ ਜਿਹੜੀ ਸਮੁੱਚੇ ਨਾਰੀ-ਕਾਵਿ ਵਿਚ ਬਹੁਤ ਘਟ ਦ੍ਰਿਸ਼ਟੀਗੋਚਰ ਹੁੰਦੀ ਹੈ।

ਅਮਰ ਜਿਉਤੀ ਦੀ ਕਾਵਿ-ਰਚਨਾ ਵੀ ਨਾਰੀ ਦੀਆਂ ਸਮੱਸਿਆਵਾਂ ਤੇ ਵੇਦਨਾ ਦੀ ਪੇਸ਼ਕਾਰੀ ਪ੍ਰਤਿ ਪ੍ਰਤਿਬੱਧਤਾ ਦਾ ਪਰਿਚਯ ਦੇਂਦੀ ਹੈ। ਉਸ ਦੀ ਦਿਲਚਸਪੀ ਦਾ ਖੇਤਰ ਹੀ ਨਾਰੀ ਦੀ ਦੁਸ਼ਵਾਰੀਆਂ ਭਰਪੂਰ ਜ਼ਿੰਦਗੀ ਹੈ। ਉਸ ਦੀ ਸ਼ਾਇਰੀ ਨਾਰੀ ਦੀ ਵਿਸ਼ਾਦ ਗ੍ਰਸਤ ਸਥਿਤੀ ਨੂੰ ਤਾਂ ਚਿਤਰਦੀ ਹੈ ਪਰੰਤੂ ਰੁਦਨ ਉੱਪਰ ਸਮਾਪਤ ਨਹੀਂ ਹੁੰਦੀ। ਉਸ ਦੀਆਂ ਕਵਿਤਾਵਾਂ ਵਿਚਲੀ ਨਾਰੀ ਦੁੱਖਾਂ, ਪੀੜਾ, ਨਿਰਾਸ਼ਾ ਤੇ ਤਨਾਓ ਦੀ ਸਥਿਤੀ ਵਿਚੋਂ ਗੁਜ਼ਰਦੀ ਤਾਂ ਜ਼ਰੂਰ ਹੈ ਪਰੰਤੂ ਚੁੱਪ ਤੇ ਖਾਮੋਸ਼ੀ ਧਾਰਣ ਕਰਨ ਦੀ ਬਜਾਏ ਤਰਕ-ਵਿਤਰਕ ਦਾ ਸਹਾਰਾ ਲੈਂਦੀ ਹੈ। ਮਹਿੰਦਰ ਕੌਰ ਗਿੱਲ ਵਾਂਗ ਉਸ ਨੇ ਕੰਮਕਾਰੀ ਨਾਰੀ ਦੀ ਤ੍ਰਾਸ-ਦਿਕ ਸਥਿਤੀ ਤੇ ਭਟਕਣਾ ਨੂੰ ਆਪਣੇ ਧਿਆਨ ਦਾ ਕੇਂਦਰ-ਬਿੰਦੂ ਬਣਾਇਆ ਹੈ। ਉਹ ਵੀ ਆਪਣੇ ਆਲੇ ਦੁਆਲੇ ਦੇ ਸਮਾਜਕ ਤੇ ਦਫ਼ਤਰੀ-ਢਾਂਚੇ ਨੂੰ ਨਾਰੀ ਦੇ ਕੋਣ ਤੋਂ ਵੇਖਦੀ ਹੈ। ਉਹ ਇਤਿਹਾਸ ਦੀ ਗਤੀਸ਼ੀਲਤਾ ਵਿਚੋਂ ਲੁੱਟ-ਖਸੁੱਟ, ਜ਼ੁਲਮ ਤੇ ਮਜਬੂਰੀਆਂ ਸਦਕਾ ਨਾਰੀ ਦੀ ਸਥਿਤੀਸ਼ੀਲਤਾ ਦੇ ਦੀਦਾਰ ਕਰਦੀ ਹੈ। ਉਸ ਨੂੰ ਅਜੋਕੇ ਯੁੱਗ ਵਿਚ ਦਫ਼ਤਰਾਂ ਵਿਚ ਬੈਠੇ ਬਾਸ ਉਸੇ ਤਰ੍ਹਾਂ ਹੀ ਨਾਰੀ ਦੀਆਂ ਮਜਬੂਰੀਆਂ ਤੇ ਬੇਬਸੀ ਨਾਲ ਖਿਲਵਾੜ ਕਰਦੇ ਪ੍ਰਤੀਤ ਹੁੰਦੇ ਹਨ ਜਿਵੇਂ ਮੱਧ ਕਾਲ ਵਿਚ ਰਾਜੇ ਮਹਾਰਾਜੇ ਨਾਰੀ ਨੂੰ ਦਾਸੀ ਬਣਾ ਕੇ ਉਸ ਦੇ ਜਿਸਮ ਨਾਲ ਮਜ਼ਾਕ ਕਰਦੇ ਸਨ। ਉਸ ਦੀਆਂ ਕੁਝ ਕਵਿਤਾਵਾਂ ਪੁਰਸ਼-ਪ੍ਰਭੁਤਾ ਵਾਲੇ ਸਮਾਜ ਵਿਚ ਆਰਥਿਕ ਮਜਬੂਰੀਆਂ ਸਦਕਾ ਘਰ ਦੀ ਚਾਰ-ਦੀਵਾਰੀ ਵਿਚੋਂ ਰੋਟੀ-ਰੋਜ਼ੀ ਕਮਾਉਣ ਲਈ ਬਾਹਰ ਨਿਕਲੀ ਨਾਰੀ ਦੇ ਜਿਸਮ ਉੱਪਰ ਹੁੰਦੇ ਪ੍ਰਹਾਰ ਦੀ ਦਾਸ਼ਤਾਨ ਪੇਸ਼ ਕਰਦੀਆਂ ਹਨ। ਉਸ ਦੀ ਸ਼ਾਇਰੀ ਨਾਰੀ ਦੀ ਪੀੜਾ ਨੂੰ ਚਿਤਰਦੀ ਹੋਈ ਇਸ ਤੋਂ ਅਗਾਂਹ ਚੇਤਨਾ ਤਕ ਦਾ ਸਫ਼ਰ ਤਹਿ ਕਰਦੀ ਹੈ। ਇਸ ਤਰ੍ਹਾਂ ਅਮਰ ਜਿਉਤੀ-ਕਾਵਿ ਵਿਚੋਂ ਇਕ ਜਾਗ੍ਰਿਤ ਤੇ ਚੇਤੰਨ ਨਾਰੀ ਦੇ ਵੀ ਦੀਦਾਰ ਹੁੰਦੇ ਹਨ। ਨਾਰੀ-ਪੁਰਖ ਸੰਬੰਧਾਂ ਦੀਆਂ ਪਰੰਪਰਾਗਤ ਕੀਮਤਾਂ ਨੂੰ ਨਕਾਰਨ ਤੇ ਰੱਦ ਕਰਨ ਵਾਲੀ ਇਹ ਨਾਰੀ ਸਮਾਨਤਾ ਤੇ ਮਾਨਵੀ ਧਰਾਤਲ ਉੱਪਰ ਖਲੋ ਕੇ ਤਰਕ ਵਿਤਰਕ ਦਾ ਰਸਤਾ ਅਖਤਿਆਰ ਕਰਦੀ ਹੈ। ਇਸ ਤਰਕ ਵਿਤਰਕ ਦੀ ਹੋਂਦ ਦਾ ਮੁਹਾਂਦਰਾ ਸ਼ਰਨ ਮੱਕੜ ਦੀਆਂ ਕੁਝ ਕਵਿਤਾਵਾਂ ਨਾਲ ਮੇਲ ਖਾਂਦਾ ਹੈ। ਉਹ ਵੀ ਨਾਰੀ ਦੀ ਚੇਤਨਾ ਤੇ ਵੇਦਨਾ ਦੀ ਗੱਲ ਕਰਦੀ ਹੋਈ ਪੁਰਸ਼ ਨੂੰ ਤਰਕਸ਼ੀਲ ਰੂਪ ਵਿਚ ਮੁਖਾਤਿਬ ਹੁੰਦੀ ਹੈ। ਉਹ ਅਹੱਲਿਆਂ ਵਾਂਗ ਹਜ਼ਾਰਾਂ ਸਾਲ ਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੁੱਤ ਬਣ ਕੇ ਨਹੀਂ ਉਡੀਕਣਾ ਚਾਹੁੰਦੀ, ਉਸ ਨੂੰ ਸੀਤਾ ਬਣ ਕੇ ਵਿਚਰਨਾ ਵੀ ਨਾਪਸੰਦ ਹੈ। ਉਹ ਗੌਤਮ ਬੁੱਧ ਦੀ ਨਹੀਂ ਨਿੱਕੇ ਰਾਹੁਲ ਦੀ ਪਾਲਣਾ ਕਰਨ ਲਈ ਕੱਲੀਕਾਰੀ ਰਹਿ ਗਈ ਯਸ਼ੋਧਾ ਦੀ ਗੱਲ ਕਰਦੀ ਹੈ। ਉਹ ਇਸ ਗੱਲ ਤੋਂ ਵੀ ਭਲੀ ਭਾਂਤ ਵਾਕਿਫ਼ ਹੈ ਕਿ ਨਾਰੀ ਜਨਮ ਤੋਂ ਅੰਤ ਤਕ ਸਾਰੀ ਉਮਰ ਇਕ ਸੰਤਾਪ ਵਾਂਗ ਹੰਢਾਉਂਦੀ ਹੈ ਅਤੇ ਬੇਕਸੂਰ ਹੋਣ ਦੇ ਬਾਵਜੂਦ ਉਸ ਦਾ ਮੁੱਲ ਇਕ ਖਿਡੌਣੇ ਤੋਂ ਵੱਧ ਨਹੀਂ ਪੈਂਦਾ। ਜਿਉਤੀ ਦੀ ਵਿਸ਼ੇਸ਼ ਪ੍ਰਾਪਤੀ ਭਾਰਤੀ ਮਿਥਿਹਾਸ ਨਾਲ ਸੰਬੰਧਿਤ ਸੀਤਾ, ਯਸ਼ੋਧਾ ਅਤੇ ਅਹੱਲਿਆ ਦੇ ਸਮਾਂਨੰਤਰ ਚੇਤਨ ਨਾਰੀ ਦਾ ਬਿੰਬ ਪੇਸ਼ ਕਰਨ ਵਿਚ ਹੈ। ਉਹ ਨਾਰੀ ਦੇ ਸੰਤਾਪੇ ਤੇ ਤਨਾਉ ਗ੍ਰਸਤ ਅਤੀਤ ਤੋਂ ਵੀ ਵਾਕਿਫ਼ ਹੈ, ਉਸ ਦੇ ਹੁੰਮਸ ਤੇ ਸੰਕਟਾਂ ਭਰਪੂਰ ਵਰਤਮਾਨ ਤੋਂ ਵੀ ਅਤੇ ਉਸ ਦੀ ਭਵਿਖਾਰਥੀ ਮੁਕਤੀ ਲਈ ਲੋੜੀਂਦੇ ਯਤਨਾਂ ਤੋਂ ਵੀ। ਵਰਤਮਾਨ, ਅਤੀਤ ਤੇ ਭਵਿੱਖ ਦੇ ਤੀਹਰੇ ਰਿਸ਼ਤੇ ਵਿਚ ਬੱਝੀ ਹੋਣ ਸਦਕਾ ਹੀ ਉਸ ਦੀ ਕਾਵਿ-ਰਚਨਾ ਆਤਮ-ਪੀੜਾ ਦੇ ਬਿੰਦੂ ਉੱਪਰ ਸਮਾਪਤ ਨਹੀਂ ਹੁੰਦੀ ਸਗੋਂ ਨਾਰੀ ਦੇ ਮਾਂ ਬਣ ਸਕਣ ਦੀ ਸ਼ਕਤੀ ਉੱਪਰ ਮਾਣ ਕਰਦੀ ਹੈ।

ਮਨਜੀਤ ਪਾਲ ਦੀ ਕਾਵਿ-ਰਚਨਾ ਵੀ "ਔਰਤ ਹਾਂ" ਦੇ ਅਹਿਸਾਸ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਇਸ ਕਾਵਿ ਵਿਚ ਪ੍ਰਸਤੁਤ ਨਾਰੀ ਬਿੰਬ ਚੇਤਨਾ-ਭਰਪੂਰ ਤੇ ਜਾਗ੍ਰਿਤ ਹੈ। ਇਸੇ ਸਦਕਾ ਇਹ ਰਵਾਇਤੀ ਤੇ ਪਰੰਪਰਾਗਤ ਮੁੱਲਾਂ ਨੂੰ ਨਕਾਰਦੀ ਹੈ ਅਤੇ ਭਾਵੁਕ ਉਤੇਜਨਾ ਦਾ ਸ਼ਿਕਾਰ ਵੀ ਨਹੀਂ ਹੁੰਦੀ। ਮਰਦ ਦੇ ਖਿਲਾਫ਼ ਅਖੌਤੀ ਕਿਸਮ ਦੇ ਵਿਦਰੋਹ ਦੀ ਬਜਾਏ ਬਰਾਬਰੀ ਤੇ ਪਛਾਣ ਦੇ ਮਾਨਵੀ ਧਰਾਤਲ ਇਸ ਕਾਵਿ ਵਿਚੋਂ ਪ੍ਰਾਪਤ ਹੁੰਦੇ ਹਨ। ਲੇਖਿਕਾ ਸਾਡੀ ਚੇਤਨਾ ਦਾ ਮੂੰਹ ਹਿੰਦੂ ਮਿਥਿਹਾਸ ਵਲ ਮੋੜਦੀ ਹੈ ਜਿਸ ਵਿਚ ਅਰਧ ਨਾਰੀਸ਼ਵਰ ਦੀ ਧਾਰਣਾ ਪ੍ਰਚਲਿਤ ਸੀ ਅਤੇ ਹਰ ਪ੍ਰਕਾਰ ਦੀ ਸਮਾਜਕ-ਧਾਰਮਿਕ ਰਸਮ ਨਾਰੀ ਦੀ ਸ਼ਮੂਲੀਅਤ ਬਗੈਰ ਅਧੂਰੀ ਸਮਝੀ ਜਾਂਦੀ ਸੀ। ਇੰਜ ਇਕ ਪਾਸੇ ਲੇਖਿਕਾ ਨਾਰੀ ਦੀ ਆਦਰਸ਼ਕ ਸਥਿਤੀ ਦੀ ਕਲਪਨਾ ਕਰਦੀ ਹੈ ਤੇ ਦੂਸਰੇ ਪਾਸੇ ਵਸਤੂ ਸਥਿਤੀ ਦੀ ਘੋਖ-ਪੜਤਾਲ ਵੀ ਕਰਦੀ ਹੈ। ਉਹ ਮਰਦ ਦੇ ਸੰਸਾਰ ਨੂੰ ਅਸਵੀਕਾਰ ਕਰਨ ਦੀ ਬਜਾਏ ਸਾਰੀ ਸਥਿਤੀ ਦਾ ਬੌਧਿਕ ਵਿਸ਼ਲੇਸ਼ਣ ਕਰਨ ਦਾ ਯਤਨ ਕਰਦੀ ਹੈ। ਉਸ ਦੀ ਭਾਸ਼ਾ ਬੌਧਿਕ ਵਿਸ਼ਲੇਸ਼ਣ ਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਕਿਧਰੇ ਸਮਾਜਕ ਸਭਿਆਚਾਰਕ ਮੁੱਲਾਂ ਵਿਚ ਨੱਪੀ-ਨੂੜੀ ਨਾਰੀ ਦੀ ਸਥਿਤੀ ਦਾ ਬਿਆਨ ਹੈ, ਕਿਧਰੇ ਉਸ ਨਾਰੀ ਦੀ ਹੋਣੀ ਦਾ ਜ਼ਿਕਰ ਹੈ ਜੋ ਚੁੱਪ ਚਾਪ ਦੁੱਖ ਸਹਿੰਦੀ ਤੇ ਆਪਣੀ ਪੀੜ ਨੂੰ ਬੋਲ ਦੇਣ ਤੋਂ ਝਿਜਕਦੀ ਹੈ, ਕਿਧਰੇ ਆਪਣੇ ਦੁੱਖਾਂ, ਤਕਲੀਫ਼ਾਂ ਨੂੰ ਅਣਗੌਲਿਆਂ ਕਰ ਦੂਸਰਿਆਂ ਦੀ ਖੁਸ਼ੀ ਨੂੰ ਪਹਿਲ ਦੇਣ ਦੇ ਬਾਵਜੂਦ ਅਨੁਕੂਲ ਵਾਤਾਵਰਣ ਤੋਂ ਵਿਰਵੀ ਨਾਰੀ ਦੀ ਪੀੜਾ ਦਾ ਜ਼ਿਕਰ ਹੈ ਅਤੇ ਕਿਧਰੇ ਮਨੁੱਖ ਦੀ ਉਸ ਉਲਾਰ ਦ੍ਰਿਸ਼ਟੀ ਉੱਪਰ ਤਿੱਖੀ ਟਿੱਪਣੀ ਹੈ ਜੋ ਨਾਰੀ ਦੇ ਜਿਸਮ ਤੋਂ ਅਗਾਂਹ ਨਹੀਂ ਸਰਕਦੀ। ਨਾਰੀ ਦੇ ਇਕ ਵਿਅਕਤੀ ਵਜੋਂ ਪ੍ਰਵਾਨ ਚੜ੍ਹਣ ਦੀ ਇੱਛਾ ਵੀ ਇਨ੍ਹਾਂ ਕਵਿਤਾਵਾਂ ਵਿਚ ਵਿਦਮਾਨ ਹੈ। ਉਸ ਦੀ ਸਿਰਜਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਵਿਅੰਗ ਦੀ ਚੋਭ ਉਸ ਸਮੇਂ ਪ੍ਰਚੰਡ ਰੂਪ ਅਖਤਿਆਰ ਕਰਦੀ ਹੈ ਜਦ ਉਹ ਵਰਤ-ਮਾਨ ਸਮਾਜਕ ਮੁੱਲਾਂ ਤੇ ਉਸ ਉਲਾਰ ਦ੍ਰਿਸ਼ਟੀ ਨੂੰ ਚਿਤਰਦਾਂ ਹੈ ਜਿਸ ਵਿਚ ਸਿਰਫ ਨਾਰੀ ਦੇ ਸੱਖਣੇ ਤਨ ਜਾਂ ਉਸ ਦੀ ਸਰੀਰਕਤਾ ਨੂੰ ਹੀ ਸਵੀਕ੍ਰਿਤੀ ਮਿਲਦੀ ਹੈ।

ਵਨੀਤਾ ਕਾਵਿ-ਰਚਨਾ ਵਿਚੋਂ ਵੀ ਤੀਬਰ ਨਾਰੀ-ਸੰਵੇਦਨਾ ਦੀ ਟੋਹ ਮਿਲਦੀ ਹੈ। ਇਹ ਪ੍ਰਤੀਕਮਈ ਕਾਵਿ-ਰਚਨਾਵਾਂ ਗੁੱਝੇ ਢੰਗ ਨਾਲ ਨਾਰੀ ਪ੍ਰਤਿ ਅਣਸੁਖਾਵੇਂ ਤੇ ਪ੍ਰਤਿਕੂਲ ਵਾਤਾਵਰਣ ਪ੍ਰਤਿ ਇਸ਼ਾਰੇ ਆਪਣੇ ਅੰਦਰ ਸਮੋਈ ਬੈਠੀਆਂ ਹਨ। ਨਾਰੀ ਦੀ ਸੁਪਨਿਆ ਦੀ ਪਗਡੰਡੀ ਉੱਪਰ ਤੁਰਣ ਦੀ ਲੋਚਾ ਪ੍ਰਾਪਤ ਮੁੱਲਾਂ ਪ੍ਰਤਿ ਉਸ ਦੀ ਅਸੰਤੁਸ਼ਟੀ ਦੀ ਪ੍ਰਤੀਕ ਵੀ ਹੈ ਅਤੇ ਨਵੇਂ ਅਤੇ ਅਨੁਕੂਲ ਮੁੱਲ ਸਿਰਜਣ ਦੀ ਇੱਛਾ ਦੀ ਵੀ। "ਹਰੀਆਂ ਛਾਵਾਂ" ਪ੍ਰਾਪਤ ਪਦਾਰਥਕ ਸਹੂਲਤਾਂ ਦੀਆਂ ਪ੍ਰਤੀਕ ਹਨ ਪਰ ਇਸ ਐਸ਼ ਆਰਾਮ ਨੂੰ ਉਹ "ਕਬਰ" ਨਾਲ ਤੁਲਨਾਉਂਦੀ ਹੈ। ਇਕ ਢੰਗ ਨਾਲ ਸਾਡੀ ਵਿਆਹ ਪ੍ਰਣਾਲੀ ਨੂੰ ਵਿਅੰਗ ਦਾ ਵਿਸ਼ਾ ਬਣਾਉਂਦੀ ਹੈ। ਉਹ ਆਪਣੀ ਸ਼ਾਇਰੀ ਵਿਚ ਦਿਸਦੇ ਯਥਾਰਥ ਦੀ ਕਰੂਰਤਾ ਅਤੇ ਉਸ ਵਿਚੋਂ ਪੈਦਾ ਹੋਣ ਵਾਲੀ ਪੀੜਾ, ਚੁਭਣ ਤੇ ਤਨਾਉ ਨੂੰ ਪੇਸ਼ ਕਰਦੀ ਹੈ। ਉਸ ਦੀ ਸਿਰਜਣਾ ਦਾ ਪ੍ਰਮੁੱਖ ਬਲ ਅਣਚਾਹੇ ਵਿਆਹ ਅਤੇ ਉਸ ਵਿਚੋਂ ਪੈਦਾ ਹੋਈ ਵਿਸ਼ਾਦ ਭਰਪੂਰ ਸਥਿਤੀ ਉੱਪਰ ਹੈ। ਬੇਵਿਸ਼ਵਾਸੀ ਅਤੇ ਜਰਨਸ਼ੀਲਤਾ ਉਸ ਦੀ ਰਚਨਾ ਦੀਆਂ ਉਭਰਵੀਆਂ ਸੁਰਾਂ ਹਨ। ਉਹ ਵੀ ਸ਼ਰਨ ਮੱਕੜ ਵਾਂਗ ਪਦਾਰਥਕ ਖੁਸ਼ਹਾਲੀ ਤੇ ਮਾਨਸਿਕ ਅਸੰਤੁਸ਼ਟੀ ਦੇ ਤਨਾਉ ਨੂੰ ਭਰਵੇਂ ਰੂਪ ਵਿਚ ਪੇਸ਼ ਕਰਦੀ ਹੈ। ਉਸ ਦੀ ਕਵਿਤਾ ਵਿਚ ਨਾਰੀ ਦੇ ਕਿਸੇ ਅਣਚਾਹੇ ਮਰਦ ਨਾਲ ਵਿਆਹ-ਸੰਬੰਧਾਂ ਵਿਚ ਨਰੜੇ ਜਾਣ ਪਿਛੋਂ ਪੈਦਾ ਹੋਈਆਂ ਸੁੰਞ ਤੇ ਆਤਮ-ਗਿਲਾਨੀ ਦੀਆਂ ਭਾਵਨਾਵਾਂ ਨੂੰ ਅਭਿਵਿਅਕਤੀ ਪ੍ਰਾਪਤ ਹੋਈ ਹੈ। ਵਨੀਤਾ ਕਿਧਰੇ ਵਸਤੂ-ਸਥਿਤੀ ਦਾ ਬੌਧਿਕ ਵਿਸ਼ਲੇਸ਼ਣ ਕਰਦੀ ਹੈ ਅਤੇ ਕਿਧਰੇ ਉਸ ਸੰਬੰਧੀ ਭਾਵੁਕ ਤੇ ਵੇਦਨਾ ਭਰਪੂਰ ਟਿੱਪਣੀਆਂ ਉਚਾਰਦੀ ਹੈ। ਅਜਿਹੇ ਸੰਬੰਧਾਂ ਵਿਚ ਬਹੁਤਾ ਕੁਝ ਸਮਝੌਤੇ ਤੇ ਮਜਬੂਰੀ ਦੀ ਬੁਨਿਆਦ ਉੱਪਰ ਟਿਕਿਆ ਹੁੰਦਾ ਹੈ। ਉਹ ਘਰ ਵਿਚਲੀ ਦਿਸਦੀ ਪਦਾਰਥਕ ਖੁਸ਼ਹਾਲੀ ਰਾਹੀਂ ਘਰ ਅੰਦਰਲੇ ਘਰ ਯਾਨੀ ਮਨ ਅੰਦਰਲੀ ਵੀਰਾਨੀ, ਬੇਆਬਾਦੀ ਤੇ ਬੰਜਰਤਾ ਦੇ ਦੀਦਾਰ ਕਰਾਉਂਦੀ ਹੈ। ਇੰਜ ਉਹ ਵੀ ਸ਼ਰਨ-ਮੱਕੜ ਵਾਂਗ ਨਾਰੀ ਦੀ ਖੁਸ਼ਹਾਲੀ ਤੇ ਆਬਾਦੀ ਪਿੱਛੇ ਲੁਕੀ ਉਸ ਦੀ ਬਰਬਾਦੀ ਤੇ ਬਦਹਾਲੀ ਨੂੰ ਅਸਲੋਂ ਵਿਰੋਧੀ ਸਥਿਤੀਆ ਦੇ ਅੱਗੇ ਪਿੱਛੇ ਰੱਖ ਕੇ ਚਿਤਰਦੀ ਹੈ। ਉਸ ਦੀਆਂ ਕਵਿਤਾਵਾਂ ਵਿਚ ਸਿਰਜਿਤ ਨਾਰੀ ਅੰਦਰ ਵੀ ਇਕ ਸੁਪਨਾ ਜਾਂ ਖਾਹਿਸ਼ ਸਾਹ ਲੈਂਦੀ ਹੈ ਜਿਹੜੀ ਜਿੰਦਗੀ ਦੇ ਕੁਝ ਪਲਾਂ ਨੂੰ ਆਪਣੀ ਮਰਜ਼ੀ ਤੇ ਇੱਛਾ ਅਨੁਸਾਰ ਜਿਊਣਾ ਲੋਚਦੀ ਹੈ ਪਰੰਤੂ ਉਹ ਸੰਸਕਾਰਾਂ ਦੀਆਂ ਸਲਾਖਾਂ ਵਿਚ ਏਨੀ ਬੁਰੀ ਤਰ੍ਹਾਂ ਜਕੜੀ ਹੋਈ ਹੈ ਕਿ ਉਸ ਨੂੰ ਬਾਹਰ ਦੇ ਆਜ਼ਾਦ ਮਾਹੌਲ ਤੇ ਪ੍ਰਕਿਰਤਕ ਖੁਲ੍ਹ ਦਾ ਅਹਿਸਾਸ ਤਾਂ ਹੁੰਦਾ ਹੈ, ਅੰਦਰ ਬਾਗੀ ਤੇ ਵਿਦਰੋਹੀ ਖਿਆਲ ਵੀ ਹੁੰਦੇ ਹਨ ਪਰ ਸੰਸਕਾਰਾਂ ਦੀਆਂ ਸਲਾਖਾਂ ਦੀ ਮਜ਼ਬੂਤੀ ਦਾ ਤੀਬਰ ਤੀਖਣ ਅਹਿਸਾਸ ਵੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਲ ਕੌਰ ਦੀ ਕਾਵਿ-ਰਚਨਾ **ਖਲਾਅਵਾਸੀ** ਨਾਰੀ ਸੰਵੇਦਨਾ ਦੇ ਦ੍ਰਿਸ਼ਟੀਕੋਣ ਤੋਂ ਇਕ ਮਹੱਤਵਪੂਰਣ ਰਚਨਾ ਹੈ ਕਿਉਂਕਿ ਇਹ ਵੀ ਵਰਤਮਾਨ ਸਭਿਆਚਾਰਕ ਰਿਸ਼ਤਿਆਂ ਨਾਲ ਅੰਤਰਕਿਰਿਆ ਵਿਚ ਆਉਣ ਪਿੱਛੋਂ ਪੈਦਾ ਹੋਣ ਵਾਲੇ ਤਨਾਉ ਨੂੰ ਚਿਤਰਦੀ ਹੈ। ਲੇਖਿਕਾ ਦਾ ਪ੍ਰਮੁੱਖ ਬਲ ਨਾਰੀ ਦੇ ਵਿਸ਼ਾਦ ਤੇ ਦੁਖਾਂਤ ਉਪਰ ਹੈ। ਉਸ ਵਲੋਂ ਪੇਸ਼ ਨਾਰੀ ਸਭਿਆਚਾਰਕ ਰਿਸ਼ਤਿਆਂ, ਮੁੱਲਾਂ, ਪਰੰਪਰਾਵਾਂ ਅਤੇ ਪੁਰਸ਼ ਪ੍ਰਧਾਨ ਸਮਾਜ ਦੇ ਜ਼ੁਲਮਾਂ ਨੂੰ ਨਾ ਸਿਰਫ਼ ਨਾਕਬੂਲ ਹੀ ਕਰਦੀ ਹੈ ਬਲਕਿ ਉਨ੍ਹਾਂ ਦਾ ਖੁਲ੍ਹੇਆਮ ਵਿਰੋਧ ਵੀ ਕਰਦੀ ਹੈ। ਆਪਣੇ ਵਿਦਰੋਹੀ ਅਤੇ ਸੰਵੇਦਨਸ਼ੀਲ ਸੁਭਾਅ ਸਦਕਾ ਉਹ ਆਪਣੇ ਆਲੇ ਦੁਆਲੇ ਤੋਂ ਟੁੱਟ ਜਾਂਦੀ ਹੈ। ਪਾਲ ਕੌਰ ਨਾਰੀ ਦੇ ਦੁੱਖ, ਸੰਤਾਪ, ਵਿਸ਼ਾਦ ਤੇ ਤਨਾਉ ਨੂੰ ਇਕ ਨਾ ਟਾਲੀ ਜਾਣ ਵਾਲੀ ਹੋਣੀ ਦੇ ਰੂਪ ਵਿਚ ਪੇਸ਼ ਕਰਦੀ ਹੈ। ਇਸ ਹੋਣੀ ਦੇ ਵਾਪਰਨ ਦੇ ਕਾਰਣ ਦੈਵੀ ਨਹੀਂ ਸਗੋਂ ਸਭਿਆਚਾਰਕ ਹਨ। ਉਸ ਵਲੋਂ ਸਿਰਜਿਤ ਨਾਰੀ ਇਸ ਸਭ ਕੁਝ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ ਪਰੰਤੂ ਸਭਿਆਚਾਰਕ ਕੀਮਤਾਂ ਦੀ ਪਕੜ ਤੇ ਜਕੜ ਵਿਚ ਤਨਾਉ ਤੇ ਦੁਖਾਂਤ ਭੋਗ ਰਹੀ ਹੈ। ਉਸ ਲਈ ਨਾਰੀ ਹੋਣਾ ਹੀ ਸ੍ਵੈ-ਗਿਲਾਨੀ ਤੇ ਸੰਤਾਪ ਦਾ ਕਾਰਣ ਹੈ ਅਤੇ ਇਸੇ ਸਦਕਾ ਉਸ ਨੂੰ ਆਪਣਾ ਆਪਾ ਇਕ ਭਾਰ, ਇਕ ਬੋਝ, ਇਕ ਸਰਾਪ ਪ੍ਰਤੀਤ ਹੁੰਦਾ ਹੈ। ਪਾਲ ਕੌਰ ਦੀਆਂ ਕਵਿਤਾਵਾਂ ਦੀ ਪਾਤਰ ਨਾਰੀ ਕੁਲਦੀਪ ਕਲਪਨਾ ਵਲੋਂ ਸਿਰਜਿਤ ਨਾਰੀ ਵਾਂਗ ਹਾਲਾਤ ਦੀ ਵਿਕਰਾਲਤਾ ਤੋਂ ਬੇਜ਼ਾਰ ਹੋਕੇ ਨਿਰੰਤਰ ਅੰਦਰ ਵੱਲ ਧਸਦੀ ਪ੍ਰਤੀਤ ਹੁੰਦੀ ਹੈ। ਉਹ ਭਟਕਣਾ ਅਤੇ ਜ਼ੁਲਮ ਤੋਂ ਬਚਣ ਲਈ ਆਦਰਸ਼ਕ ਸੁਪਨੇ ਬੁਣਦੀ ਹੋਈ ਅਨੁਕੂਲ ਵਾਤਾਵਰਣ, ਬਨਾਵਟ ਤੇ ਢੌਂਗ ਰਹਿਤ ਰਿਸ਼ਤਿਆਂ ਦੀ ਲੋਚਾ ਵੀ ਕਰਦੀ ਹੈ।

ਬਚਿੰਤ ਕੌਰ ਦੀ ਸ਼ਾਇਰੀ ਵੀ ਨਾਰੀ ਦੇ ਨਾਰੀ ਹੋਣ ਵਿਚੋਂ ਪੈਦਾ ਹੋਣ ਵਾਲੇ ਸੰਕਟ, ਨਾ ਬਰਾਬਰੀ ਭਰਪੂਰ ਸਮਾਜਕ ਮੁੱਲਾਂ ਅਤੇ ਘਰੇਲੂ ਤੇ ਦਫ਼ਤਰੀ ਜਿੰਮੇਵਾਰੀ ਨਿਭਾਉਣ ਸਦਕਾ ਪੈਦਾ ਹੋਣ ਵਾਲੀਆਂ ਨਾਰੀ ਦੀਆਂ ਮਾਨਸਿਕ ਪਰੇਸ਼ਾਨੀਆਂ ਨੂੰ ਆਪਣੀ ਸਿਰਜਣਾ ਦਾ ਧੁਰਾ ਥਾਪਦੀ ਹੈ। ਕਈ ਵਾਰ ਇਸ ਰਚਨਾ ਉੱਪਰ ਨਾਰੀ ਪੀੜਾ ਦੇ ਪ੍ਰਦਰਸ਼ਨ ਦੀ ਸੁਰ ਭਾਰੀ ਹੋ ਜਾਂਦੀ ਹੈ।

ਕੁਲਦੀਪ ਗਿੱਲ ਦੀ ਰਚਨਾ **ਅਧੂਰੀ ਕੈਨਵਸ** ਵਿਚ ਨਾਰੀ ਨਾਲ ਹੁੰਦੀਆਂ ਵਧੀਕੀਆਂ, ਉਸ ਦੇ ਜਜ਼ਬਿਆਂ ਦੇ ਕਤਲ, ਵਧੀਕੀਆਂ ਵਿਚੋਂ ਪੈਦਾ ਹੁੰਦੀ ਭਟਕਣਾ, ਮਹਿਰੂਮੀਅਤ ਦਾ ਅਹਿਸਾਸ, ਇਕੱਲਤਾ, ਵਿਜੋਗ ਅਤੇ ਉਦਾਸੀ ਆਦਿ ਭਾਵਨਾਵਾਂ ਪ੍ਰਗਟ ਹੋਈਆਂ ਹਨ। ਇਸ ਤੋਂ ਇਲਾਵਾ ਪੂਰਨਤਾ, ਤ੍ਰਿਪਤੀ, ਸਕੂਨ, ਖੁਸ਼ੀ ਪ੍ਰਾਪਤੀ ਦੀ ਤਲਾਸ਼ ਵਿਚ ਭਟਕਦੀ ਨਾਰੀ ਇਸ ਰਚਨਾ ਵਿਚੋਂ ਵੇਖਣ ਨੂੰ ਮਿਲਦੀ ਹੈ। ਪਰੰਪਰਾ ਤੇ ਸੰਸਕਾਰਾਂ ਵਿਚ ਜਕੜੀ ਨਾਰੀ ਇਸ ਕਾਵਿ ਵਿਚ ਕਰੂਰ ਸਮਾਜਕ ਮੁੱਲਾਂ ਤੇ ਹਾਦਸਿਆਂ ਦਾ ਸ਼ਿਕਾਰ ਹੈ ਅਤੇ ਭਾਵੂਕ ਪੱਧਰ ਉੱਪਰ ਅਤ੍ਰਿਪਤ ਅਹਿਸਾਸਾਂ ਦੇ ਤਨਾਉ ਨੂੰ ਭੋਗਦੀ ਹੈ।

ਕੁਲ ਮਿਲਾ ਕੇ ਇਸਤਰੀ ਕਵੀਆਂ ਵਲੋਂ ਸਿਰਜਿਤ ਰਚਨਾਵਾਂ ਨਾਰੀ ਹੋਣ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਹਿਸਾਸ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦੀਆਂ ਹੋਈਆਂ ਉਸ ਦੇ ਸੰਤਾਪ ਤੇ ਵਿਸ਼ਾਦ ਦੇ ਵਿਭਿੰਨ ਪਾਸਾਰਾਂ ਨੂੰ ਇਤਿਹਾਸਕ ਤੇ ਮਿਥਿਹਾਸਕ ਪ੍ਰਸੰਗਾਂ ਦੀ ਸਹਾਇਤਾ ਨਾਲ ਸਾਕਾਰ ਕਰਦੀਆਂ ਹਨ। ਭਾਵੇਂ ਕਈ ਥਾਂ ਇਸ ਕਾਵਿ ਵਿਚੋਂ ਭਾਵੁਕ ਉਤੇਜਨਾ, ਮਰਦ-ਜ਼ਾਤ ਪ੍ਰਤਿ ਕੌੜੀ ਪ੍ਰਤਿਕਿਰਿਆ ਤੇ ਵਿਦਰੋਹ ਦਿਖਾਈ ਦੇਂਦਾ ਹੈ ਪਰੰਤੂ ਕੁਲ ਮਿਲਾ ਕੇ ਇਨ੍ਹਾਂ ਰਚਨਾਵਾਂ ਵਿਚਲੀ ਨਾਰੀ ਸੰਤੁਲਿਤ, ਸਮਾਨਤਾ ਭਰਪੂਰ ਤੇ ਪਛਾਣ ਦੇ ਮਾਨਵੀ ਧਰਾਤਲਾਂ ਦੀ ਤਲਾਸ਼ ਵੱਲ ਰੁਚਿਤ ਹੈ।

ਹਵਾਲੇ ਅਤੇ ਟਿੱਪਣੀਆਂ

1. "ਸਿਰਜਣਾ ਤੇ ਸਮੀਖਿਆ", **ਆਰਸੀ**, ਸਤੰਬਰ 1987, ਪੰਨਾ 40.
2. **ਇਲਹਾਮ**, ਪੰਨਾ 8.
3. **ਇਲਜ਼ਾਮ**, ਪੰਨਾ 8.
4. ਉਹੀ, ਪੰਨਾ 7.
5. ਉਹੀ.
6. **ਇਲਹਾਮ**, ਪੰਨਾ 19.
7. ਉਹੀ, ਪੰਨਾ 38.
8. ਉਹੀ.
9. **ਇਲਜ਼ਾਮ**, ਪੰਨਾ 26.
10. ਉਹੀ, ਪੰਨਾ 34.
11. ਸੁਤਿੰਦਰ ਸਿੰਘ ਨੂਰ, "ਉਣੀਂਦਾ ਵਰਤਮਾਨ", **ਆਰਸੀ**, ਸਤੰਬਰ 1987, ਪੰਨਾ 40.
12. **ਉਣੀਂਦਾ ਵਰਤਮਾਨ**, ਪੰਨਾ 13.
13. "ਕੁੜੀਆਂ", ਉਹੀ, ਪੰਨਾ 16.
14. "ਰਾਤ", ਉਹੀ, ਪੰਨਾ 23.
15. "ਸ਼ਾਮ", ਪੰਨਾ 36.
16. "ਕੁਰੁਤਾ", ਉਹੀ, ਪੰਨਾ 60.
17. ਉਹੀ, ਪੰਨਾ 63.
18. "ਭੂਮਿਕਾ", **ਮਾਰੂਥਲ ਵਿਚ ਤੁਰਦੇ ਪੈਰ**, ਪੰਨਾ ਹੀਨ।
19. "ਔਰਤ", ਉਹੀ, ਪੰਨਾ 33.
20. "ਕੁੜੀਆਂ ਤੇ ਧਰੇਕਾਂ", ਉਹੀ, ਪੰਨਾ 43.
21. "ਕਥਾ", ਉਹੀ, ਪੰਨਾ 54.
22. "ਮੈਨੂੰ ਸੀਤਾ ਨਾ ਕਹੋ", **ਮੈਨੂੰ ਸੀਤਾ ਨਾ ਕਹੋ**, ਪੰਨਾ 24.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

23. "ਉਹ ਇਕ ਨਿੱਕਾ ਬੱਚਾ ਨਹੀਂ", ਉਹੀ, ਪੰਨਾ 32.
24. ਉਹੀ, ਪੰਨਾ 8.
25. ਡਾ. ਜਗਬੀਰ ਸਿੰਘ, "ਰੇਤ ਦਾ ਸਮੁੰਦਰ" (ਪੁਸਤਕ ਰਿਵਿਊ), **ਪੰਜਾਬੀ ਟ੍ਰਿਬਿਊਨ**, ਨਵੰਬਰ, 10, 1985.
26. **ਰੇਤ ਦਾ ਸਮੁੰਦਰ**, ਪੰਨਾ 48.
27. ਡਾ ਸੁਤਿੰਦਰ ਸਿੰਘ ਨੂਰ, "ਤਿੰਨ ਕਵਿਤ੍ਰੀਆਂ", **ਆਰਸੀ**, ਅਕਤੂਬਰ 1986, ਪੰਨਾ 41.
28. **ਰੇਤ ਦਾ ਸਮੁੰਦਰ**, ਪੰਨਾ 50.
29. "ਚੁੱਪ ਕੁੜੀ", ਉਹੀ, ਪੰਨਾ 26.
30. "ਨੰਗੇਜ਼", ਉਹੀ, ਪੰਨਾ 18.
31. ਉਹੀ, ਪੰਨਾ 19.
32. "ਕਿਹੜਾ ਪੜਾਅ", ਉਹੀ, ਪੰਨੇ 22–23.
33. "ਰੂਹ ਦਾ ਰਾਂਝਾ", ਉਹੀ, ਪੰਨਾ 44.
34. **ਖੋਜ ਦਰਪਣ**, ਜਨਵਰੀ 1985, ਪੰਨਾ 143.
35. **ਸੁਪਨਿਆਂ ਦੀ ਪਗਡੰਡੀ**, ਪੰਨਾ 30.
36. **ਸੁਪਨਿਆਂ ਦੀ ਪਗਡੰਡੀ**, ਪੰਨਾ 22.
37. ਉਹੀ, ਪੰਨਾ 40.
38. **ਹਰੀਆਂ ਛਾਵਾਂ ਦੀ ਕਬਰ**, ਪੰਨਾ 66.
39. ਉਹੀ, ਪੰਨਾ 74.
40. "ਸੰਸਕਾਰਾਂ ਦੀਆਂ ਸਲਾਖਾਂ", ਉਹੀ, ਪੰਨਾ 16.
41. "ਖਲਾਅਵਾਸੀ", **ਖਲਾਅਵਾਸੀ**, ਪੰਨਾ 1.
42. ਉਹੀ, ਪੰਨਾ 2.
43. ਉਹੀ.
44. ਉਹੀ, ਪੰਨਾ 4.
45. ਉਹੀ, ਪੰਨਾ 29.
46. ਉਹੀ, ਪੰਨਾ 28.
47. **ਇਕ ਬਲੌਰੀ ਹੰਝੂ**, ਪੰਨਾ 15.
48. ਉਹੀ, ਪੰਨਾ 10.
49. **ਅਧੂਰੀ ਕੈਨਵਸ**, ਪੰਨਾ 17.
50. "ਅਸੀਸ ਵੀ, ਮੁਬਾਰਕ ਵੀ", ਉਹੀ, ਪੰਨਾ 12.
51. ਉਹੀ, ਪੰਨਾ 58.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੱਟੇ ਤੇ ਸਥਾਪਨਾਵਾਂ

ਹੁਣ ਤਕ ਅਸੀਂ ਮਹਿੰਦਰ ਕੌਰ ਗਿੱਲ, ਸ਼ਰਨ ਮੱਕੜ, ਕੁਲਦੀਪ ਕਲਪਨਾ, ਮਨਜੀਤ ਟਿਵਾਣਾ, ਅਮਰ ਜਿਉਤੀ, ਮਨਜੀਤ ਪਾਲ, ਵਨੀਤਾ, ਪਾਲ ਕੌਰ, ਬਚਿੰਤ ਕੌਰ ਅਤੇ ਕੁਲਦੀਪ ਗਿੱਲ ਆਦਿ ਇਸਤਰੀ-ਕਵੀਆਂ ਦੀਆਂ ਕਾਵਿ ਰਚਨਾਵਾਂ ਦਾ ਨਾਰੀ ਸੰਵੇਦਨਾ ਦੇ ਕੋਣ ਤੋਂ ਵਿਸ਼ਲੇਸ਼ਣ-ਮੂੱਲਾਂਕਣ ਕਰ ਚੁੱਕੇ ਹਾਂ। ਇਸ ਵਿਸ਼ਲੇਸ਼ਣ ਰਾਹੀਂ ਅਸੀਂ ਇਸ ਕਾਵਿ ਵਿਚੋਂ ਨਾਰੀ ਸੰਵੇਦਨਾ ਦੇ ਵਿਭਿੰਨ ਪਾਸਾਰਾਂ ਨੂੰ ਪਛਾਣਿਆਂ ਹੈ। ਅਧਿਐਨ-ਕਾਰਜ ਦੇ ਦੌਰਾਨ ਜਿੱਥੇ ਇਕ ਕਵੀ ਦੀ ਸਮੁੱਚੀ ਕਾਰਗੁਜ਼ਾਰੀ ਉੱਪਰ ਧਿਆਨ ਟਿਕਾਇਆ ਹੈ ਉੱਥੇ ਕਿਧਰੇ ਕਿਧਰੇ ਇਨ੍ਹਾਂ ਇਸਤਰੀ-ਕਵੀਆਂ ਦੀ ਆਪਸੀ ਸਾਂਝ ਨੂੰ ਪਛਾਨਣ ਦਾ ਉੱਦਮ ਵੀ ਕੀਤਾ ਹੈ। ਹੁਣ ਅਸੀਂ ਪੂਰਵਲੇ ਅਧਿਐਨ ਦੇ ਆਧਾਰ ਉੱਪਰ ਕੁਝ ਸਿੱਟਿਆਂ ਨੂੰ ਸੂਤਰਾਂ ਦੇ ਰੂਪ ਵਿਚ ਪੇਸ਼ ਕਰ ਰਹੇ ਹਾਂ।

ਡਾ. ਮਹਿੰਦਰ ਕੌਰ ਗਿੱਲ ਦੀਆਂ ਕਾਵਿ ਰਚਨਾਵਾਂ ਸੰਬੰਧੀ ਸਾਡੀ ਸਥਾਪਨਾ ਹੈ ਕਿ ਉਸ ਨੇ ਨਾਰੀ ਦੀ ਤਨਾਉਸ਼ੀਲ ਮਾਨਸਿਕਤਾ ਦੇ ਵਿਭਿੰਨ ਪਸਾਰਾਂ ਨੂੰ ਚਿਤਰਿਆ ਹੈ। ਉਹ ਇਸ ਤਨਾਉਸ਼ੀਲ ਸਥਿਤੀ ਦੇ ਤ੍ਰਾਸਦ ਰੂਪ ਨੂੰ ਚਿਤਰਦੀ ਹੈ। ਦਰਅਸਲ ਇਹ ਸਥਿਤੀ ਹੀ ਏਨੀ ਕਸ਼ਮਕਸ਼ ਭਰਪੂਰ ਹੁੰਦੀ ਹੈ ਕਿ ਇਸ ਵਿਚ ਘਿਰਿਆ ਵਿਅਕਤੀ ਲਗਾਤਾਰ ਸੁਲਘਦਾ ਹੈ। ਨਾ ਤਾਂ ਉਹ ਸ਼ੋਅਲੇ ਵਾਂਗ ਬਲਦਾ ਹੈ ਅਤੇ ਨਾ ਹੀ ਬੁੱਝ ਕੇ ਰਾਖ ਹੀ ਹੁੰਦਾ ਹੈ। ਉਰਾਰ ਤੇ ਪਾਰ ਦੇ ਵਿਚ-ਵਿਚਾਲੇ ਵਿਚਰਦੀ ਇਸ ਅਵਸਥਾ ਵਿਚ ਵਿਅਕਤੀ ਆਲੇ ਦੁਆਲੇ ਦੀ ਅਰਥਹੀਣਤਾ ਮੂੱਲਾਂ ਦੀ ਫੋਕਟਤਾ, ਦੁਚਿਤੀ ਦੇ ਦਰਦ, ਇਕੱਲ, ਉਦਾਸੀਨਤਾ ਅਤੇ ਅਨਿਸਚਿਤਤਾ ਦਾ ਸ਼ਿਕਾਰ ਹੁੰਦਾ ਹੈ। ਡਾ. ਗਿੱਲ ਨੇ ਨਾਰੀ ਦੇ ਕਈ ਪਾਸਾਰਾਂ ਨੂੰ ਚਿਤਰਿਆ ਹੈ। ਇਹ ਪਾਸਾਰ ਦਰਅਸਲ ਉਸ ਦੀ ਉਸ ਤ੍ਰਾਸਦ ਜ਼ਿੰਦਗੀ ਨਾਲ ਸੰਬੰਧਿਤ ਹਨ, ਜੋ ਉਸ ਦਾ ਸਾਂਸਕ੍ਰਿਤਕ ਜੀਵਨ ਉਸ ਨੂੰ ਪ੍ਰਦਾਨ ਕਰਦਾ ਹੈ। ਕਿਧਰੇ ਉਹ ਨਾਰੀ ਦੇ ਸਾਮਾਨਯ ਰੂਪ ਦੇ ਤ੍ਰਾਸ ਨੂੰ ਸਾਮ੍ਹਣੇ ਲਿਆਉਂਦੀ ਹੈ, ਕਿਧਰੇ ਬਾਲ-ਅਵਸਥਾ ਵਿਚ ਉਸ ਨਾਲ ਕੀਤੀ ਜਾਂਦੀ ਵਧੀਕੀ ਦਾ ਬਿੰਬ ਉਭਾਰਦੀ ਹੈ ਅਤੇ ਕਿਧਰੇ ਉਹ ਜਬਰ ਜਨਾਹ ਦਾ ਸ਼ਿਕਾਰ ਹੋਈ ਨਾਰੀ ਪ੍ਰਤਿ ਤਰਸ ਤੇ ਵੇਦਨਾ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਗਾਉਂਦੀ ਹੈ। ਉਹ ਬਲਾਤਕਾਰ ਦੀ ਪੀੜਾ ਨੂੰ ਵੀ ਪੂਰੀ ਵੇਦਨਾ ਤੇ ਸੁਹਿਰਦ-ਦ੍ਰਿਸ਼ਟੀ ਨਾਲ ਪ੍ਰਸਤੁਤ ਕਰਦੀ ਹੈ। ਪ੍ਰੇਮਿਕਾ ਦੇ ਰੂਪ ਵਿਚ ਉਹ ਬਿਰਹਾ ਦੀ ਅਵਸਥਾ ਵਿਚ ਪਿਸਦੀ ਹੈ ਅਤੇ ਸੰਜੋਗ ਦੀਆਂ ਘੜੀਆਂ ਦਾ ਇੰਤਜ਼ਾਰ ਕਰਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਉਹ ਇਕ ਪ੍ਰਕਾਰ ਦੇ ਸੁਪਨ-ਸੰਸਾਰ ਦੀ ਸਿਰਜਣਾ ਕਰਦੀ ਹੈ। ਫਲਸਰੂਪ ਕਈ ਵਾਰ ਉਸ ਦੀ ਉਦਾਸੀਨਤਾ ਵਿਅਕਤੀਗਤ ਸੁਪਨ ਸੰਸਾਰ ਜਾਂ ਆਦਰਸ਼ਵਾਦੀ ਰੁਮਾਂਸ ਦੀ ਬੁੱਕਲ ਵਿਚ ਡੂੰਘੀ ਉਤਰ ਜਾਂਦੀ ਹੈ। ਮਾਂ ਦੇ ਰੂਪ ਵਿਚ ਉਹ ਧੀ ਦੀ ਅਨਿਸ਼ਚੇਪੂਰਨ ਜ਼ਿੰਦਗੀ ਦੀ ਕਲਪਨਾ ਕਰਕੇ ਨਿਰੰਤਰ ਮਨੋ-ਪੀੜਾ ਦਾ ਸ਼ਿਕਾਰ ਹੋ ਰਹੀ ਨਾਰੀ-ਮਾਨਸਿਕਤਾ ਨੂੰ ਸਾਮ੍ਹਣੇ ਲਿਆਉਂਦੀ ਹੈ। ਸਰਮਾਏਦਾਰੀ ਯੁੱਗ ਵਿਚ ਪੈਸੇ ਜਾਂ ਦਾਜ ਦੀ ਖਾਤਰ ਨਿਰੰਤਰ ਸਾੜੀਆਂ ਜਾਂ ਮਾਰ ਮੁਕਾਈਆਂ ਜਾ ਰਹੀਆਂ ਲੜਕੀਆਂ ਵਿਚੋਂ ਉਹ ਆਪਣੀ ਧੀ ਦੇ ਸੰਕਟਸ਼ੀਲ ਮੁਹਾਂਦਰੇ ਨੂੰ ਕਲਪਨਾ ਵਿਚ ਸਾਕਾਰ ਕਰਕੇ ਕੰਬ ਉਠਦੀ ਹੈ। ਇਸੇ ਦੂਸ਼ਿਤ ਤੇ ਨਾਰੀ-ਪ੍ਰਤਿ ਸਾਹਘੋਟੂ ਵਾਤਾਵਰਣ ਸਦਕਾ ਉਸ ਨੂੰ ਨਾਰੀ ਮਾਂ ਦੇ ਰੂਪ ਵਿਚ ਵੀ ਦੇਣਦਾਰ ਲੱਗਦੀ ਹੈ ਅਤੇ ਧੀ ਦੇ ਰੂਪ ਵਿਚ ਵੀ। ਜਵਾਨੀ ਜਾਂ ਸ਼ਾਦੀ ਦੀ ਉਮਰ ਵਿਚ ਨਾਰੀ ਦਾ ਮਨੋਸੰਕਟ ਉਸ ਨੂੰ ਮਰਜ਼ੀ ਦੀ ਥਾਵੇਂ ਮਜਬੂਰੀ ਵੱਸ ਕਿਸੇ ਅਣਜਾਣੇ ਵਿਅਕਤੀ ਨਾਲ ਉਮਰ ਗੁਜ਼ਾਰਣ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਪ੍ਰਤੀਤ ਹੁੰਦਾ ਹੈ। ਨਾਰੀ ਦੀ ਇਹ ਸਿਰਜਿਤ ਮੈਂ ਨਾਰੀ ਨੂੰ "ਖਿੱਦੋ" ਦੇ ਰੂਪ ਵਿਚ ਚਿਤਰਦੀ ਹੋਈ ਉਸ ਨੂੰ ਜ਼ਿੰਦਗੀ ਦੀ ਅਰਥਹੀਨਤਾ ਦਾ ਬੋਧ ਕਰਾਉਂਦੀ ਹੈ ਅਤੇ ਉਸ ਅੰਦਰ ਆਤਮ-ਗਿਲਾਨੀ ਦੇ ਭਾਵਾਂ ਨੂੰ ਪੈਦਾ ਵੀ ਕਰਦੀ ਹੈ। ਮਰਜ਼ੀ ਦੀ ਬਜਾਏ ਮਜਬੂਰੀ ਦੇ ਰਿਸ਼ਤੇ ਵਿਚ ਨਰੜੀ ਜਦੋਂ ਉਹ ਆਪਣੇ ਪਤੀ ਨਾਲ ਜੀਵਨ ਬਸਰ ਕਰਦੀ ਹੈ ਤਾਂ ਉਸ ਨੂੰ ਆਪਣੀ ਜ਼ਿੰਦਗੀ ਇਕ ਬੋਝ ਜਾਂ ਭਾਰ ਤੋਂ ਵੱਧ ਕੁਝ ਵੀ ਪ੍ਰਤੀਤ ਨਹੀਂ ਹੁੰਦੀ। ਡਾ. ਗਿੱਲ ਵਲੋਂ ਸਿਰਜਿਤ ਨਾਰੀ ਮਹਾਨਗਰ ਵਿਚ ਰਹਿਣ ਵਾਲੀ ਆਪਣੇ ਚੌਗਿਰਦੇ ਦੇ ਪ੍ਰਤਿ ਤੀਖਣ ਚੇਤਨਾ ਰੱਖਣ ਵਾਲੀ ਕੰਮ-ਕਾਰੀ ਨਾਰੀ ਹੈ, ਜਿਸ ਨੂੰ ਕੰਮਕਾਰ ਦੌਰਾਨ ਤੋਹਮਤਾਂ ਤੇ ਬਦਨਾਮੀ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਉਹ ਪਿਸਦੀ ਵੀ ਸੋਚਵਾਨ, ਸੂਝਵਾਨ ਹੋਣ ਸਦਕਾ ਹੀ ਹੈ। ਉਹ ਨੌਕਰੀ ਵੀ ਕਰਦੀ ਹੈ, ਘਰ ਦਾ ਕੰਮ ਵੀ ਕਰਦੀ ਹੈ ਪਰੰਤੂ ਘਰ-ਬਾਹਰ ਦਾ ਕੰਮ ਕਰਨ ਦੇ ਬਾਵਜੂਦ ਉਸ ਨੂੰ ਘਰ ਵਿਚ ਸਭ-ਕਾਸੇ ਦਾ (ਪੈਸੇ ਧੇਲੇ ਤੋਂ ਇਲਾਵਾ ਸਮੇਂ ਦਾ ਵੀ) ਲੇਖਾ-ਜੋਖਾ ਦੇਣਾ ਪੈਂਦਾ ਹੈ ਅਤੇ ਬਾਹਰੋਂ ਤੁਹਮਤਾਂ ਵੀ ਪ੍ਰਾਪਤ ਹੁੰਦੀਆਂ ਹਨ। ਇੰਜ ਉਸ ਲਈ ਘਰ ਵਿਚ ਵੀ ਜ਼ਿੰਦਗੀ ਤਨਾਉਸ਼ੀਲ ਹੈ ਅਤੇ ਬਾਹਰ ਵੀ। ਲੇਖਿਕਾ ਬਿਸਤਰੇ ਤੇ ਰਸੋਈ ਘਰ ਵਿਚੋਂ ਬਾਹਰ ਕਦਮ ਪੁੱਟ ਚੁੱਕੀ ਤੇ ਕਦਮ ਕਦਮ ਉੱਪਰ ਗਲਤ ਸਮਾਜਕ ਕਦਰਾਂ ਕੀਮਤਾਂ ਅਤੇ ਮਜਬੂਰੀਆਂ ਦਾ ਸ਼ਿਕਾਰ ਹੋਈ ਨਾਰੀ ਦੇ ਤਨਾਉ ਨੂੰ ਪੇਸ਼ ਕਰਦੀ ਹੈ। ਇਹ ਨਾਰੀ ਸੋਚਵਾਨ ਤੇ ਸੂਝਵਾਨ ਹੋਣ ਸਦਕਾ ਆਪਣੇ ਆਲੇ ਦੁਆਲੇ ਦੇ ਅਣਸੁਖਾਵੇਂ ਮੁੱਲਾਂ ਤੇ ਕੀਮਤਾਂ ਨੂੰ ਪ੍ਰਵਾਨ ਨਹੀਂ ਕਰਦੀ ਬਲਕਿ ਉਨ੍ਹਾਂ ਉੱਪਰ ਨਿਰੰਤਰ ਕਿੰਤੂ ਕਰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਸ ਦੀ ਸਿਰਜਿਤ ਮੈਂ ਸੀਤੇ ਬੁਲ੍ਹਾਂ ਵਾਲੀ ਨਾਰੀ ਨੂੰ ਬਲ ਪ੍ਰਦਾਨ ਕਰਦੀ ਹੈ। ਨਾਰੀ ਦੇ ਵੱਖ ਵੱਖ ਰੂਪਾਂ ਜਿਵੇਂ ਬਚਪਨ, ਜਵਾਨੀ, ਪਤਨੀ ਅਤੇ ਮਾਂ ਨੂੰ ਚਿਤਰਦੀ ਹੋਈ ਉਹ ਸਿਸਟਮ ਤਕ ਅਪੜਦੀ ਹੈ ਅਤੇ ਸੁਚੇਤ ਜਾਂ ਅਚੇਤ ਪੱਧਰ ਉੱਪਰ ਇਸ ਪ੍ਰਤਿ ਆਪਣੀ ਅਸੰਤੁਸ਼ਟੀ ਦਾ ਪ੍ਰਗਟਾਵਾ ਕਰਦੀ ਹੈ। ਇਹ ਠੀਕ ਹੈ ਕਿ ਉਸ ਵਲੋਂ ਸਿਰਜਿਤ ਨਾਰੀ ਕਈ ਥਾਵਾਂ ਉੱਪਰ ਮਰਦ ਅਤੇ ਖਾਸ ਕਰਕੇ ਪਤੀ ਪ੍ਰਤਿ ਕੌੜੇ-ਕੁਸੈਲੇ ਬੋਲਾਂ ਦਾ ਪ੍ਰਯੋਗ ਵੀ ਕਰਦੀ ਹੈ ਪਰ ਇਹ ਵਸ਼ਤੂ-ਸਥਿਤੀ ਦੇ ਦਬਾਉ ਦਾ ਹੀ ਸਿੱਟਾ ਹੈ। ਉਹ ਦਰਅਸਲ ਗੁਲਾਮੀ ਦਾ ਜੀਵਨ ਬਸਰ ਕਰ ਰਹੀ ਅਖੌਤੀ ਆਜ਼ਾਦ ਔਰਤ ਦੇ ਜੀਵਨ-ਪਾਸਾਰਾਂ ਨੂੰ ਸਾਹਮਣੇ ਲਿਆਉਂਦੀ ਹੈ ਅਤੇ ਕਾਵਿਕ ਤਰਕ ਦੀ ਸਹਾਇਤਾ ਨਾਲ ਇਹ ਸਿੱਧ ਕਰਦੀ ਹੈ ਕਿ ਨਾਰੀ ਨੂੰ ਅਜੇ ਤਕ ਵੀ ਮਰਦ ਦੀ ਬਰਾਬਰੀ ਭਰਿਆ ਜੀਵਨ ਪ੍ਰਾਪਤ ਨਹੀਂ ਹੋਇਆ। ਉਹ ਮਹਾਂਨਗਰ ਵਿਚ ਵਿਚਰਦੀ ਨਾਰੀ ਦੀ ਮਨੋਸਥਿਤੀ ਵਿਚ ਉਤਰਦੀ ਅਤੇ ਉਸ ਦੇ ਸੰਤਾਪ, ਦਰਦ, ਮਜਬੂਰੀ, ਵੇਦਨਾ ਅਤੇ ਵਿਦਰੋਹ ਨੂੰ ਵਿਡੰਬਨਾ-ਭਰਪੂਰ ਢੰਗ ਨਾਲ ਪ੍ਰਸਤੁਤ ਕਰਦੀ ਹੈ।

ਸ਼ਰਨ ਮੱਕੜ-ਕਾਵਿ ਪਿੱਛੇ ਇਕ ਸੰਵੇਦਨਸ਼ੀਲ ਨਾਰੀ ਦੀ ਹੋਂਦ ਕਾਰਜਸ਼ੀਲ ਹੈ। ਇਹ ਕਾਵਿ ਨਾਰੀ-ਜੀਵਨ ਪ੍ਰਤਿ ਵਸਤੂ ਸੰਸਾਰ ਦੀ ਇਤਿਹਾਸਕ ਸੂਝ ਉੱਪਰ ਉਸਰਿਆ ਹੋਣ ਸਦਕਾ ਉਸ ਪ੍ਰਤਿ ਭਾਵੂਕ ਪ੍ਰਤਿਕਰਮਾ, ਸ੍ਵੈ-ਤਰਸ ਤੇ ਪੀੜਾ-ਮੋਹ ਦੀ ਰੁਚੀ ਦਾ ਸ਼ਿਕਾਰ ਨਹੀਂ। ਇਸ ਕਾਵਿ ਵਿਚ ਗੱਲ ਚਾਹੇ ਅਪੂਰਤੀ ਦੇ ਅਹਿਸਾਸ ਦੀ ਹੋਵੇ, ਚੌਗਿਰਦੇ ਦੀ ਘੁੱਟਣ ਦੀ ਜਾਂ ਮਨੁੱਖੀ ਸਭਿਅਤਾ ਦੇ ਅਣਦਿਸਦੇ ਵਿਕਰਾਲ ਰੂਪ ਦੀ, ਸਭਿਆਚਾਰਕ ਕੀਮਤਾਂ ਦੀ ਟੁੱਟ ਭੱਜ ਦੀ ਜਾਂ ਪਦਾਰਥਕ ਪ੍ਰਾਪਤੀਆਂ ਦੇ ਬਾਵਜੂਦ ਕਿਸੇ ਆਤਮਿਕ ਲੋਚਾ ਦੀ, ਇਸ ਸਭ ਕਝ ਪਿੱਛੇ ਨਾਰੀ ਦੀ ਵਸਤੂ ਬਣੀ ਖੰਡਿਤ ਹੋਂਦ ਹੀ ਕੰਮ ਕਰ ਰਹੀ ਹੈ। ਇਸ ਕਾਵਿ ਵਿਚ ਪਰੰਪਰਾਗਤ ਤੇ ਮਰਿਆਦਾ ਮੂਲਕ ਮੁੱਲਾਂ ਪ੍ਰਤਿ ਅਪਨਾਈ ਗਈ ਖੰਡਨਮਈ ਸੁਰ ਇਤਿਹਾਸ ਤੇ ਮਿਥਿਹਾਸ ਦੇ ਸਾਰੇ ਫੋਕਟ ਤੇ ਅਰਥਹੀਨ ਮੁੱਲਾਂ ਨੂੰ ਪ੍ਰਵਾਨ ਕਰਨ ਤੋਂ ਇਨਕਾਰੀ ਹੈ।

ਨਾਰੀ-ਮੁਕਤੀ ਤੇ ਪ੍ਰਸੰਗ ਵਿਚ ਇਸ ਕਾਵਿ ਵਿਚ ਪਦਾਰਥਕ ਪ੍ਰਾਪਤੀਆਂ ਜਾਂ ਦੁਨਿਆਵੀ ਸੁੱਖ ਸਹੂਲਤਾਂ ਨਾਲੋਂ ਆਤਮਾ ਦੀ ਆਜ਼ਾਦੀ ਦੇ ਮੁੱਲਾ ਨੂੰ ਤਰਜੀਹ ਦਿੱਤੀ ਗਈ ਹੈ। ਰੂਹ ਤੇ ਜਿਸਮ ਦੀ ਕਸ਼ਮਕਸ਼ ਵਿਚ ਘਿਰੀ ਨਾਰੀ-ਹੋਂਦ ਦੀ ਵਸਤੂ-ਸਥਿਤੀ ਤੋਂ ਵੀ ਇਹ ਕਾਵਿ ਬੇਖ਼ਬਰ ਨਹੀਂ। ਇਸ ਪ੍ਰਤਿਕੂਲ ਵਾਤਾਵਰਣ ਵਿਚ ਨਾਰੀ ਉਸ ਨੂੰ ਜੀਉਂਦੀ ਨਹੀਂ ਬਸ ਸਾਹ ਲੈਂਦੀ ਪ੍ਰਤੀਤ ਹੁੰਦੀ ਹੈ। ਪੁਰਖ-ਪ੍ਰਧਾਨ ਸਮਾਜ ਵਿਚ ਉਸੇ ਦੀ ਮਰਜ਼ੀ ਨਾਲ ਬਣਾਏ ਮੁੱਲਾਂ ਵਿਚ ਨਾਰੀ ਦਾ ਹੁਣ ਤਕ ਦਾ ਸਫ਼ਰ ਉਸ ਨੂੰ ਬਿਸਤਰੇ ਤੋਂ ਰਸੋਈ ਤਕ ਦਾ ਸਫ਼ਰ ਪ੍ਰਤੀਤ ਹੁੰਦਾ ਹੈ। ਉਸ ਨੂੰ ਨਾਰੀ ਵਿਕਾਸ ਦੇ ਰਸਤੇ ਵਿਚ ਅਨੇਕਾਂ ਰੁਕਵਟਾਂ ਦਿਖਾਈ ਦੇਂਦੀਆਂ ਹਨ। ਉਹ ਨਾਰੀ ਦੀ ਹੋਂਦ ਅੰਦਰ ਚੇਤਨਾ ਦੀ ਚਿਣਗ ਜਗਾਉਣਾ ਲੋਚਦੀ ਹੈ। ਇਸ ਲਈ ਸਮਝੌਤੇ ਦਾ ਤਿਆਗ ਉਸ ਨੂੰ ਲਾਜ਼ਮੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ਼ਰਤ ਪ੍ਰਤੀਤ ਹੁੰਦਾ ਹੈ।

ਉਹ ਪੁਰਖ ਦੇ ਨਾਰੀ ਉੱਪਰ ਹਰ ਪ੍ਰਕਾਰ ਦੇ ਜਿਸਮਾਨੀ ਜ਼ੁਲਮ ਦੀ ਤਿੱਖੀ ਵਿਰੋਧਤਾ ਕਰਦੀ ਹੈ ਭਾਵੇਂ ਕੁੱਟ ਮਾਰ ਦੀ ਸ਼ਕਲ ਵਿਚ ਹੋਵੇ ਜਾਂ ਬਲਾਤਕਾਰ ਦੀ ਸੂਰਤ ਵਿਚ। ਇਹ ਕਾਵਿ ਇਸ ਜ਼ੁਲਮ ਦੇ ਇਤਿਹਾਸ ਤੋਂ ਵੀ ਨਾਵਾਕਿਫ਼ ਨਹੀਂ। ਵਸਤੂ ਸਥਿਤੀ ਦੀ ਪ੍ਰਚੰਡ ਚੇਤਨਾ ਸਦਕਾ ਕਈ ਵਾਰ ਇਸ ਕਾਵਿ ਵਿਚ ਉਸ ਦੇ ਅਵਚੇਤਨ ਵਿਚ ਵੱਸੀ ਕੌੜੀ ਪ੍ਰਤਿਕਿਰਿਆ ਵੀ ਪ੍ਰਗਟ ਹੁੰਦੀ ਹੈ ਪਰੰਤੂ ਇਹ ਸਭ ਕੁਝ ਉਸ ਦੇ ਦ੍ਰਿਸ਼ਟੀਕੋਣ ਨੂੰ ਦਿਸ਼ਾਹੀਨ ਤੇ ਅਸੰਤੁਲਿਤ ਨਹੀਂ ਬਣਾਉਂਦਾ। ਇਸ ਪ੍ਰਤਿ ਤੀਖਣ ਪ੍ਰਤਿ-ਕਰਮ ਕਿਸੇ ਸੁਨਹਿਰੀ ਭਵਿੱਖ ਦੇ ਸੁਪਨੇ ਦੀ ਲੋਚਾ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਉਸ ਦੇ ਕਾਵਿ ਵਿਚਲਾ "ਸ਼ਿਵ ਸ਼ਕਤੀ" ਦਾ ਸੰਕਲਪ ਜਾਂ ਉਸ ਦੀ ਸਭਿਅਤਾ ਬਾਰੇ ਇਹ ਧਾਰਨਾ ਕਿ :

ਸਭਿਅਤਾ ਮਨੁੱਖੀ ਜੀਵਨ ਦੇ ਦਰਿਆ ਦਾ
ਇਕ ਕੰਢਾ ਮਰਦ ਹੈ ਦੂਜਾ ਔਰਤ,
ਸਭਿਅਤਾ ਇਸ ਦਰਿਆ ਦਾ ਵਗਦਾ ਪਾਣੀ ਹੈ।

ਉਪਰੋਕਤ ਧਾਰਨਾ ਦੀ ਨਿਗਰ ਮਿਸਾਲ ਹੈ।

ਕੁਲਦੀਪ ਕਲਪਨਾ ਦੀ ਸ਼ਾਇਰੀ ਦੇ ਸਤਹੀ ਅਧਿਐਨ ਤੋਂ ਇਹ ਵਿਅਕਤੀ-ਗਤ ਹੋਂਦ ਦੁਆਲੇ ਸਿਮਟੀ ਰੁਮਾਂਟਿਕ ਜਿਹੀ ਸ਼ਾਇਰੀ ਪ੍ਰਤੀਤ ਹੁੰਦੀ ਹੈ। ਇਸ ਦਾ ਕਾਰਣ ਇਹ ਹੈ ਕਿ ਉਹ ਮਨੋਵਿਸ਼ਾਦ, ਇਕੱਲਤਾ ਜਾਂ ਉਦਰੇਵਿਆਂ ਉੱਪਰ ਆਪਣਾ ਧਿਆਨ ਵਧੇਰੇ ਕੇਂਦ੍ਰਿਤ ਕਰਦੀ ਹੈ। ਪਰੰਤੂ ਇਹ ਆਂਤਰਿਕ ਇਕੱਲਤਾ, ਉਦਾਸੀ ਤੇ ਵਿਸ਼ਾਦ ਦੇ ਪ੍ਰਸ਼ਨ ਮਾਨਵ ਦੇ ਨਿਰਪੇਖ ਅਸਤਿਤਵ ਨਾਲ ਸੰਬੰਧਿਤ ਨਹੀਂ ਹਨ। ਉਸ ਦੀ ਰਚਨਾ ਵਿਚਲੀ ਨਿੱਜ ਦੀ ਵੀਰਾਨੀ ਪੂਰੀ ਤੀਖਣਤਾ ਨਾਲ ਪ੍ਰਗਟ ਜ਼ਰੂਰ ਹੋਈ ਹੈ; ਨਿੱਜ ਦੇ ਦਾਇਰੇ ਵਿਚ ਸੁੰਘੜੀ ਹੋਂਦ ਵੀ ਦਿਖਾਈ ਦੇਂਦੀ ਹੈ। ਪਰੰਤੂ ਇਸ ਵਿਚਲੀ ਨਿੱਜ-ਮੁਖਤਾ, ਇਕੱਲਤਾ, ਉਦਾਸੀ, ਵੀਰਾਨੀ, ਦੀਆਂ ਜੜ੍ਹਾਂ ਸਾਡੇ ਸਮਾਜਕ ਚੌਖਟੇ, ਪ੍ਰਚਲਿਤ ਜੀਵਨ ਮੁੱਲਾਂ ਅਤੇ ਲੋਕ ਵਿਸ਼ਵਾਸਾਂ ਵਿਚ ਡੂੰਘੀਆਂ ਧੱਸੀਆਂ ਹੋਈਆਂ ਹਨ। ਇਸ ਲਈ ਉਸ ਦੀ ਕਵਿਤਾ ਵਿਚਲੀ ਨਿੱਜਮੁਖਤਾ, ਬਾਹਰਲੀ ਵੀਰਾਨੀ ਅਤੇ ਵਹਿਸ਼ਤ ਨੂੰ ਇਕ ਦੂਸਰੇ ਦੇ ਪ੍ਰਸੰਗ ਵਿਚ ਵੇਖਿਆਂ ਹੀ ਉਸ ਦੀ ਸਿਰਜਣਾ ਦੇ ਪ੍ਰਸੰਗ ਨੂੰ ਯੋਗ ਭਾਂਤ ਸਮਝਿਆ ਜਾ ਸਕਦਾ ਹੈ। ਕੁਲਦੀਪ ਕਲਪਨਾ ਦੀ ਸ਼ਾਇਰੀ ਵਿਚੋਂ ਹਾਲਾਤ ਦਾ ਸ਼ਿਕਾਰ ਬਣੀ ਐਸੀ ਨਾਰੀ ਦਾ ਬਿੰਬ ਉਸਰਦਾ ਹੈ ਜਿਹੜੀ ਆਜ਼ਾਦੀ ਦੀ ਲੋਚਾ ਤਾਂ ਕਰਦੀ ਹੈ ਪਰ ਆਪਣੀ ਸ਼ਕਤੀ ਦੀ ਸੀਮਾਂ ਤੋਂ ਵੀ ਨਾਵਾਕਿਫ਼ ਨਹੀਂ। ਲੇਖਿਕਾ ਵਸਤੂ-ਸਥਿਤੀ ਦੇ ਠੀਕ ਬੋਧ ਦੇ ਆਧਾਰ ਉੱਪਰ ਆਦਰਸ਼ਵਾਦੀ ਪੈਂਤੜਾ ਅਖ਼ਤਿਆਰ ਨਹੀਂ ਕਰਦੀ, ਸਗੋਂ ਵਿਦਰੋਹ ਨੂੰ ਐਸੇ ਰੂਪ ਵਿਚ ਪ੍ਰਸਤੁਤ ਕਰਦੀ ਹੈ ਜੋ ਵਾਸਤਵਿਕਤਾ ਦੇ ਅਸਲੋਂ ਨੇੜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਵੇ। ਸਥਿਤੀ ਦੀ ਕਰੂਰਤਾ ਦੇ ਪ੍ਰਸੰਗ ਵਿਚ ਸ਼ਾਇਦ ਇਸ ਤੋਂ ਵੱਧ ਸੰਭਵ ਵੀ ਨਹੀਂ। ਨਾਰੀ ਦੀ ਤਿੜਕੀ ਤੇ ਖਿੰਡੀ-ਬਿਖਰੀ ਹੋਂਦ ਸਦਕਾ ਇਸ ਵਿਦਰੋਹ ਨੂੰ ਉੱਚੇ ਸੁਰ ਵਿਚ ਬਿਆਨ ਕਰਨਾ ਇਕ ਪ੍ਰਕਾਰ ਦੀ ਰੁਮਾਂਟਿਕਤਾ ਹੀ ਹੈ, ਜਿਸ ਦਾ ਕਲਪਨਾ ਸ਼ਿਕਾਰ ਨਹੀਂ ਹੁੰਦੀ। ਉਸ ਦੀਆਂ ਰਚਨਾਵਾਂ ਨਾਰੀ ਦੇ ਇਸ ਸੀਮਿਤ ਪਰ ਤੀਬਰ ਤੀਖਣ ਵਿਦਰੋਹ ਨੂੰ ਇਸ਼ਾਰਿਆਂ ਦੇ ਰੂਪ ਵਿਚ ਆਪਣੇ ਅੰਦਰ ਸਮੇਟਦੀਆਂ ਹਨ। ਇਨ੍ਹਾਂ ਇਸ਼ਾਰਿਆਂ ਨੂੰ ਇਕੱਠੇ ਕਰਨ ਪਿਛੋਂ ਇਸ ਗੱਲ ਪ੍ਰਤਿ ਸੰਦੇਹ ਨਹੀਂ ਰਹਿੰਦਾ ਕਿ ਇਸ ਰਚਨਾ ਦੀ ਮੂਲ ਸੁਰ ਨਾਰੀ ਦੀ ਟੁੱਟੀ ਤਿੜਕੀ ਹੋਂਦ ਨੂੰ ਉਜਾਗਰ ਕਰਨ ਦੀ ਹੈ ਜਿਹੜੀ ਹਾਲਾਤ ਵੱਸ ਆਤਮ-ਕੇਂਦ੍ਰਣ ਦਾ ਸ਼ਿਕਾਰ ਹੋ ਚੁੱਕੀ ਹੈ। ਆਪਣੀ ਸੰਵੇਦਨਸ਼ੀਲਤਾ ਸਦਕਾ ਉਹ ਨਾਰੀ ਹੋਣ ਦੇ ਅਹਿਸਾਸ ਨੂੰ ਹੰਢਾਉਂਦੀ ਹੀ ਨਹੀਂ ਬਲਕਿ ਉਸ ਨੂੰ ਸਿਰਜਣਾ ਦੇ ਚੌਖਟੇ ਵਿਚ ਢਾਲਦੀ ਵੀ ਹੈ। ਇਕੱਲਤਾ, ਉਦਾਸੀ, ਵੀਰਾਨੀ, ਨਿਰਾਸ਼ਾ, ਬੇਤਰਤੀਬੀ ਅਤੇ ਤੋਹਮਤਾਂ ਆਦਿ ਇਸੇ ਅਹਿਸਾਸ ਦੇ ਹੀ ਵੇਰਵੇ ਹਨ।

ਕੁਲਦੀਪ ਕਲਪਨਾ ਦੀ ਸ਼ਾਇਰੀ ਵਿਚਲੀ ਨਾਰੀ ਨੂੰ ਸੰਵੇਦਨਸ਼ੀਲ ਹੋਣ ਸਦਕਾ, ਆਪਣੇ ਆਲੇ-ਦੁਆਲੇ ਦੀ ਤੀਖਣ ਸੋਝੀ ਹੈ। ਇਸ ਤੀਖਣ ਸੋਝੀ ਨੂੰ ਕੌੜੀ ਪ੍ਰਤਿਕਿਰਿਆ ਵਿਚ ਪੇਸ਼ ਕਰਨ ਦੀ ਥਾਂ ਉਸ ਨੇ ਪ੍ਰਤੀਕਮਈ ਸ਼ੈਲੀ ਰਾਹੀਂ ਅਭਿਵਿਅਕਤ ਕੀਤਾ ਹੈ। ਉਸ ਦੀ ਰਚਨਾ ਪਰਿਸਥਿਤੀਆਂ ਦੀ ਕਰੂਰਤਾ ਦੇ ਪ੍ਰਭਾਵ ਨੂੰ ਚਿਤਰਦੀ ਹੈ। ਇਸ ਪ੍ਰਭਾਵ ਦਾ ਸਿਰਜਣਾ ਦੀ ਪੱਧਰ ਉੱਪਰ ਦੋਹਰਾ ਅਸਰ ਹੁੰਦਾ ਹੈ ਅਰਥਾਤ ਪਰਿਸਥਿਤੀਆਂ ਦੀ ਕਰੂਰਤਾ ਵੀ ਚਿਤਰੀ ਜਾਂਦੀ ਹੈ ਅਤੇ ਉਨ੍ਹਾਂ ਦੇ ਪ੍ਰਭਾਵਾਂ ਸਦਕਾ ਮਨੋਸੰਕਟ ਦਾ ਸ਼ਿਕਾਰ ਨਾਰੀ ਦਾ ਬਿੰਬ ਵੀ ਸਾਮ੍ਹਣੇ ਆ ਜਾਂਦਾ ਹੈ। ਸਿੱਟੇ ਵਜੋਂ ਨਾਰੀ ਦੀ ਅਖੌਤੀ ਬਹਾਦਰੀ ਤੇ ਦਲੇਰੀ ਉਸ ਦੀ ਸਿਰਜਣਾ ਦਾ ਅੰਗ ਨਹੀਂ ਬਣਦੀ ਸਗੋਂ ਉਹ ਨਾਰੀ ਦੇ ਖਿੰਡੇ-ਤਿੜਕੇ ਅਸਤਿਤਵ ਨੂੰ ਰੂਪਮਾਨ ਕਰਦੀ ਹੈ। ਸਮਝੌਤਾ ਤੇ ਤਨਾਉ ਇਸ ਖਿੰਡੀ-ਤਿੜਕੀ ਹੋਂਦ ਵਾਲੀ ਨਾਰੀ ਦੇ ਅਸਤਿਤਵ ਦੇ ਦੋ ਅਹਿਮ ਅੰਗ ਹਨ। ਇਸੇ ਸਦਕਾ ਹੀ ਉਹ ਪ੍ਰੇਤਾਂ ਸੰਗ ਰਹਿਣ ਦੀ ਜਾਚ ਦੀ ਗੱਲ ਕਰਦੀ ਹੈ। ਭਰਵੇਂ ਵਿਦਰੋਹ ਦੀ ਗੈਰ-ਹਾਜ਼ਰੀ (ਜਿਹੜਾ ਹਾਲਾਤਾਂ ਦੀ ਕਰੂਰਤਾ ਸਦਕਾ ਮੁਮਕਿਨ ਵੀ ਨਹੀਂ) ਅਤੇ ਅਣਚਾਹੇ ਨਾਲ ਜੀਵਨ ਗਾਲਣ ਦੀ ਮਜਬੂਰੀ ਸਦਕਾ ਪੈਦਾ ਹੋਣ ਵਾਲੀ ਕਸ਼ਮਕਸ਼ ਉਸਦੀ ਸਮੁੱਚੀ ਸਿਰਜਣਾ ਵਿਚ ਵਿਆਪਕ ਹੈ। ਇਹ ਕਸ਼ਮਕਸ਼ ਅਹਿਸਾਸ ਨੂੰ ਤਿੱਖਿਆਂ ਤੇ ਚੇਤਨਾ ਨੂੰ ਗਹਿਰਾ ਕਰਦੀ ਹੈ। ਇਸ ਸੰਵੇਦਨਾ ਸਦਕਾ ਆਲੇ ਦੁਆਲੇ ਫੈਲਿਆ ਸਭਿਆਚਾਰਕ ਮੁੱਲਾਂ ਦਾ ਢਾਂਚਾ ਆਪਣੇ ਅਸਲੀ ਰੂਪ ਵਿਚ ਸਾਮ੍ਹਣੇ ਆ ਜਾਂਦਾ ਹੈ ਅਤੇ ਉਸ ਦੀ ਸਾਰਥਕਤਾ ਵੀ ਨਿੱਖਰ ਆਉਂਦੀ ਹੈ। ਇਨ੍ਹਾਂ ਸਭਿਆਚਾਰਕ ਮੁੱਲਾਂ ਦੀ ਪਛਾਣ ਕਰਦੀ ਹੋਈ ਕਲਪਨਾ ਦੁਆਰਾ ਸਿਰਜਿਤ ਨਾਰੀ ਧਰਮ, ਸਦਾਚਾਰ ਅਤੇ ਲੋਕਾਚਾਰ ਆਦਿ ਨਾਲ ਸੰਬੰਧਿਤ ਮੁੱਲਾਂ ਨੂੰ ਨਾਰੀ ਦੇ ਵਿਕਾਸ ਦੇ ਰਸਤੇ ਵਿਚ ਰੁਕਾਵਟਾਂ ਤਸੱਵੁਰ ਕਰਦੀ ਹੈ। ਉਹ ਨਾਰੀ ਦੀ ਹੋਂਦ ਨੂੰ ਨਿਰੰਤਰ ਸੰਕਟਮਈ ਬਣਾ ਰਹੀ ਲੋਕ ਮਾਨਸਿਕਤਾ ਨੂੰ ਆਪਣੇ ਤਿੱਖੇ ਵਿਅੰਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਧੁਰਾ ਬਣਾਉਂਦੀ ਹੈ। ਉਹ "ਪੂਰਵ ਮਿਥਿਆ ਸਭ ਕੁਝ ਮੰਨਣਾ ਵੀ ਬਿਮਾਰੀ" ਅਤੇ "ਲੇਖਾਂ ਦੇ ਸਿਰ ਸਭ ਕੁਝ ਛੱਡਣਾ ਵੀ ਬਿਮਾਰੀ" ਦੀ ਗੱਲ ਕਰਕੇ ਇਨ੍ਹਾਂ ਮੁੱਲਾਂ ਦੀ ਸਾਰਥਕਤਾ ਅੱਗੇ ਪ੍ਰਸ਼ਨ ਚਿੰਨ੍ਹ ਲਟਕਾਅ ਦੇਂਦੀ ਹੈ। ਕਿਹਾ ਜਾ ਸਕਦਾ ਹੈ ਕਿ ਕਲਪਨਾ ਦੀ ਸ਼ਾਇਰੀ ਪਰਿਸਥਿਤੀਆਂ ਦੀ ਕਰੂਰਤਾ ਦੇ ਪ੍ਰਭਾਵ ਨੂੰ ਚਿਤਰਦੀ ਹੈ ਜਿਸ ਵਿਚੋਂ ਇਕ ਸੰਵੇਦਨਸ਼ੀਲ, ਤਨਾਉਗ੍ਰਸਤ ਅਤੇ ਖੰਡਿਤ ਨਾਰੀ ਦੇ ਅਸਤਿਤਵ ਦੇ ਕਈ ਪਾਸਾਰ ਉੱਭਰ ਕੇ ਸਾਹਮਣੇ ਆਉਂਦੇ ਹਨ।

ਮਹਿੰਦਰ ਕੌਰ ਗਿੱਲ, ਸ਼ਰਨ ਮੱਕੜ ਅਤੇ ਕੁਲਦੀਪ ਕਲਪਨਾ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਇਲਾਵਾ ਅਸਾਂ ਕੁਝ ਨਵੀਨ ਇਸਤਰੀ-ਲੇਖਿਕਾਵਾਂ ਦੀਆਂ ਪੁਸਤਕਾਂ ਨੂੰ ਵੀ ਆਪਣੇ ਅਧਿਐਨ ਦਾ ਧੁਰਾ ਬਣਾਇਆ ਹੈ। ਇਹ ਇਸਤਰੀ-ਕਵੀ ਹਨ : ਮਨਜੀਤ ਟਿਵਾਣਾ, ਅਮਰ ਜਿਉਤੀ, ਮਨਜੀਤ ਪਾਲ ਕੌਰ, ਪਾਲ ਕੌਰ, ਵਨੀਤਾ, ਬਚਿੱਤ ਕੌਰ, ਕੁਲਦੀਪ ਗਿੱਲ। ਇਸ ਅਧਿਐਨ ਉਪਰੰਤ ਅਸੀਂ ਇਨ੍ਹਾਂ ਸਿੱਟਿਆਂ ਉੱਪਰ ਪੁੱਜੇ ਹਾਂ। ਮਨਜੀਤ ਟਿਵਾਣਾ ਆਪਣੇ ਆਲੇ ਦੁਆਲੇ ਪ੍ਰਤਿ ਚੇਤੰਨ ਇਸਤਰੀ ਲੇਖਿਕਾ ਹੈ ਅਤੇ ਆਪਣੇ ਸਮਾਜਕ ਤੇ ਰਾਜਨੀਤਕ ਮਾਹੌਲ ਵਿਚੋਂ ਪੈਦਾ ਹੋਣ ਵਾਲੇ ਤਨਾਉ ਨੂੰ ਨਵੀਨ ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਪੇਸ਼ ਕਰਦੀ ਹੈ। ਉਸ ਦੀਆਂ ਰਚਨਾਵਾਂ ਵਿਚੋਂ ਕਈ ਧਰਾਤਲਾਂ ਉੱਪਰ ਸ੍ਵੈ ਦੀ ਆਜ਼ਾਦੀ ਲਈ ਘੋਲ ਕਰਦੀ ਚੇਤੰਨ ਨਾਰੀ ਦਾ ਬਿੰਬ ਉਭਰਦਾ ਹੈ। ਉਸ ਨੇ ਪਿਆਰ ਤੇ ਰੁਮਾਂਸ ਬਾਰੇ ਵੀ ਗੈਰ-ਰਵਾਇਤੀ ਅੰਦਾਜ਼ ਵਿਚ ਕਾਵਿ-ਸਿਰਜਣਾ ਕੀਤੀ ਹੈ। ਉਸ ਦੁਆਰਾ ਸਿਰਜਿਤ ਨਾਰੀ ਆਪਣੇ ਚੌਗਿਰਦੇ ਵਿਚ ਪੱਸਰੇ ਸੰਕੀਰਣ, ਖੋਖਲੇ ਅਤੇ ਅਰਥਹੀਣ ਰੀਤੀ ਰਿਵਾਜਾਂ ਤੋਂ ਵਾਕਿਫ਼ ਹੈ ਅਤੇ ਇਨ੍ਹਾਂ ਨੂੰ ਤੋੜਣ ਲਈ ਸੰਘਰਸ਼ ਵੀ ਕਰਦੀ ਹੈ। ਵਸਤੂ-ਸਥਿਤੀ ਪ੍ਰਤਿ ਤਿੱਖੀ ਚੇਤਨਾ ਸਦਕਾ ਉਸ ਦੀ ਸਿਰਜਣਾ ਵਿਚ ਪ੍ਰਚਲਿਤ ਮੁੱਲਾਂ ਦਾ ਵਿਰੋਧ ਤਾਂ ਹੈ, ਪਰ ਉਨ੍ਹਾਂ ਦੇ ਖਿਲਾਫ਼ ਵਿਦਰੋਹ ਨਹੀਂ। ਗਲਤ ਸਮਾਜਕ ਤੇ ਸਭਿਆਚਾਰਕ ਕੀਮਤਾਂ ਵਿਚ ਜਕੜੀ ਨਾਰੀ ਦੀ ਹੋਂਦ ਵਿਚਲੇ ਤਨਾਉ ਨੂੰ ਸਾਮ੍ਹਣੇ ਲਿਆਉਂਦੀ ਹੋਈ ਟਿਵਾਣਾ ਆਪਣੀਆਂ ਕਈ ਨਜ਼ਮਾਂ ਵਿਚ ਨਾਰੀ ਦੀ ਮਰਦ ਵਿਰੁਧ ਕੌੜੀ ਪ੍ਰਤਿਕਿਰਿਆ ਨੂੰ ਵੀ ਪੇਸ਼ ਕਰਦੀ ਹੈ। ਕਈ ਥਾਂ ਇਹ ਨਜ਼ਮਾਂ ਮਰਦ ਪ੍ਰਤਿ ਇਕ ਵਿਸ਼ੇਸ਼ ਪ੍ਰਕਾਰ ਦੀ ਕੁੜਿੱਤਣ ਦਾ ਪ੍ਰਗਟਾਵਾ ਵੀ ਕਰਦੀਆਂ ਹਨ। ਇਸੇ ਕੁੜਿੱਤਣ ਤੇ ਕੌੜੀ ਪ੍ਰਤਿਕਿਰਿਆ ਦਾ ਸ਼ਿਕਾਰ ਹੋਈ ਉਹ ਪਤੀ ਨੂੰ ਭੇੜੀਏ ਦੇ ਰੂਪ ਵਿਚ ਪੇਸ਼ ਕਰਦੀ ਹੈ। ਜਦੋਂ ਉਹ ਇਨ੍ਹਾਂ ਵਿਚਾਰਾਂ ਨੂੰ ਸਮਾਨਯ ਤੇ ਸਰਵ-ਵਿਆਪੀ ਸੱਚ ਵਜੋਂ ਪੇਸ਼ ਕਰਦੀ ਹੈ ਤਾਂ ਉਸ ਦੀ ਦ੍ਰਿਸ਼ਟੀ ਇਕ ਅਸੰਤੁਲਨ ਵਿਚ ਗੁਆਚ ਜਾਂਦੀ ਹੈ। ਉਸ ਨੇ ਆਪਣੀਆਂ ਕਈ ਕਵਿਤਾਵਾਂ ਵਿਚ ਅਜੋਕੇ ਮੁੰਡੇ-ਕੁੜੀਆਂ ਦੀ ਜ਼ਿਹਨੀਅਤ ਉੱਪਰ ਵੀ ਵਿਅੰਗ ਕੀਤਾ ਹੈ। ਉਹ ਇਕ ਪਾਸੇ ਮਨੁੱਖੀ ਰਿਸ਼ਤਿਆਂ ਵਿਚੋਂ ਗੁੰਮ-ਗੁਆਚ ਰਹੇ ਸਨੇਹ ਤੇ ਮੋਹ ਨੂੰ ਪ੍ਰਗਟਾਉਂਦੀ ਹੈ ਤੇ ਨਾਲ ਹੀ ਨਾਲ ਅਜੋਕੇ ਯੁੱਗ ਵਿਚ ਰਿਸ਼ਤਿਆਂ ਦੀ ਪਛਾਣ ਲਈ ਪਨਪ ਰਹੀ ਬਾਜ਼ਾਰੂ ਤੇ ਮੁਨਾਫ਼ਾ-ਆਧਾਰਿਤ ਬਿਰਤੀ ਨੂੰ ਸਾਮ੍ਹਣੇ ਲਿਆਉਂਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਉਸ ਦੀ ਕਵਿਤਾ ਦੀ ਮੂਲ ਸੁਰ ਵਿਅੰਗ ਦੀ ਹੈ ਜਿਹੜੀ ਉਸ ਦੀ ਸ਼ਾਇਰੀ ਨੂੰ ਬੌਧਿਕ ਮੁਹਾਂਦਰਾ ਪ੍ਰਦਾਨ ਕਰਦੀ ਹੈ। ਉਹ ਸਰਮਾਏਦਾਰੀ ਦੇ ਇਸ ਦੌਰ ਵਿਚ ਨਾਰੀ ਪ੍ਰਤਿ ਪ੍ਰਸੰਸਨੀ-ਸੁਰ ਵਿਚ ਕੋਈ ਗੱਲ ਕਹਿਣ ਦੀ ਬਜਾਏ ਉਸ ਪ੍ਰਤਿ ਅਜੇਹੀ ਆਲੋਚਨਾਤਮਕ ਵਿਧੀ ਅਪਣਾਉਂਦੀ ਹੈ ਜਿਹੜੀ ਸਮੁੱਚੇ ਨਾਰੀ-ਕਾਵਿ ਵਿਚ ਬਹੁਤ ਘੱਟ ਦ੍ਰਿਸ਼ਟੀਗੋਚਰ ਹੁੰਦੀ ਹੈ।

ਅਮਰ ਜਿਉਤੀ ਦੀ ਕਾਵਿ-ਰਚਨਾ ਵੀ ਨਾਰੀ ਦੀਆਂ ਸਮੱਸਿਆਵਾਂ ਤੇ ਵੇਦਨਾ ਦੀ ਪੇਸ਼ਕਾਰੀ ਪ੍ਰਤਿ ਪ੍ਰਤਿਬੱਧਤਾ ਦਾ ਪਰਿਚਯ ਦੇਂਦੀ ਹੈ। ਉਸ ਦੀ ਦਿਲਚਸਪੀ ਦਾ ਖੇਤਰ ਹੀ ਨਾਰੀ ਦੀ ਦੁਸ਼ਵਾਰੀਆਂ ਭਰਪੂਰ ਜ਼ਿੰਦਗੀ ਹੈ। ਉਸ ਦੀ ਸ਼ਾਇਰੀ ਨਾਰੀ ਦੀ ਵਿਸ਼ਾਦ-ਗ੍ਰਸਤ ਸਥਿਤੀ ਨੂੰ ਤਾਂ ਚਿਤਰਦੀ ਹੈ ਪਰੰਤੂ ਰੁਦਨ ਉੱਪਰ ਸਮਾਪਤ ਨਹੀਂ ਹੁੰਦੀ। ਉਸ ਦੀਆਂ ਕਵਿਤਾਵਾਂ ਵਿਚਲੀ ਨਾਰੀ ਦੁੱਖਾਂ, ਪੀੜਾਂ, ਨਿਰਾਸ਼ਾ ਤੇ ਤਨਾਉ ਦੀ ਸਥਿਤੀ ਵਿਚੋਂ ਗੁਜ਼ਰਦੀ ਤਾਂ ਜ਼ਰੂਰ ਹੈ ਪਰੰਤੂ ਚੁੱਪ ਤੇ ਖਾਮੋਸ਼ੀ ਧਾਰਣ ਕਰਨ ਦੀ ਬਜਾਏ ਤਰਕ-ਵਿਤਰਕ ਦਾ ਸਹਾਰਾ ਲੈਂਦੀ ਹੈ। ਮਹਿੰਦਰ ਕੌਰ ਗਿੱਲ ਵਾਂਗ ਉਸ ਨੇ ਕੰਮਕਾਰੀ ਨਾਰੀ ਦੀ ਤ੍ਰਾਸਦਿਕ ਸਥਿਤੀ ਤੇ ਭਟਕਣਾ ਨੂੰ ਆਪਣੇ ਧਿਆਨ ਦਾ ਕੇਂਦਰ-ਬਿੰਦੂ ਬਣਾਇਆ ਹੈ। ਉਹ ਵੀ ਆਪਣੇ ਆਲੇ ਦੁਆਲੇ ਦੇ ਸਮਾਜਕ ਤੇ ਦਫ਼ਤਰੀ ਢਾਂਚੇ ਨੂੰ ਨਾਰੀ ਦੇ ਕੋਣ ਤੋਂ ਵੇਖਦੀ ਹੈ। ਉਹ ਇਤਿਹਾਸ ਦੀ ਗਤੀਸ਼ੀਲਤਾ ਵਿਚੋਂ ਲੁੱਟ-ਖਸੁੱਟ, ਜ਼ੁਲਮ, ਤੇ ਮਜਬੂਰੀਆਂ ਸਦਕਾ ਨਾਰੀ ਦੀ ਸਥਿਤੀਸ਼ੀਲਤਾ ਦੇ ਦੀਦਾਰ ਕਰਦੀ ਹੈ। ਉਸ ਨੂੰ ਅਜੋਕੇ ਯੁੱਗ ਵਿਚ ਦਫ਼ਤਰਾਂ ਵਿਚ ਬੈਠੇ ਬਾਸ ਉਸੇ ਤਰ੍ਹਾਂ ਹੀ ਨਾਰੀ ਦੀਆਂ ਮਜ਼ਬੂਰੀਆਂ ਤੇ ਬੇਬਸੀ ਨਾਲ ਖਿਲਵਾੜ ਕਰਦੇ ਪ੍ਰਤੀਤ ਹੁੰਦੇ ਹਨ ਜਿਸ ਤਰ੍ਹਾਂ ਕਿ ਮੱਧਕਾਲ ਵਿਚ ਰਾਜੇ ਮਹਾਰਾਜੇ ਨਾਰੀ ਨੂੰ ਦਾਸੀ ਬਣਾ ਕੇ ਉਸ ਦੇ ਜਿਸਮ ਨਾਲ ਖੇਡਿਆ ਕਰਦੇ ਸਨ। ਉਸ ਦੀਆਂ ਕੁਝ ਕਵਿਤਾਵਾਂ ਪੁਰਸ਼-ਪ੍ਰਭੁਤਾ ਵਾਲੇ ਸਮਾਜ ਵਿਚ ਆਰਥਿਕ ਮਜਬੂਰੀਆਂ ਵੱਸ ਘਰ ਦੀ ਚਾਰਦੀਵਾਰੀ ਵਿਚੋਂ ਰੋਟੀ-ਰੋਜ਼ੀ ਕਮਾਉਣ ਲਈ ਬਾਹਰ ਨਿਕਲੀ ਨਾਰੀ ਦੇ ਜਿਸਮ ਉੱਪਰ ਹੁੰਦੇ ਪ੍ਰਹਾਰ ਦੀ ਦਾਸਤਾਨ ਪੇਸ਼ ਕਰਦੀਆਂ ਹਨ। ਉਸ ਦੀ ਸ਼ਾਇਰੀ ਨਾਰੀ ਦੀ ਪੀੜਾ ਨੂੰ ਚਿਤਰਦੀ ਹੋਈ ਇਸ ਤੋਂ ਅਗਾਂਹ ਚੇਤਨਾ ਤਕ ਦਾ ਸਫਰ ਤਹਿ ਕਰਦੀ ਹੈ। ਇਸ ਤਰ੍ਹਾਂ, ਅਮਰ ਜਿਉਤੀ-ਕਾਵਿ ਵਿਚੋਂ ਇਕ ਜਾਗ੍ਰਿਤ ਤੇ ਚੇਤੰਨ ਨਾਰੀ ਦੇ ਵੀ ਦੀਦਾਰ ਹੁੰਦੇ ਹਨ। ਨਾਰੀ-ਪੁਰਖ ਸੰਬੰਧਾਂ ਦੀਆਂ ਪਰੰਪਰਾਗਤ ਕੀਮਤਾਂ ਨੂੰ ਨਕਾਰਨ ਤੇ ਰੱਦ ਕਰਨ ਵਾਲੀ ਇਹ ਨਾਰੀ ਸਮਾਨਤਾ ਦੇ ਮਾਨਵੀ ਧਰਾਤਲ ਉੱਪਰ ਖਲੋ ਕੇ ਤਰਕ ਵਿਤਰਕ ਦਾ ਰਸਤਾ ਅਖਤਿਆਰ ਕਰਦੀ ਪ੍ਰਤੀਤ ਹੁੰਦੀ ਹੈ। ਇਸ ਤਰਕ ਵਿਤਰਕ ਦੀ ਹੋਂਦ ਦਾ ਮੁਹਾਂਦਰਾ ਸ਼ਰਨ ਮੱਕੜ ਦੀਆਂ ਕੁਝ ਕਵਿਤਾਵਾਂ ਨਾਲ ਮੇਲ ਖਾਂਦਾ ਹੈ। ਉਹ ਵੀ ਨਾਰੀ ਦੀ ਚੇਤਨਾ ਤੇ ਵੇਦਨਾ ਦੀ ਗੱਲ ਕਰਦੀ ਹੋਈ ਪੁਰਸ਼ ਨੂੰ ਤਰਕਸ਼ੀਲ ਰੂਪ ਵਿਚ ਮੁਖਾਤਿਬ ਹੁੰਦੀ ਹੈ। ਉਹ ਅਹੱਲਿਆ ਵਾਂਗ ਹਜ਼ਾਰਾਂ ਸਾਲ ਤਕ ਬੁੱਤ ਬਣ ਕੇ ਨਹੀਂ ਉਡੀਕਣਾ ਚਾਹੁੰਦੀ, ਉਸ ਨੂੰ ਸੀਤਾ ਬਣ ਕੇ ਵਿਚਰਨਾ ਵੀ ਨਾਪਸੰਦ ਹੈ। ਉਹ ਗੌਤਮ ਬੁਧ ਦੀ ਨਹੀਂ ਨਿੱਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਹੁਲ ਦੀ ਪਾਲਣਾ ਕਰਨ ਲਈ ਕੱਲੀਕਾਰੀ ਰਹਿ ਗਈ ਯਸ਼ੋਧਾ ਦੀ ਗੱਲ ਕਰਦੀ ਹੈ। ਉਹ ਇਸ ਗੱਲ ਤੋਂ ਵੀ ਭਲੀ ਭਾਂਤ ਵਾਕਿਫ਼ ਹੈ ਕਿ ਨਾਰੀ ਜਨਮ ਤੋਂ ਅੰਤ ਤਕ ਸਾਰੀ ਉਮਰ ਇਕ ਸੰਤਾਪ ਵਾਂਗ ਹੰਢਾਉਂਦੀ ਹੈ ਅਤੇ ਬੇਕਸੂਰ ਹੋਣ ਦੇ ਬਾਵਜੂਦ ਕਸੂਰਵਾਰ ਗਿਣੀ ਜਾਂਦੀ ਹੈ। ਉਸ ਦੀਆਂ ਸਾਰੀਆਂ ਘਾਲਣਾਵਾਂ ਤੇ ਕੁਰਬਾਨੀਆਂ ਦੇ ਬਾਵਜੂਦ ਉਸ ਦਾ ਮੁੱਲ ਇਕ ਖਿਡੌਣੇ ਤੋਂ ਵੱਧ ਨਹੀਂ ਪੈਂਦਾ। ਜਿਉਤੀ ਦੀ ਵਿਸ਼ੇਸ਼ ਪ੍ਰਾਪਤੀ ਭਾਰਤੀ ਮਿਥਿਹਾਸ ਨਾਲ ਸੰਬੰਧਿਤ ਸੀਤਾ, ਯਸ਼ੋਧਾ ਅਤੇ ਅਹੱਲਿਆ ਦੇ ਸਮਾਨੰਤਰ ਚੇਤਨ ਨਾਰੀ ਦਾ ਬਿੰਬ ਪੇਸ਼ ਕਰਨ ਵਿਚ ਹੈ। ਉਹ ਨਾਰੀ ਦੇ ਸੰਤਾਪੇ ਤੇ ਤਨਾਉ-ਗ੍ਰਸਤ ਅਤੀਤ ਤੋਂ ਵੀ ਵਾਕਿਫ ਹੈ, ਉਸ ਦੇ ਹੁੰਮਸ ਤੇ ਸੰਕਟਾਂ ਭਰਪੂਰ ਵਰਤਮਾਨ ਤੋਂ ਵੀ ਅਤੇ ਉਸ ਦੀ ਭਵਿਖਾਰਥੀ ਮੁਕਤੀ ਲਈ ਲੋੜੀਂਦੇ ਯਤਨਾਂ ਤੋਂ ਵੀ। ਵਰਤਮਾਨ, ਅਤੀਤ ਤੇ ਭਵਿੱਖ ਦੇ ਤੀਹਰੇ ਰਿਸ਼ਤੇ ਵਿਚ ਬੱਝੀ ਹੋਣ ਸਦਕਾ ਹੀ ਉਸ ਦੀ ਕਾਵਿ-ਰਚਨਾ ਆਤਮ-ਪੀੜਾ ਦੇ ਬਿੰਦੂ ਉੱਪਰ ਸਮਾਪਤ ਨਹੀਂ ਹੁੰਦੀ ਸਗੋਂ ਨਾਰੀ ਦੇ ਮਾਂ ਬਣ ਸਕਣ ਦੀ ਸ਼ਕਤੀ ਉਪਰ ਮਾਣ ਕਰਦੀ ਹੈ।

ਮਨਜੀਤ ਪਾਲ ਦੀ ਕਾਵਿ ਰਚਨਾ ਵੀ "ਔਰਤ ਹਾਂ" ਦੇ ਅਹਿਸਾਸ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਇਸ ਕਾਵਿ ਵਿਚ ਪ੍ਰਸਤੁਤ ਨਾਰੀ-ਬਿੰਬ ਚੇਤਨਾ ਭਰਪੂਰ ਤੇ ਜਾਗ੍ਰਿਤ ਹੈ। ਇਸੇ ਸਦਕਾ ਇਹ ਰਵਾਇਤੀ ਤੇ ਪਰੰਪਰਾਗਤ ਮੁੱਲਾਂ ਨੂੰ ਨਕਾਰਦੀ ਹੈ ਅਤੇ ਭਾਵੁਕ-ਉਤੇਜਨਾ ਦਾ ਸ਼ਿਕਾਰ ਵੀ ਨਹੀਂ ਹੁੰਦੀ। ਮਰਦ ਦੇ ਖਿਲਾਫ਼ ਅਖੌਤੀ ਕਿਸਮ ਦੇ ਵਿਦਰੋਹ ਦੀ ਬਜਾਏ ਬਰਾਬਰੀ ਤੇ ਪਛਾਣ ਦੇ ਮਾਨਵੀ ਧਰਾਤਲ ਇਸ ਕਾਵਿ ਵਿਚੋਂ ਪ੍ਰਾਪਤ ਹੁੰਦੇ ਹਨ। ਲੇਖਿਕਾ ਸਾਡੀ ਚੇਤਨਾ ਦਾ ਮੂੰਹ ਹਿੰਦੂ ਮਿਥਿਹਾਸ ਵੱਲ ਮੋੜਦੀ ਹੈ ਜਿਸ ਵਿਚ ਅਰਧ-ਨਾਰੀਸ਼ਵਰ ਦੀ ਧਾਰਣਾ ਪ੍ਰਚਲਿਤ ਸੀ ਅਤੇ ਹਰ ਪ੍ਰਕਾਰ ਦੀ ਸਮਾਜਕ-ਧਾਰਮਿਕ ਰਸਮ ਨਾਰੀ ਦੀ ਸ਼ਮੂਲੀਅਤ ਬਗੈਰ ਅਧੂਰੀ ਸਮਝੀ ਜਾਂਦੀ ਸੀ। ਇੰਜ ਇਕ ਪਾਸੇ ਲੇਖਿਕਾ ਨਾਰੀ ਦੀ ਆਦਰਸ਼ਕ ਸਥਿਤੀ ਦੀ ਕਲਪਨਾ ਕਰਦੀ ਹੈ ਤੇ ਦੂਜਰੇ ਪਾਸੇ ਵਸਤੂ-ਸਥਿਤੀ ਦੀ ਘੋਖ ਪੜਤਾਲ ਵੀ ਕਰਦੀ ਹੈ। ਉਹ ਮਰਦ ਦੇ ਸੰਸਾਰ ਨੂੰ ਅਸਵੀਕਾਰ ਕਰਨ ਦੀ ਬਜਾਏ ਸਾਰੀ ਸਥਿਤੀ ਦਾ ਬੌਧਿਕ ਵਿਸ਼ਲੇਸ਼ਣ ਕਰਨ ਦਾ ਯਤਨ ਕਰਦੀ ਹੈ। ਉਸ ਦੀ ਭਾਸ਼ਾ ਵੀ ਬੌਧਿਕ ਵਿਸ਼ਲੇਸ਼ਣ ਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਕਿਧਰੇ ਸਮਾਜ-ਸਭਿਆਚਾਰਕ ਮੁੱਲਾਂ ਵਿਚ ਨੱਪੀ-ਨੁੜੀ ਨਾਰੀ ਦੀ ਸਥਿਤੀ ਦਾ ਬਿਆਨ ਹੈ, ਕਿਧਰੇ ਉਸ ਨਾਰੀ ਦੀ ਹੋਣੀ ਦਾ ਜ਼ਿਕਰ ਹੈ ਜੋ ਚੁੱਪ ਚਾਪ ਦੁੱਖ ਸਹਿੰਦੀ ਤੇ ਆਪਣੀ ਪੀੜ ਨੂੰ ਬੋਲ ਦੇਣ ਤੋਂ ਝਿਜਕਦੀ ਹੈ। ਕਿਧਰੇ ਆਪਣੇ ਦੁੱਖਾਂ ਤਕਲੀਫ਼ਾਂ ਨੂੰ ਅਣਗੌਲਿਆਂ ਕਰ ਦੂਸਰੇ ਦੀ ਖੁਸ਼ੀ ਨੂੰ ਪਹਿਲ ਦੇਣ ਦੇ ਬਾਵਜੂਦ ਅਨੁਕੂਲ ਵਾਤਾਵਰਣ ਤੋਂ ਵਿਰਵੀ ਨਾਰੀ ਦੀ ਪੀੜਾ ਦਾ ਜ਼ਿਕਰ ਹੈ ਅਤੇ ਕਿਧਰੇ ਪੁਰਸ਼ ਦੀ ਉਸ ਉਲਾਰ ਦ੍ਰਿਸ਼ਟੀ ਉੱਪਰ ਤਿੱਖੀ ਟਿੱਪਣੀ ਹੈ ਜੋ ਨਾਰੀ ਦੇ ਜਿਸਮ ਤੋਂ ਅਗਾਂਹ ਨਹੀਂ ਸਰਕਦੀ। ਨਾਰੀ ਦੇ ਇਕ ਵਿਅਕਤੀ ਵਜੋਂ ਪ੍ਰਵਾਨ ਚੜ੍ਹਣ ਦੀ ਇੱਛਾ ਵੀ ਇਨ੍ਹਾਂ ਕਵਿਤਾਵਾਂ ਵਿਚ ਵਿਦਮਾਨ ਹੈ। ਉਸ ਦੀ ਸਿਰਜਣਾ ਵਿਚ ਵਿਅੰਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਚੋਭ ਉਸ ਸਮੇਂ ਪ੍ਰਚੰਡ ਰੂਪ ਅਖਤਿਆਰ ਕਰਦੀ ਹੈ ਜਦ ਉਹ ਵਰਤਮਾਨ ਸਮਾਜਕ ਮੁੱਲਾਂ ਅਤੇ ਉਸ ਉਲਾਰ ਦ੍ਰਿਸ਼ਟੀ ਨੂੰ ਚਿਤਰਦੀ ਹੈ ਜਿਸ ਵਿਚ ਨਾਰੀ ਦੇ ਸੱਖਣੇ ਤਨ ਜਾਂ ਉਸ ਦੀ ਸਰੀਰਕਤਾ ਨੂੰ ਹੀ ਸਵੀਕ੍ਰਿਤੀ ਮਿਲਦੀ ਹੈ।

ਵਨੀਤਾ ਦੀਆਂ ਕਾਵਿ-ਰਚਨਾਵਾਂ ਵਿਚੋਂ ਵੀ ਤੀਬਰ ਨਾਰੀ-ਸੰਵੇਦਨਾ ਦੀ ਟੋਹ ਮਿਲਦੀ ਹੈ। ਇਹ ਪ੍ਰਤੀਕਮਈ ਕਾਵਿ ਰਚਨਾਵਾਂ ਗੁੱਝੇ ਢੰਗ ਨਾਲ ਨਾਰੀ ਪ੍ਰਤੀ ਅਣਸੁਖਾਵੇਂ ਤੇ ਪ੍ਰਤਿਕੂਲ ਵਾਤਾਵਰਣ ਪ੍ਰਤਿ ਇਸ਼ਾਰੇ ਆਪਣੇ ਅੰਦਰ ਸਮੋਈ ਬੈਠੀਆਂ ਹਨ। ਨਾਰੀ ਦੀ ਸੁਪਨਿਆਂ ਦੀ ਪਗਡੰਡੀ ਉੱਪਰ ਤੁਰਨ ਦੀ ਲੋਚਾ ਪ੍ਰਾਪਤ ਮੁੱਲਾਂ ਪ੍ਰਤਿ ਉਸ ਦੀ ਅਸੰਤੁਸ਼ਟੀ ਦੀ ਪ੍ਰਤੀਕ ਵੀ ਹੈ ਅਤੇ ਨਵੇਂ ਤੇ ਅਨੁਕਲ ਮੁੱਲ ਸਿਰਜਣ ਦੀ ਇੱਛਾ ਦੀ ਵੀ। "ਹਰੀਆਂ ਛਾਵਾਂ" ਪ੍ਰਾਪਤ ਪਦਾਰਥਕ ਸਹੂਲਤਾਂ ਦੀਆਂ ਪ੍ਰਤੀਕ ਹਨ ਪਰ ਇਸ ਐਸ਼ ਆਰਾਮ ਨੂੰ ਉਹ "ਕਬਰ" ਨਾਲ ਤੁਲਨਾਉਂਦੀ ਹੈ। ਇਕ ਢੰਗ ਨਾਲ ਉਹ ਸਾਡੀ ਵਿਆਹ-ਪ੍ਰਣਾਲੀ ਨੂੰ ਵਿਅੰਗ ਦਾ ਵਿਸ਼ਾ ਬਣਾਉਂਦੀ ਹੈ। ਉਹ ਆਪਣੀ ਸ਼ਾਇਰੀ ਵਿਚ ਦਿਸਦੇ ਯਥਾਰਥ ਦੀ ਕਰੂਰਤਾ ਅਤੇ ਉਸ ਵਿਚੋਂ ਪੈਦਾ ਹੋਣ ਵਾਲੀ ਪੀੜਾਂ, ਚੁਭਣ ਤੇ ਤਨਾਉ ਨੂੰ ਪੇਸ਼ ਕਰਦੀ ਹੈ। ਉਸ ਦੀ ਸਿਰਜਣਾ ਦਾ ਪ੍ਰਮੁੱਖ ਬਲ ਅਣਚਾਹੇ ਵਿਆਹ ਅਤੇ ਉਸ ਪਿੱਛੋਂ ਪੈਦਾ ਹੋਈ ਵਿਸ਼ਾਦ-ਭਰਪੂਰ ਸਥਿਤੀ ਉਪਰ ਹੈ। ਬੇਵਿਸ਼ਵਾਸੀ ਅਤੇ ਜਰਨਸ਼ੀਲਤਾ ਉਸ ਦੀ ਰਚਨਾ ਦੀਆਂ ਉਭਰਵੀਆਂ ਸੁਰਾਂ ਹਨ। ਉਹ ਵੀ ਸ਼ਰਨ ਮੱਕੜ ਵਾਂਗ ਪਦਾਰਥਕ ਖੁਸ਼ਹਾਲੀ ਤੇ ਮਾਨਸਿਕ ਅਸੰਤੁਸ਼ਟੀ ਦੇ ਤਨਾਉ ਨੂੰ ਭਰਵੇਂ ਰੂਪ ਵਿਚ ਪੇਸ਼ ਕਰਦੀ ਹੈ। ਉਸ ਦੀ ਕਵਿਤਾ ਵਿਚ ਨਾਰੀ ਦੇ ਕਿਸੇ ਅਣਚਾਹੇ ਮਰਦ ਨਾਲ ਵਿਆਹ-ਸੰਬੰਧਾਂ ਵਿਚ ਨਰੜੇ ਜਾਣ ਪਿੱਛੋਂ ਪੈਦਾ ਹੋਈਆਂ ਸੁੰਞ ਤੇ ਆਤਮ-ਗਿਲਾਨੀ ਦੀਆਂ ਭਾਵਨਾਵਾਂ ਨੂੰ ਅਭਿਵਿਅਕਤੀ ਪ੍ਰਾਪਤ ਹੋਈ ਹੈ। ਵਨੀਤਾ ਕਿਧਰੇ ਵਸਤੂ-ਸਥਿਤੀ ਦਾ ਬੌਧਿਕ ਵਿਸ਼ਲੇਸ਼ਣ ਕਰਦੀ ਹੈ। ਅਤੇ ਕਿਧਰੇ ਉਸ ਸੰਬੰਧੀ ਭਾਵਕ ਤੇ ਵੇਦਨਾ-ਭਰਪੂਰ ਟਿੱਪਣੀਆਂ ਉਚਾਰਦੀ ਹੈ। ਅਜਿਹੇ ਸੰਬੰਧਾਂ ਵਿਚ ਬਹੁਤਾ ਕੁਝ ਸਮਝੌਤੇ ਤੇ ਮਜਬੂਰੀ ਦੀ ਬੁਨਿਆਦ ਉੱਪਰ ਟਿਕਿਆ ਹੁੰਦਾ ਹੈ। ਉਹ ਘਰ ਵਿਚਲੀ ਦਿਸਦੀ ਪਦਾਰਥਕ ਖੁਸ਼ਹਾਲੀ ਰਾਹੀਂ ਘਰ ਅੰਦਰਲੇ ਘਰ ਯਾਨੀ ਮਨ ਅੰਦਰਲੀ ਵੀਰਾਨੀ, ਬੇਅਬਾਦੀ ਤੇ ਬੀਆਬਾਨੀ ਦੇ ਦੀਦਾਰ ਕਰਾਉਂਦੀ ਹੈ। ਇੰਜ ਉਹ ਵੀ ਸ਼ਰਨ ਮੱਕੜ ਵਾਂਗ ਨਾਰੀ ਦੀ ਦਿਸਦੀ ਖੁਸ਼ਹਾਲੀ ਤੇ ਆਬਾਦੀ ਪਿੱਛੇ ਲੁਕੀ ਉਸ ਦੀ ਬਰਬਾਦੀ ਤੇ ਬਦਹਾਲੀ ਨੂੰ ਅਸਲੋਂ ਵਿਰੋਧੀ ਸਥਿਤੀਆਂ ਦੇ ਅੱਗੇ ਪਿੱਛੇ ਰੱਖ ਕੇ ਚਿਤਰਦੀ ਹੈ। ਉਸ ਦੀਆਂ ਕਵਿਤਾਵਾਂ ਵਿਚ ਸਿਰਜਿਤ ਨਾਰੀ ਅੰਦਰ ਵੀ ਇਕ ਸੁਪਨਾ ਜਾਂ ਖਾਹਿਸ਼ ਸਾਹ ਲੈਂਦੀ ਹੈ ਜਿਹੜੀ ਜ਼ਿੰਦਗੀ ਦੇ ਕੁਝ ਪਲਾਂ ਨੂੰ ਆਪਣੀ ਮਰਜ਼ੀ ਤੇ ਇੱਛਾ ਅਨੁਸਾਰ ਜਿਉਣਾ ਲੋਚਦੀ ਹੈ ਪਰੰਤੂ ਉਹ ਸੰਸਕਾਰਾਂ ਦੀਆਂ ਸਲਾਖਾਂ ਵਿਚ ਏਨੀ ਬੁਰੀ ਤਰ੍ਹਾਂ ਜਕੜੀ ਹੋਈ ਹੈ ਕਿ ਉਸ ਨੂੰ ਬਾਹਰ ਦੇ ਆਜ਼ਾਦ ਮਾਹੌਲ ਤੇ ਪ੍ਰਕਿਰਤਕ ਖੁਲ੍ਹ ਦਾ ਅਹਿਸਾਸ ਤਾਂ ਹੁੰਦਾ ਹੈ, ਅੰਦਰ ਬਾਗੀ ਤੇ ਵਿਦਰੋਹੀ ਖਿਆਲ ਪੈਦਾ ਵੀ ਹੁੰਦੇ ਹਨ ਪਰ ਸੰਸਕਾਰਾਂ ਦੀਆਂ ਸਲਾਖਾਂ ਦੀ ਮਜ਼ਬੂਤੀ ਦਾ ਤੀਬਰ-ਤੀਖਣ ਅਹਿਸਾਸ ਵੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਲ ਕੌਰ ਦੀ ਕਾਵਿ-ਰਚਨਾ ਵੀ ਨਾਰੀ ਸੰਵੇਦਨਾ ਦੇ ਦ੍ਰਿਸ਼ਟੀਕੋਣ ਤੋਂ ਇਕ ਮਹੱਤਵ ਪੂਰਨ ਰਚਨਾ ਹੈ ਕਿਉਂਕਿ ਇਹ ਵੀ ਵਰਤਮਾਨ ਸਭਿਆਚਾਰਕ ਰਿਸ਼ਤਿਆਂ ਨਾਲ ਅੰਤਰ-ਕਿਰਿਆ ਵਿਚ ਆਉਣ ਪਿੱਛੋਂ ਪੈਦਾ ਹੋਣ ਵਾਲੇ ਤਨਾਉ ਨੂੰ ਚਿਤਰਦੀ ਹੈ। ਲੇਖਿਕਾ ਦਾ ਪ੍ਰਮੁੱਖ ਬਲ ਨਾਰੀ ਦੇ ਵਿਸ਼ਾਦ ਤੇ ਦੁਖਾਂਤ ਉੱਪਰ ਹੈ। ਉਸ ਵਲੋਂ ਪੇਸ਼ ਨਾਰੀ ਸਭਿਆਚਾਰਕ ਰਿਸ਼ਤਿਆਂ, ਮੁੱਲਾਂ, ਪਰੰਪਰਾਵਾਂ ਅਤੇ ਪੁਰਸ਼-ਪ੍ਰਧਾਨ ਸਮਾਜ ਦੇ ਜ਼ੁਲਮਾਂ ਨੂੰ ਨਾ ਸਿਰਫ਼ ਨਾਕਬੂਲ ਹੀ ਕਰਦੀ ਹੈ ਬਲਕਿ ਉਨ੍ਹਾਂ ਦਾ ਖੁਲ੍ਹਆਮ ਵਿਰੋਧ ਵੀ ਕਰਦੀ ਹੈ। ਆਪਣੇ ਵਿਦਰੋਹੀ ਅਤੇ ਸੰਵੇਦਨਸ਼ੀਲ ਸੁਭਾਅ ਸਦਕਾ ਉਹ ਆਪਣੇ ਆਲੇ ਦੁਆਲੇ ਤੋਂ ਟੁੱਟ ਜਾਂਦੀ ਹੈ। ਪਾਲ ਕੌਰ ਨਾਰੀ ਦੇ ਦੁੱਖ, ਸੰਤਾਪ, ਵਿਸ਼ਾਦ ਤੇ ਤਨਾਉ ਨੂੰ ਇਕ ਨਾ ਟਾਲੀ ਜਾਣ ਵਾਲੀ ਹੋਣੀ ਦੇ ਰੂਪ ਵਿਚ ਪੇਸ਼ ਕਰਦੀ ਹੈ। ਇਸ ਹੋਣੀ ਦੇ ਵਾਪਰਣ ਦੇ ਕਾਰਣ ਦੈਵੀ ਨਹੀਂ ਸਗੋਂ ਸਭਿਆਚਾਰਕ ਹਨ। ਉਸ ਵਲੋਂ ਸਿਰਜਿਤ ਨਾਰੀ ਇਸ ਸਭ ਕੁਝ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ ਪਰੰਤੂ ਸਭਿਆਚਾਰਕ ਕੀਮਤਾਂ ਦੀ ਪਕੜ ਤੇ ਜਕੜ ਵਿਚ ਤਨਾਉ ਤੇ ਦੁਖਾਂਤ ਭੋਗ ਰਹੀ ਹੈ। ਨਾਰੀ ਹੋਣਾ ਵੀ ਸ੍ਵੈ-ਗਿਲਾਨੀ ਤੇ ਸੰਤਾਪ ਦਾ ਕਾਰਣ ਹੈ ਅਤੇ ਇਸੇ ਸਦਕਾ ਉਸ ਨੂੰ ਆਪਣਾ ਆਪਾ, ਇਕ ਭਾਰ, ਇਕ ਬੋਝ, ਇਕ ਸਰਾਪ ਪ੍ਰਤੀਤ ਹੁੰਦਾ ਹੈ। ਪਾਲ ਕੌਰ ਦੀਆਂ ਕਵਿਤਾਵਾਂ ਦੀ ਪਾਤਰ ਨਾਰੀ ਕੁਲਦੀਪ ਕਲਪਨਾ ਵਲੋਂ ਸਿਰਜਿਤ ਨਾਰੀ ਵਾਂਗ ਹਾਲਾਤ ਦੀ ਵਿਕਰਾਲਤਾ ਤੋਂ ਬੇਜ਼ਾਰ ਹੋ ਕੇ ਨਿਰੰਤਰ ਅੰਦਰ ਵੱਲ ਧਸਦੀ ਪ੍ਰਤੀਤ ਹੁੰਦੀ ਹੈ। ਉਹ ਭਟਕਣਾ ਅਤੇ ਜ਼ੁਲਮ ਤੋਂ ਬਚਣ ਲਈ ਆਦਰਸ਼ਕ ਸੁਪਨੇ ਬੁਣਦੀ ਹੋਈ ਅਨੁਕੂਲ ਵਾਤਾਵਰਣ, ਅਤੇ ਬਨਾਵਟ ਤੇ ਢੌਂਗ ਰਹਿਤ ਰਿਸ਼ਤਿਆਂ ਦੀ ਲੋਚਾ ਵੀ ਕਰਦੀ ਹੈ।

ਬਚਿੰਤ ਕੌਰ ਦੀ ਸ਼ਾਇਰੀ ਵੀ ਨਾਰੀ ਦੇ ਨਾਰੀ ਹੋਣ ਵਿਚੋਂ ਪੈਦਾ ਹੋਣ ਵਾਲੇ ਸੰਕਟ, ਨਾ ਬਰਾਬਰੀ ਭਰਪੂਰ ਸਮਾਜਕ ਮੁੱਲਾਂ ਅਤੇ ਘਰੇਲੂ ਤੇ ਦਫ਼ਤਰੀ ਜਿੰਮੇਵਾਰੀ ਨਿਭਾਉਣ ਸਦਕਾ ਪੈਦਾ ਹੋਣ ਵਾਲੀਆਂ ਨਾਰੀ ਦੀਆਂ ਮਾਨਸਿਕ ਪਰੇਸ਼ਾਨੀਆਂ ਨੂੰ ਆਪਣੀ ਸਿਰਜਣਾ ਦਾ ਧੁਰਾ ਥਾਪਦੀ ਹੈ। ਕਈ ਵਾਰ ਇਸ ਰਚਨਾ ਉੱਪਰ ਨਾਰੀ-ਪੀੜਾ ਦੇ ਪ੍ਰਦਰਸ਼ਨ ਦੀ ਸੁਰ ਭਾਰੀ ਹੋ ਜਾਂਦੀ ਹੈ।

ਕੁਲਦੀਪ ਗਿੱਲ ਦੀ ਕਾਵਿ-ਰਚਨਾ ਵਿਚ ਨਾਰੀ ਨਾਲ ਹੁੰਦੀਆਂ ਵਧੀਕੀਆਂ, ਉਸ ਦੇ ਜਜ਼ਬਿਆਂ ਦੇ ਕਤਲ, ਵਧੀਕੀਆਂ ਵਿਚੋਂ ਪੈਦਾ ਹੁੰਦੀ ਭਟਕਣਾ, ਮਹਿਰੂਮੀਅਤ ਦਾ ਅਹਿਸਾਸ, ਇਕੱਲਤਾ, ਵਿਜੋਗ ਅਤੇ ਉਦਾਸੀ ਆਦਿ ਭਾਵਨਾਵਾਂ ਪ੍ਰਗਟ ਹੋਈਆਂ ਹਨ। ਇਸ ਤੋਂ ਇਲਾਵਾ ਪੂਰਨਤਾ, ਤ੍ਰਿਪਤੀ, ਸਕੂਨ ਅਤੇ ਖੁਸ਼ੀ-ਪ੍ਰਾਪਤੀ ਦੀ ਤਲਾਸ਼ ਵਿਚ ਭਟਕਦੀ ਨਾਰੀ ਦਾ ਬਿੰਬ ਇਸ ਰਚਨਾ ਵਿਚੋਂ ਵੇਖਣ ਨੂੰ ਮਿਲਦੀ ਹੈ। ਪਰੰਪਰਾ ਤੇ ਸੰਸਕਾਰਾਂ ਵਿਚ ਜਕੜੀ ਨਾਰੀ ਇਸ ਕਾਵਿ ਵਿਚ ਕਰੂਰ ਸਮਾਜਕ ਮੁੱਲਾ ਤੇ ਹਾਦਸਿਆਂ ਦਾ ਸ਼ਿਕਾਰ ਹੈ ਅਤੇ ਭਾਵੁਕ ਪੱਧਰ ਉੱਪਰ ਅਤ੍ਰਿਪਤ ਅਹਿਸਾਸ ਦੇ ਤਨਾਉ ਨੂੰ ਭੋਗਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਲ ਮਿਲਾ ਕੇ ਇਨ੍ਹਾਂ ਇਸਤਰੀ ਕਵੀਆਂ ਵਲੋਂ ਸਿਰਜਿਤ ਕਾਵਿ-ਰਚਨਾਵਾਂ ਨਾਰੀ ਹੋਣ ਦੇ ਅਹਿਸਾਸ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦੀਆਂ ਹੋਈਆਂ ਉਸ ਦੇ ਸੰਤਾਪ ਤੇ ਵਿਸ਼ਾਦ ਦੇ ਵਿਭਿੰਨ ਪਾਸਾਰਾਂ ਨੂੰ ਇਤਿਹਾਸਕ ਤੇ ਮਿਥਿਹਾਸਕ ਪ੍ਰਸੰਗਾਂ ਦੀ ਸਹਾਇਤਾ ਨਾਲ ਸਾਕਾਰ ਕਰਦੀਆਂ ਹਨ। ਭਾਵੇਂ ਕਈ ਥਾਂ ਇਸ ਕਾਵਿ ਵਿਚੋਂ ਭਾਵੁਕ ਉਤੇਜਨਾ, ਮਰਦ ਜ਼ਾਤ ਪ੍ਰਤਿ ਕੌੜੀ ਪ੍ਰਤਿਕਿਰਿਆ ਤੇ ਉਪਭਾਵੁਕ ਵਿਦਰੋਹ ਦਿਖਾਈ ਦੇਂਦਾ ਹੈ ਪਰੰਤੂ ਕੁਲ ਮਿਲਾ ਕੇ ਇਨ੍ਹਾਂ ਰਚਨਾਵਾਂ ਵਿਚ ਪ੍ਰਸਤੁਤ ਨਾਰੀ ਸੰਤੁਲਿਤ, ਸਮਾਨਤਾ ਭਰਪੂਰ ਤੇ ਆਪਣੀ ਪਛਾਣ ਦੇ ਮਾਨਵੀ ਧਰਾਤਲ ਉੱਪਰ ਉੱਸਰੇ ਜੀਵਨ ਦੀ ਤਲਾਸ਼ ਵੱਲ ਰੁਚਿਤ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਾਇਕ ਪੁਸਤਕ ਸੂਚੀ

ਪੰਜਾਬੀ

ਅਤਰ ਸਿੰਘ, **ਕਾਵਿ-ਅਧਿਐਨ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1959.

——, **ਸਾਹਿਤ ਸੰਵੇਦਨਾ**, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984.

ਅਮਰ ਜਿਉਤੀ, **ਮਾਰੂਥਲ ਵਿਚ ਤੁਰਦੇ ਪੈਰ**, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1985.

——, **ਮੈਨੂੰ ਸੀਤਾ ਨਾ ਕਹੋ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988.

ਅੰਮ੍ਰਿਤਾ ਪ੍ਰੀਤਮ, **ਠੰਡੀਆਂ ਕਿਰਣਾਂ**, ਗੁਰਮਤ ਟ੍ਰੈਕਟ ਸੋਸਾਇਟੀ, ਲਾਹੌਰ, ਅਗਸਤ-ਸਤੰਬਰ, 1935.

——, **ਅੰਮ੍ਰਿਤ ਲਹਿਰਾਂ**, ਅਮੋਲਕ ਰਤਨ ਭੰਡਾਰ, ਲਾਹੌਰ, 1936.

——, **ਜੀਉਂਦਾ ਜੀਵਣ**, ਕੁਮਰਸ਼ਲ ਪ੍ਰਿੰਟਿੰਗ ਵਰਕਸ, ਲਾਹੌਰ, 1940.

——, **ਤ੍ਰੇਲ ਧੋਤੇ ਫੁੱਲ**, ਲਾਹੌਰ ਬੁੱਕ ਸ਼ਾਪ, ਲਾਹੌਰ, 1941.

——, **ਓ ਗੀਤਾਂ ਵਾਲਿਆ**, ਲਾਹੌਰ ਬੁੱਕ ਸ਼ਾਪ, ਲਾਹੌਰ, 1942.

——, **ਬੱਦਲਾਂ ਦੇ ਪੱਲੇ ਵਿਚ**, ਲਾਹੌਰ ਬੁੱਕ ਸ਼ਾਪ, ਲਾਹੌਰ, 1943.

——, **ਸੰਝ ਦੀ ਲਾਲੀ**, ਲਾਹੌਰ ਬੁੱਕ ਸ਼ਾਪ, ਲਾਹੌਰ, 1943.

——, **1943 ਤਕ ਦੀ ਚੋਣਵੀਂ ਕਵਿਤਾ**, ਲਾਹੌਰ ਬੁੱਕ ਸ਼ਾਪ, ਲਾਹੌਰ, 1943.

——, **ਨਿੱਕੀ ਜਿਹੀ ਸੁਗਾਤ**, ਰਾਮਸਰਨ ਦਾਸ ਕੁਮਰਸ਼ਲ ਪ੍ਰੈਸ, ਲਾਹੌਰ, 1944.

——, **ਲੋਕ-ਪੀੜ**, ਲਾਹੌਰ ਬੁੱਕ ਸ਼ਾਪ, ਲਾਹੌਰ, 1944.

——, **ਪੱਥਰ ਗੀਟੇ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1946.

——, **ਲੰਮੀਆਂ ਵਾਟਾਂ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1949.

——, **ਮੈਂ ਤਵਾਰੀਖ ਹਾਂ ਹਿੰਦ ਦੀ**, ਨਵਯੁਗ ਪਬਲਿਸ਼ਰਜ਼, ਦਿੱਲੀ, 1950.

——, **ਸਰਘੀ ਵੇਲਾ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 1951.

——, **ਨਵੀਂ ਸਵੇਰ**, ਨਵਯੁਗ ਪਬਲਿਸ਼ਰਜ਼, ਦਿੱਲੀ, ਮਿਤੀਹੀਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

——, **ਸੁਨੇਹੜੇ**, ਨਵਯੁਗ ਪਬਲਿਸ਼ਰਜ਼, ਦਿੱਲੀ, 1955.
——, **ਅਸ਼ੋਕਾਚੇਤੀ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1957.
——, **ਕਸਤੂਰੀ**, ਨਵਯੁਗ ਪ੍ਰੈਸ, ਦਿੱਲੀ, 1959.
——, **ਨਾਗਮਣੀ**, ਨਵਯੁਗ ਪ੍ਰੈਸ, ਦਿੱਲੀ, 1964.
——, **ਕਾਗਜ਼ ਤੇ ਕੈਨਵਸ ਤੋਂ ਪਹਿਲਾਂ**, ਨਵਯੁਗ ਪਬਲਿਸ਼ਰਜ਼, ਦਿੱਲੀ, 1971.
——, **ਮੈਂ ਜ਼ਮਾਂ ਤੂੰ**, ਨਾਗਮਣੀ ਪ੍ਰਕਾਸ਼ਨ, ਦਿੱਲੀ, 1977.
——, **ਕਾਗਜ਼ ਤੇ ਕੈਨਵਸ**, ਨਵਯੁਗ ਪਬਲਿਸ਼ਰਜ਼, ਦਿੱਲੀ, ਦੂਜੀ ਵਾਰ, 1980.
——, **ਰਸੀਦੀ ਟਿਕਟ**, ਨਾਗਮਣੀ ਪ੍ਰਕਾਸ਼ਨ, ਨਵੀਂ ਦਿੱਲੀ, 1977.
——, **ਔਰਤ ਇਕ ਦ੍ਰਿਸ਼ਟੀਕੋਣ**, ਨਾਗਮਣੀ ਪ੍ਰਕਾਸ਼ਨ, ਨਵੀਂ ਦਿੱਲੀ, ਮਿਤੀਹੀਨ.
ਏਂਗਲਜ, ਫ., **ਟੱਬਰ, ਨਿੱਜੀ ਜਾਇਦਾਦ ਤੇ ਰਾਜ ਦੀ ਉਤਪਤੀ**, ਪ੍ਰਗਤੀ ਪ੍ਰਕਾਸ਼ਨ, ਮਾਸਕੋ, 1978.
ਸਵਰਨ ਚੰਦਨ, **ਸੰਵੇਦਨਾ ਤੇ ਸਾਹਿਤ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1987.
ਸਵੈਸਾਚੀ, **ਸੂਹੀ ਸਵੇਰ** (ਅਨੁ. ਗੁਰਬਖ਼ਸ਼ ਜੱਸ), ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ (ਮਿਤੀਹੀਨ)।
ਸਤਿੰਦਰ ਸਿੰਘ, **ਆਧੁਨਿਕ ਪੰਜਾਬੀ ਕਾਵਿ ਰੂਪ-ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980.
ਸੁਤਿੰਦਰ ਸਿੰਘ ਨੂਰ, **ਨਵੀਂ ਪੰਜਾਬੀ ਕਵਿਤਾ : ਸੀਮਾ ਤੇ ਸੰਭਾਵਨਾ**, ਵਿਦਵਾਨ ਪ੍ਰਕਾਸ਼ਨ, ਅੰਬਾਲਾ ਛਾਉਣੀ, 1970.
ਸੰਤ ਸਿੰਘ ਸੇਖੋਂ, **ਸਾਹਿਤਿਆਰਥ**, ਲਾਹੌਰ ਬੁੱਕ ਸ਼ਾਪ, ਲੁਧਿਆਣਾ 1957.
ਸ਼ਰਨ ਮੱਕੜ, **ਅਪਰਾਧ ਦਾ ਸ਼ਗਨ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1976.
——, **ਕਦੋਂ ਕੋਈ ਆਏਗਾ**, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, 1981.
——, **ਚੇਤਨਾ ਦੀ ਮਿੱਟੀ**, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, 1986.
—— **ਰਿਸ਼ਤਿਆਂ ਦੀ ਪ੍ਰਕਰਮਾ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1987.
ਹਰਚਰਨ ਕੌਰ, **ਅੰਮ੍ਰਿਤਾ ਪ੍ਰੀਤਮ-ਕਾਵਿ ਦਾ ਸਿਸਟਮੀ ਅਧਿਐਨ**, ਆਰਸੀ ਪਬਲਿਸ਼ਰਜ਼, ਦਿੱਲੀ, 1986.
ਹਰਿਭਜਨ ਸਿੰਘ, **ਅਧਿਅਨ ਅਤੇ ਅਧਿਆਪਨ**, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1970.
——, **ਸਾਹਿਤ ਤੇ ਸਿਧਾਂਤ**, ਸੀਮਾ ਪ੍ਰਕਾਸ਼ਨ, ਜਲੰਧਰ, 1973.
——, **ਮੁੱਲ ਤੇ ਮੁਲੰਕਣ**, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1972.
——, **ਸਾਹਿਤ ਸ਼ਾਸਤਰ**, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1973.
——, **ਪਾਰਗਾਮੀ**, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1974.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

——, **ਸਾਹਿਤ ਵਿਗਿਆਨ**, ਨਵਚੇਤਨ, ਪਬਲਿਸ਼ਰਜ਼, ਅੰਮ੍ਰਿਤਸਰ, 1979.

ਕਮਲ ਇਕਾਰਸ਼ੀ, **ਪ੍ਰੇਤ ਪਿਆਸ**, ਨਵਯੁਗ ਪਬਲਿਸ਼ਰਜ਼, ਦਿੱਲੀ, 1986.

ਕੁਲਦੀਪ ਗਿੱਲ, **ਅਧੂਰੀ ਕੈਨਵਸ**, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1986.

ਕਿਰਪਾਲ ਸਿੰਘ ਕਸੇਲ, **ਪੰਜਾਬੀ ਸਾਹਿਤ ਦਾ ਇਤਿਹਾਸ** (ਭਾਗ ਦੂਜਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1972.

ਕਿਰਪਾਲ ਕੌਰ, **ਮਮਤਾ**, ਅਜੰਤਾ ਪ੍ਰਕਾਸ਼ਨ, ਅੰਮ੍ਰਿਤਸਰ, 1978.

ਕੁਲਦੀਪ ਕਲਪਨਾ, **ਬਸਤੀ ਤੇ ਸ਼ਹਿਰਾ**, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, ਮਿਤੀਹੀਨ.

——, **ਜਗਦੇ ਬੁਝਦੇ ਜਜ਼ੀਰੇ**, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, 1980.

ਕੈਲਾਸ਼ ਪੁਰੀ, **ਬਿਬਿਨੀ**, ਆਰਸੀ ਪਬਲਿਸ਼ਰਜ਼, ਦਿੱਲੀ, 1986.

ਗੁਰਚਰਨ ਸਿੰਘ ਅਰਸ਼ੀ, **ਸਮੀਖਿਆ ਦ੍ਰਿਸ਼ਟੀਆਂ**, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1985.

ਗੁਰਬਚਨ, **ਚਿਹਨ, ਸੰਰਚਨਾ ਤੇ ਮਾਰਕਸਵਾਦ**, ਰਘਬੀਰ ਰਚਨਾ ਪ੍ਰਕਾਸਨ, ਚੰਡੀਗੜ੍ਹ, 1985.

ਜਸਬੀਰ ਸਿੰਘ ਆਹਲੂਵਾਲੀਆ, **ਪ੍ਰਯੋਗਸ਼ੀਲ ਪੰਜਾਬੀ ਕਵਿਤਾ ਅਨੁਭਵ ਤੇ ਆਲੋਚਨਾ**, ਪੰਜਾਬੀ ਸਾਹਿਤ ਪ੍ਰਯੋਗ ਅਕਾਡਮੀ, ਮਿਤੀਹੀਨ,

ਤੇਜ ਕੌਰ ਤੇਜ **ਤੇਜ ਸਤਾਰੇ** ਸੇਵਕ ਸਾਹਿਤ ਭਵਨ, ਦਿੱਲੀ 1959.

ਤ੍ਰਿਪਤ ਕੌਰ, **ਦੂਰ ਪਿਆ ਕੋਈ ਗਾਵੇ**, ਸੇਵਕ ਸਾਹਿਤ ਭਵਨ, ਦਿੱਲੀ 1959.

ਨਿਰੂਪਮਾ ਕੌਰ, **ਅਨੰਤ ਦੇ ਖੰਡਿਤ ਹੋਣ ਤਕ**, ਵਿਕੇਂਦ੍ਰਿਤ ਗਰੁਪ ਆਫ਼ ਪਬਲੀਕੇਸ਼ਨਜ਼, ਦਿੱਲੀ, 1985.

ਪ੍ਰਭਜੋਤ ਕੌਰ, **ਲਟ ਲਟ ਜੋਤ ਜਗੇ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1943.

——, **ਪਲਕਾਂ ਓਹਲੇ**, ਬੇਕਲ ਬੁੱਕ ਏਜੰਸੀ, ਅੰਮ੍ਰਿਤਸਰ, 1944.

——, **ਅਜ਼ਲ ਤੋਂ**. ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1946.

——, **ਕੁਝ ਹੋਰ**, ਮਾਡਰਨ ਪਬਲੀਕੇਸ਼ਨ, ਲਾਹੌਰ, 1946.

——, **ਸੁਪਨੇ ਸੱਧਰਾਂ**, ਸਿੱਖ ਪਬਲਿਸਿੰਗ ਹਾਊਸ, ਅੰਮ੍ਰਿਤਸਰ, 1949.

——, **ਖਾੜੀ**, ਨਵਯੁਗ ਪਬਲਿਸ਼ਰਜ਼, ਦਿੱਲੀ 1967.

——, **ਬਣਕਪਾਸੀ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970.

——, **ਵਡਦਰਸ਼ੀ ਸ਼ੀਸ਼ਾ**, ਨਵਯੁਗ ਪਬਲਿਸ਼ਰਜ਼, ਦਿੱਲੀ, 1973.

——, **ਮਾਧਿਆਂਤਰ**, ਵਿਕੇਂਦ੍ਰਿਤ ਗਰੁਪ ਆਫ ਪਬਲੀਕੇਸ਼ਨਜ਼, ਨਵੀਂ ਦਿੱਲੀ, 1974.

——, **ਚੰਦਰਯੁਗ**, ਨਵਯੁਗ ਪਬਲਿਸ਼ਰਜ਼, ਦਿੱਲੀ, 1977.

——, **ਪੱਬੀ**, ਆਰਸੀ ਪਬਲਿਸ਼ਰਜ਼, ਦਿੱਲੀ, ਦੂਸਰੀ ਵਾਰ, 1985.

——, **ਇਸ਼ਕ ਸ਼ਰ੍ਹਾ ਕੀ ਨਾਤਾ**, ਪੰਜਾਬੀ ਰਾਈਟਰਜ਼ ਕੋਆਪਰੇਟਿਵ, ਦਿੱਲੀ, 1985.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਚਿੰਤ ਕੌਰ, **ਇਕ ਬਲੌਰੀ ਹੰਝੂ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਨਵੀਂ ਦਿੱਲੀ, 1985.

ਬਲਜੀਤ ਤੁਲਸੀ, **ਪਾਰਸ ਟੋਟੇ**, ਸਿੱਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1954.

——, **ਨੀਲ ਕਮਲ**, ਨਵਯੁਗ ਪਬਲਿਸ਼ਰਜ਼, ਦਿੱਲੀ, 1955.

——, **ਮੌਲਸਰੀ**, ਸਿੱਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1958.

——, **ਪ੍ਰੇਮਾਂਜਲੀ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1959.

——, **ਸ਼ਹੀਦੀ ਵਾਰਾਂ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1967.

ਮਹਿੰਦਰ ਕੌਰ ਗਿੱਲ, **ਕਾਤਰਾਂ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਇੰਡਸਟ੍ਰੀਅਲ ਸੋਸਾਇਟੀ, ਨਵੀਂ ਦਿੱਲੀ, 1977.

——, **ਹੁਣ ਤੂੰ ਸਾਲਗ੍ਰਾਮ ਨਹੀਂ**, ਆਰਸੀ ਪਬਲਿਸ਼ਰਜ਼, ਦਿੱਲੀ, 1982.

——, **ਅੰਤਰਮੁਖੀ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1986.

——, **ਹਵਾ ਠਹਿਰ ਗਈ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1988.

ਮਨਜੀਤ ਇੰਦਰਾ, **ਅੰਤਹਕਰਣ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1974.

——, **ਕਾਲਾ ਬਾਗ਼**, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1985.

ਮਨਜੀਤ ਟਿਵਾਣਾ, **ਇਲਹਾਮ**,, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, 1976.

——, **ਇਲਜ਼ਾਮ**, ਨਿਊ ਏਜ ਬੁਕ ਸੈਂਟਰ, ਅੰਮ੍ਰਿਤਸਰ, 1980.

——, **ਉਨ੍ਹੀਂਦਾ ਵਰਤਮਾਨ**, ਨਵਯੁਗ ਪਬਲਿਸ਼ਰਜ਼ ਦਿੱਲੀ, 1987.

ਮਨਜੀਤ ਪਾਲ, **ਰੇਤ ਦਾ ਸਮੁੰਦਰ**, ਮਾਡਰਨ ਪਬਲਿਸ਼ਰਜ਼, ਦਿੱਲੀ, 1985.

ਲੈਨਿਨ, **ਔਰਤਾਂ ਦੀ ਬੰਦ-ਖਲਾਸੀ ਬਾਰੇ**, ਪੰਜਾਬ ਬੁਕ ਸੈਂਟਰ, ਚੰਡੀਗੜ੍ਹ ਮਿਤੀਹੀਨ।

ਹਿੰਦੀ

ਮਨੂਸਿਮ੍ਰਤੀ, ਪੁਸਤਕ ਮੰਦਿਰ, ਮਥੁਰਾ, ਸੰਮਤ 2019.

ਅੰਗਰੇਜ਼ੀ

Abel, Elizabeth (ed.), *Writing and Sexual Difference*, Harvester Press, Brighton, 1982

Abrams, M. H., *The Mirror and the Lamp*, Oxford University Press, N. Y., 1971.

Adams, Hazard, *The Contexts of Poetry*, Methuen & Co. Ltd., London, 1965.

Ahluwalia, Jasbir Singh, *Tradition and Experiment in Modern*

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Punjabi Poetry, Bawa Publishing House, Ferozepore, 1960.

Barrett, Michele, *Women's Oppression Today : Problems in Marxist Feminist Analysis*, Verso Editions, London, 1980.

Bebel, August, *Woman in the Past, Present and Future*, National Book Centre, New Delhi, 1976.

Belsey, Catherine, *Critical Practice*, Methuen & Co., Ltd., London, 1980.

Bennet, Tony, *Formalism And Marxism*, Methuen & Co., Ltd., London, 1979.

Culler, Jonathan, "Reading as a Woman", *On Deconstruction : Theory and Criticism after structuralism*, Routledge & Kegan Paul, London, 1983.

de Beauvoir, Simone, *The Second Sex*, H. M. Parshley (trans.), Bantam Books, New York, 1949,

Donovan, Josephine (ed.), *Feminist Literary Criticism : Explorations in Theory*, Kentucky University Press, Lexington, 1975.

Eagleton, Terry, *Marxism & Literary Criticism*, Methuen & Co. Ltd, London, 1977.

——, *Criticism and Ideology*, Methuen & Co., Ltd., 1980.

Eisenstein, Hester, *Contemporary Feminist Thought*, Unwin, London, 1984.

Ellmann, Mary, *Thinking about Women*, Virago, London, 1979.

Falk, Eugene H., *The Types of Thematic Structure*, The University of Chicago, 1967.

Fetterly, Judith, *The Resisting Reader, A Feminist Approach to American Fiction*, Indiana University Press, 1978.

Firestone, Shulamith, *The Dialectic of Sex*, Women's Press, London, 1979.

Gallop, Jane, *Feminism and Psychoanalysis : The Daughter's Seduction*, Macmillan, London, 1982.

Greene, Gayle & Coppelia Kahn (eds.), *Making a Difference Feminist Literary Criticism*, Methuen & Co. Ltd., London, 1985.

Harbans Singh, *Aspects of Punjabi Literature*, Bawa Publishing

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Hous :, Ferozepore Cantt., 1961.

Jacobus, Mary (ed.), *Women Writing and Writing about Women*, Croom Helm, London and Barnes & Noble, New York, 1979.

Jefferson, Ann and David Robey (eds.), *Modern Literary Theory*, B. T. Batsford Ltd., London, 1982.

Lunacharsky, A., *On Literature And Art*, Progress Publishers, Moscow, 1965.

Mark Elaine and de Courtivron, Isabelle (eds.), *New French Feminisms : An Anthology*, Harvester Press, Brighton, 1981.

Marx and Engels, *On Literature And Art*, Progress Publishers, Moscow, 1976.

Millet, Kate, *Sexual Politics*, Virago, London, 1977.

Mitchell, Juliet, *Psychoanalysis and Feminism*, Penguin, Harmonds worth, 1975.

Plekhanov. G,, *Fundamental Problems of Marxism*, Progress Publishers, Moscow, 1974.

Ruthven, K. K., *Feminist Literary Studies : an Introduction*, Cambridge University Press, Cambridge, 1984.

Selden, Raman, *Contemporary Literary Theory*, The Harvester Press, Great Britan, 1985.

Serebriakov, I., *Punjabi Literature : A brief outline*, Nauka Publishing House, Moscow, 1968.

Trotsky, Leon, *Literature and Revolution*, The University of Michigan Press, U. S. A,, 1968.

Woolf, Varginia, *Women and Writing*, Women's Press, London, 1979.

Zis, Avner, *Foundations of Marxist Aesthetics*, Progress Publishers, Moscow, 1977.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਦਰਭ ਪੁਸਤਕਾਂ

ਪੰਜਾਬੀ

ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1974.

ਡਾ. ਨਗੇਂਦ੍ਰ (ਸੰਪ.) ਮਾਨਵਿਕੀ ਪਰਿਭਾਸ਼ਿਕ ਕੋਸ਼ (ਸਾਹਿਤਯ ਖੰਡ), ਰਾਜਕਮਲ ਪ੍ਰਕਾਸ਼ਨ, ਦਿੱਲੀ, 1965.

ਅੰਗਰੇਜ਼ੀ

Princeton Encyclopaedia of Poetry and Poetics, Princeton University Press, 1975.

8267

ਪੱਤਰਕਾਵਾਂ ਤੇ ਅਖ਼ਬਾਰ

ਆਰਸੀ, ਦਿੱਲੀ, ਅਕਤੂਬਰ 1986, ਸਤੰਬਰ 1987.

ਸੰਵਾਦ, ਕਨੇਡਾ, ਨਵੰਬਰ 1989.

ਖੋਜ ਦਰਪਣ, ਅੰਮ੍ਰਿਤਸਰ, ਜੁਲਾਈ 1974, ਜੁਲਾਈ 1977, ਜੁਲਾਈ 1978, ਜਨਵਰੀ 1985.

ਦ੍ਰਿਸ਼ਟੀ, ਜਲੰਧਰ, ਅਕਤੂਬਰ 1975.

ਵਿਕੇਂਦ੍ਰਿਤ, ਦਿੱਲੀ, ਮਈ 1978, ਜੂਨ 1978, ਜੂਨ 1980, ਦਸੰਬਰ 1987.

ਪੰਜਾਬੀ ਟ੍ਰਿਬਿਊਨ, 10 ਨਵੰਬਰ 1985.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Accession
Class no.
Call no.
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

nal Foundation C

ऋग्वेद-भाष्य-भूमिका

स्वामिदयानन्द सरस्वती

n. Gurukul Kang